# ਪ੍ਰਸੰਗ ਕੌਰਵ ਸਭਾ

(ਪੁਸਤਕ ਦੇ ਮੂਲ ਲੇਖ)

ਅਮਰਜੀਤ ਸਿੰਘ ਗਰੇਵਾਲ

ਪਹਿਲੀ ਵਾਰ: **2006**

## ਤਰਤੀਬ

ਨਿਆਂ ਦੀ ਰਾਜਨੀਤੀ

ਸਿਹਤ ਦੀ ਰਾਜਨੀਤੀ

ਸਮਾਜਕ ਤਬਦੀਲੀ ਦੀ ਰਾਜਨੀਤੀ

ਬਹੁਵਾਦੀ ਜਮ੍ਹੂਰੀਅਤ ਦੀ ਕ੍ਰਾਂਤੀਕਾਰੀ ਲਹਿਰ

# ਨਿਆਂ ਦੀ ਰਾਜਨੀਤੀ

ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਬਾਰੇ ਆਪਣੇ ਪਰਚੇ 'ਕੌਰਵ ਸਭਾ ਦਾ ਸਮੱਸਿਆਕਾਰ ਅਤੇ ਨਾਵਲੀ-ਬਿਰਤਾਂਤ' ਦੇ ਅਖੀਰ ਵਿਚ ਡਾ. ਗੁਰਪਾਲ ਸਿੰਘ ਸੰਧੂ ਇਹ ਸਿੱਟਾ ਕੱਢਦੇ ਹਨ, "ਕੌਰਵ ਸਭਾ ਸਮਕਾਲੀ ਪੰਜਾਬੀ ਨਾਵਲ ਵਿਚ ਗੰਭੀਰਤਾ ਨਾਲ ਅਤੇ ਵੱਖਰੇ ਕਿਸਮ ਦੀ ਵਿਸ਼ਲੇਸ਼ਨੀ ਵਿਧੀ ਨਾਲ ਸਮਝੇ ਜਾਣ ਵਾਲੀ ਰਚਨਾ ਹੈ। ਇਸ ਨੂੰ ਪਰੰਪਰਾਗਤ ਢੰਗ ਨਾਲ ਪੜ੍ਹਨਾ, ਸਮਝਣਾ ਅਤੇ ਇਸ ਦਾ ਮੁਲਾਂਕਣ ਪੇਸ਼ ਕਰਨਾ, ਇਸਦੇ ਅਰਥਾਤ ਸੰਦਰਭਾਂ ਨੂੰ ਉਜਾਗਰ ਕਰਨ ਦੀ ਥਾਂ, ਅਰਥਾਂ ਨੂੰ ਰੋਲਣ ਅਤੇ ਉਲਝਾਉਣ ਵਿਚ ਸ਼ਰੀਕ ਹੋਣਾ ਹੈ।" ਡਾ. ਸੰਧੂ ਦੇ ਇਸ ਕਥਨ ਵਿਚਲੀ ਸਚਾਈ ਦਾ ਪਤਾ ਡਾ. ਕੇਸਰ ਸਿੰਘ ਕੇਸਰ ਦੇ ਪਰਚੇ 'ਪੈਸੇ ਦੀ ਸ਼ਕਤੀ ਦਾ ਪ੍ਰਵਚਨ : ਕੌਰਵ ਸਭਾ' ਵਿਚਲੀ ਉਸ ਪਰੇਸ਼ਾਨੀ ਤੋਂ ਲੱਗਦਾ ਹੈ ਜਿਥੇ ਉਹ ਦੂਸਰੇ ਪਰੰਪਰਾਗਤ ਮਾਰਕਸਵਾਦੀ ਚਿੰਤਕਾਂ ਵਾਂਗ ਹਰ ਘਟਨਾ ਨੂੰ ਵਰਗੀ ਸੰਘਰਸ਼ ਤੱਕ ਘਟਾ ਕੇ ਦੇਖਣ ਦੀ ਆਦਤ ਵਜੋਂ ਇਹ ਜਾਣਦੇ ਹੋਏ ਵੀ ਕਿ ਇਸ ਨਾਵਲ ਦਾ ਘਟਨਾ ਕ੍ਰਮ ਦੋ ਅੱਡ-ਅੱਡ ਜਮਾਤਾਂ ਵਿਚਕਾਰ ਨਹੀਂ, ਸਗੋਂ ਇੱਕੋ ਹੀ ਜਮਾਤ ਦੇ ਦੋ ਧੜਿਆਂ ਵਿਚਕਾਰ ਹੈ, ਇਸ ਘਟਨਾ ਕ੍ਰਮ ਨੂੰ ਜਮਾਤੀ ਸੰਘਰਸ਼ ਦੇ ਰੂਪ ਵਿਚ ਹੀ ਦੇਖਣ ਦੀ ਕੋਸ਼ਿਸ਼ ਕਰਦੇ ਹਨ: "ਜਿਵੇਂ ਮਹਾਂਭਾਰਤ ਵਿਚ ਕੌਰਵ ਪਾਂਡਵਾਂ ਦਾ ਮਹਾਂਯੁੱਧ ਜਾਇਦਾਦ ਦੀ ਵੰਡ ਤੋਂ ਹੋਇਆ, ਉਸੇ ਤਰ੍ਹਾਂ, ਇਸ ਨਾਵਲ ਵਿਚ ਮੋਹਨ ਪਰਿਵਾਰ ਅਤੇ ਵੇਦ-ਪਰਿਵਾਰ ਦਾ ਕਾਨੂੰਨੀ ਯੁੱਧ ਵੀ ਹਜ਼ਾਰ ਗਜ ਦੇ ਇਕ ਪਲਾਟ ਦੇ ਕਬਜ਼ੇ ਦੇ ਝਗੜੇ ਤੇ ਸ਼ੁਰੂ ਹੁੰਦਾ ਹੈ। ਉਥੇ ਵੀ ਇਕੋ ਖਾਨਦਾਨ ਅਤੇ ਇਕੋ ਕਬੀਲੇ ਦੇ ਦੋ ਟੱਬਰਾਂ ਦੀ ਲੜਾਈ ਸੀ, ਇਥੇ ਵੀ ਇਕੋ ਪਰਿਵਾਰ ਅਤੇ ਇਕੋ ਜਮਾਤ ਦੀਆਂ ਦੋ ਧਿਰਾਂ ਦੀ ਆਪਸੀ ਲੜਾਈ ਹੈ। ਮਹਾਂ ਭਾਰਤ ਦਾ ਕਥਾਨਕ ਵੀ ਜਮਾਤੀ ਯੁੱਧ ਦਾ ਬਿਰਤਾਂਤਕ ਰੂਪ ਹੈ ਤੇ ਮੀਤ ਦੇ ਕੌਰਵ ਸਭਾ ਦੇ ਬਿਰਤਾਂਤ ਦੀ ਰਚਨਾ ਵੀ ਵਰਗ ਸੰਘਰਸ਼ ਦਾ ਹੀ ਰੂਪਾਂਤਰਣ ਹੈ। ਭਾਵੇਂ ਇਹ ਸੰਘਰਸ਼ ਦੋ ਅੱਡ-ਅੱਡ ਜਮਾਤਾਂ ਵਿਚਕਾਰ ਨਹੀਂ, ਇਕੋ ਜਮਾਤ ਵਿਚਲੇ ਦੋ ਧੜਿਆਂ ਵਿਚਕਾਰ ਹੈ, ਪਰ ਦੋਹਾਂ ਪਾਸੇ ਮੱਧ ਵਰਗ ਅਤੇ ਕਿਰਤੀ ਵਰਗਾਂ ਦੇ ਪਾਤਰ ਸ਼ਾਮਲ ਹੋ ਕੇ ਮਾਇਆਧਾਰੀ ਜਮਾਤ ਦੀ ਅੰਦਰੂਨੀ ਟੱਕਰ ਨੂੰ ਜ਼ਾਲਮ ਅਤੇ ਮਜ਼ਲੂਮ ਅਥਵਾ ਮਾਨਵੀ ਅਤੇ ਅਮਾਨਵੀ ਜਮਾਤਾਂ ਦੇ ਬਾਹਰੀ ਸੰਘਰਸ਼ ਦਾ ਰੂਪ ਦੇ ਦਿੰਦੇ ਹਨ।"

ਇਕੋ ਜਮਾਤ ਦੇ ਦੋ ਧੜੇ ਜ਼ਾਲਮ ਅਤੇ ਮਜ਼ਲੂਮ ਜਮਾਤਾਂ ਵਿਚ ਕਿੰਝ ਰੂਪਾਂਤ੍ਰਿਤ ਹੋ ਜਾਂਦੇ ਹਨ, ਇਸ ਗੱਲ ਦਾ ਡਾ. ਕੇਸਰ ਕੋਲ ਕੋਈ ਜਵਾਬ ਨਹੀਂ। ਬੱਸ ਇਕ ਜ਼ਿਦ ਹੈ ਇਹ ਸਾਬਤ ਕਰਨ ਦੀ ਕਿ ਹਰ ਆਰਥਿਕ, ਰਾਜਨੀਤਕ, ਸੰਸਕ੍ਰਿਤਕ ਅਤੇ ਵਿਚਾਰਧਾਰਕ ਘਟਨਾ ਨੂੰ ਜਮਾਤੀ ਸੰਘਰਸ਼ ਤੱਕ ਘਟਾ ਕੇ ਵੇਖਿਆ ਜਾ ਸਕਦਾ ਹੈ। ਅਸੀਂ ਡਾ. ਕੇਸਰ ਨੂੰ ਆਪਣੀ ਜ਼ਿਦ ਪੂਰੀ ਕਰਨ ਤੋਂ ਰੋਕਦੇ ਨਹੀਂ। ਕੇਵਲ ਏਨਾ ਕਹਿਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਜੇ ਇਸ ਨਾਵਲ ਦੇ ਸੰਕਟ/ਸੰਤਾਪ ਨੂੰ ਸਮਝਣਾ ਹੈ ਤਾਂ ਪਰੰਪਰਾਗਤ ਮਾਰਕਸਵਾਦ ਦੀਆਂ ਰੀਡਕਸ਼ਨਿਸਟ ਵਿਧੀਆਂ ਕਾਫੀ ਨਹੀਂ ਹਨ। ਭਾਵ ਕਿ ਇਸ ਸੰਕਟ/ਸੰਤਾਪ ਨੂੰ ਨਾ ਤਾਂ ਜਮਾਤੀ ਸੰਘਰਸ਼ ਦੇ ਰੂਪ ਵਿਚ ਘਟਾ ਕੇ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਨਿਆਂ ਪ੍ਰਣਾਲੀ ਵਿਚ ਫੈਲੇ, ਭ੍ਰਿਸ਼ਟਾਚਾਰ, ਅਨੈਤਿਕਤਾ ਅਤੇ ਮੌਕਾ ਪ੍ਰਸਤੀ ਨੂੰ ਪੂੰਜੀਵਾਦ ਦੇ ਐਪੀਫਿਨਾਮਨਾ ਵਜੋਂ ਦੇਖਣ ਦੀ ਲੋੜ ਹੈ।

**ਰੀਪਰੈਸਿਵ ਸਟੇਟ ਅਪਰੇਟਿਸ :**

ਇਹ ਦੂਸਰੀ ਗੱਲ ਕਿ ਭਾਰਤੀ ਨਿਆਂਪ੍ਰਣਾਲੀ, ਜਿਸ ਦੁਆਲੇ ਇਹ ਸਾਰਾ ਨਾਵਲੀ ਬਿਰਤਾਂਤ ਉਸਾਰਿਆ ਗਿਆ ਹੈ, ਵਿਚ ਫੈਲਿਆ ਭ੍ਰਿਸ਼ਟਾਚਾਰ ਪੂੰਜੀਵਾਦ ਦਾ ਐਪੀਫਿਨਾਮਨਾ ਨਹੀਂ ਹੈ, ਇਸ ਗੱਲ ਨੂੰ ਤਾਂ ਪਰੰਪਰਾਗਤ ਮਾਰਕਸਵਾਦ ਰਾਹੀਂ ਵੀ ਸਮਝਿਆ ਜਾ ਸਕਦਾ ਹੈ। ਡਾ. ਦਵੇਸ਼ਤਰ ਨੇ 'ਸਾਡੀ ਨਿਆਂ ਪ੍ਰਣਾਲੀ' ਵਿਚ ਫੈਲੇ ਇਸ ਭ੍ਰਿਸ਼ਟਾਚਾਰ ਅਤੇ ਕਾਨੂੰਨੀ ਕਮਜ਼ੋਰੀਆਂ ਦੇ ਯਥਾਰਥ ਨੂੰ ਪੂੰਜੀਵਾਦੀ ਵਿਵਸਥਾ ਦਾ ਕਰਤੂਤੀ ਵਿਹਾਰ ਆਖਿਆ ਹੈ।

ਡਾ. ਭੀਮਇੰਦਰ ਸਿੰਘ ਇਸ ਕਰਤੂਤੀ ਵਿਹਾਰ ਨੂੰ ਸੰਸਾਰੀਕਰਨ ਜਾ ਵਿਕਸਤ ਪੂੰਜੀਵਾਦ ਦੀ ਦੇਣ ਸਮਝਦੇ ਹਨ। ਡਾ. ਭੀਮਇੰਦਰ ਸਿੰਘ ਅਨੁਸਾਰ ਨਾਵਲਕਾਰ ਨੇ ਸੰਸਾਰੀਕਰਣ ਦੇ ਸਿੱਟੇ ਵਜੋਂ ਸਮਾਜ ਵਿਚ ਵਧ ਰਹੀ ਰਿਸ਼ਵਤਖੋਰੀ ਅਤੇ ਕਾਨੂੰਨੀ ਧੱਕੇਸ਼ਾਹੀ ਦਾ ਬੜੀ ਖੂਬਸੂਰਤੀ ਨਾਲ ਜ਼ਿਕਰ ਕੀਤਾ ਹੈ। ਮੈਂ ਇਹਨਾਂ ਵਿਦਵਾਨਾਂ ਨਾਲ ਕੋਈ ਅਸਹਿਮਤੀ ਪ੍ਰਗਟ ਨਹੀਂ ਕਰ ਰਿਹਾ। ਇਕ ਨੁਕਤਾ ਪੇਸ਼ ਕਰਨਾ ਚਾਹੁੰਦਾ ਹਾਂ। ਉਸ ਨੁਕਤੇ ਦੀ ਪੇਸ਼ਕਾਰੀ ਲਈ ਜ਼ਮੀਨ ਤਿਆਰ ਕਰ ਰਿਹਾ ਹਾਂ। ਨੁਕਤਾ ਇਹ ਹੈ ਕਿ ਨਿਆਂ ਪ੍ਰਣਾਲੀ ਜਿਸਨੂੰ ਡਾ. ਦਵੇਸ਼ਵਰ 'ਸਾਡੀ ਨਿਆਂ ਪ੍ਰਣਾਲੀ' ਆਖ ਕੇ ਕੁਝ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਕਿ ਉਹ ਕੋਈ ਨਿਰਪੇਖ ਚੀਜ਼ ਹੋਵੇ ਅਤੇ ਪੂੰਜੀਵਾਦ ਨੇ ਉਸ ਨਿਰਪੇਖ 'ਸਾਡੀ ਨਿਆਂ ਪ੍ਰਣਾਲੀ' ਨੂੰ ਆਪਣੇ ਕਰਤੂਤੀ ਵਿਹਾਰ ਰਾਹੀਂ ਭ੍ਰਿਸ਼ਟ ਨਿਆਂ ਪ੍ਰਣਾਲੀ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੋਵੇ। ਇਕ ਸਾਫ ਸੁਥਰੀ, ਉੱਚੀ-ਸੁੱਚੀ ਅਤੇ ਕੁਦਰਤੀ ਇਨਸਾਫ ਉਪਰ ਅਧਾਰਿਤ ਨਿਰਪੇਖ ਨਿਆਂ ਪ੍ਰਣਾਲੀ ਜਿਸ ਨੂੰ ਪੂੰਜੀਵਾਦ ਨੇ ਇਕ ਅਨੈਤਿਕ, ਭ੍ਰਿਸ਼ਟ, ਲੋਟੂ ਅਤੇ ਪੱਖਪਾਤੀ ਨਿਆਂ ਪ੍ਰਣਾਲੀ ਵਿਚ ਰੂਪਾਂਤਿਤ ਕਰ ਦਿੱਤਾ ਹੈ। ਮੇਰਾ ਸੁਆਲ ਹੈ ਕਿ ਜੇ ਇਸ ਮੋਜੂਦਾ ਨਿਆਂ ਪ੍ਰਣਾਲੀ ਵਿਚੋਂ ਭ੍ਰਿਸ਼ਟਾਚਾਰ, ਧੱਕੇਸ਼ਾਹੀ, ਅਨੈਤਿਕਤਾ ਅਤੇ ਮੌਕਾ ਪ੍ਰਸਤੀ ਆਦਿ ਖਤਮ ਕਰ ਦਿੱਤੇ ਜਾਣ ਤਾਂ ਕੀ ਇਹ ਮੌਜੂਦਾ ਨਿਆਂ ਪ੍ਰਣਾਲੀ ਇਕ ਨਿਰਪੇਖ ਨਿਆਂ ਪ੍ਰਣਾਲੀ ਬਣ ਜਾਵੇਗੀ? ਪੂੰਜੀਵਾਦੀ ਨਿਆਂ ਪ੍ਰਣਾਲੀ ਨਹੀਂ ਰਹੇ

ਗੀ? ਕਲਾਸਲੈੱਸ ਨਿਆਂ ਪ੍ਰਣਾਲੀ ਬਣ ਜਾਵੇਗੀ? ਸਮਾਜਵਾਦੀ ਨਿਆਂ ਪ੍ਰਣਾਲੀ ਬਣ ਜਾਵੇਗੀ? ਸੁਆਲ ਹੈ ਕਿ ਪੂੰਜੀਵਾਦੀ ਵਿਵਸਥਾ ਵਿਚ ਰਹਿੰਦਿਆ ਕੀ ਸੰਸਥਾਨਕ ਸੁਧਾਰਾਂ ਰਾਹੀਂ ਪੂੰਜੀਵਾਦੀ ਨਿਆਂ ਪ੍ਰਣਾਲੀ ਨੂੰ ਗੈਰ ਪੂੰਜੀਵਾਦੀ ਭਾਵ ਸਮਾਜਵਾਦੀ ਨਿਆਂ ਪ੍ਰਣਾਲੀ ਵਿਚ ਰੂਪਾਂਤ੍ਰਿਤ ਕੀਤਾ ਜਾ ਸਕਦਾ ਹੈ?

ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਨਹੀਂ ਕੀਤਾ ਜਾ ਸਕਦਾ। ਇਹ ਪੂੰਜੀਵਾਦੀ ਨਿਆਂ ਪ੍ਰਣਾਲੀ ਹੀ ਰਹੇਗੀ ਅਤੇ ਪੂੰਜੀ ਵਾਦੀ ਹਿੱਤਾਂ ਦੀ ਹੀ ਸੇਵਾ ਕਰੇਗੀ। ਸਗੋਂ ਪੂੰਜੀਵਾਦੀ ਹਿੱਤਾਂ ਦੀ ਹੋਰ ਵੀ ਵਧੀਆ ਢੰਗ ਨਾਲ ਸੇਵਾ ਕਰਨ ਦੇ ਸਮਰੱਥ ਹੋ ਜਾਵੇਗੀ। ਪਰੰਪਰਾਗਤ ਮਾਰਕਸਵਾਦ ਦੀ ਪਹਿਲੀ ਜਮਾਤ ਦਾ ਵਿਦਿਆਰਥੀ ਵੀ ਇਹ ਗੱਲ ਜਾਣਦਾ ਹੈ ਕਿ ਨਿਆਂ ਪ੍ਰਣਾਲੀ ਆਰਥਕ ਆਧਾਰ ਦੁਆਰਾ ਨਿਸ਼ਚਿਤ ਹੋਣ ਵਾਲੇ ਸਮਾਜਕ ਉਸਾਰ ਦਾ ਮਹੱਤਪਵੂਰਨ ਅੰਗ ਹੁੰਦੀ ਹੈ। ਅਲਥੂਸਰ ਇਸ ਨੂੰ ਸਟੇਟ ਅਪਰੇਟਿਸ ਆਖਦੇ ਹਨ। ਰੀਪਰੈਸਿਵ ਸਟੇਟ ਅਪਰੇਟਿਸ। ਸੋ ਇਸ ਨਿਆਂ ਪ੍ਰਣਾਲੀ ਨੂੰ ਭਾਵੇਂ ਜਿੰਨਾਂ ਮਰਜ਼ੀ ਸੋਧ ਲਵੋ, ਇਹ ਪੂੰਜੀਵਾਦੀ ਰੀਪਰੈਸਿਵ ਸਟੇਟ ਅਪਰੇਟਿਸ ਹੀ ਰਹੇਗੀ। ਪੂੰਜੀਵਾਦ ਅਤੇ ਪੂੰਜੀਵਾਦੀ ਵਿਚਾਰਧਾਰਾ ਦਾ ਪੁਨਰ ਉਤਪਾਦਨ ਕਰਨ ਵਾਲਾ ਸਟੇਟ ਅਪਰੇਟਿਸ।

ਮਿੱਤਰ ਸੈਨ ਮੀਤ ਦੀ ਕਮਾਲ ਇਸ ਨਿਆਂ ਪ੍ਰਣਾਲੀ ਵਿਚ ਫੈਲੀ ਰਿਸ਼ਵਤਖੋਰੀ, ਮੌਕਾ-ਪਸ੍ਰਤੀ, ਅਨੈਤਿਕਤਾ, ਧੱਕੇਸ਼ਾਹੀ ਆਦਿ ਨੂੰ ਨੰਗਿਆਂ ਕਰਨ ਵਿਚ ਨਹੀਂ, ਇਸ ਦੇ ਪੂੰਜੀਵਾਦੀ ਕਿਰਦਾਰ ਨੂੰ ਸਮਝਣ ਵਿਚ ਹੈ। ਇਸ ਦੇ ਅਫਸਰਸ਼ਾਹੀ ਢਾਂਚੇ ਨੂੰ ਸਮਝਣ ਵਿਚ। ਮੌਜੂਦਾ ਨਿਆਂ ਪ੍ਰਣਾਲੀ ਵਿਚ ਫੈਲੀ ਰਿਸ਼ਵਤਖੋਰੀ, ਮੌਕਾ-ਪ੍ਰਸਤੀ, ਅਨੈਤਿਕਤਾ ਆਦਿ ਨੂੰ ਤਾਂ ਹਰ ਕੋਈ ਦੇਖ ਰਿਹਾ ਹੈ। ਜੇਕਰ ਮੀਤ ਨੇ ਵੀ ਦੇਖ ਲਿਆ ਤਾਂ ਕਿਹੜੀ ਵੱਡੀ ਗੱਲ ਹੈ। ਪਰ ਜਿਸ ਢੰਗ ਰਾਹੀਂ ਮਿੱਤਰ ਸੈਨ ਮੀਤ ਇਸ ਨਿਆਂ ਪ੍ਰਣਾਲੀ ਦੇ ਬਿਊਰੋਕਰੈਟਿਕ ਢਾਂਚੇ ਨੂੰ ਨੰਗਿਆ ਕਰਕੇ ਇਸਦੇ ਪੂੰਜੀਵਾਦੀ ਕਿਰਦਾਰ ਨੂੰ ਸਾਡੇ ਸਭ ਦੇ ਸਾਹਮਣੇ ਪੇਸ਼ ਕਰ ਦਿੰਦਾ ਹੈ, ਇਹ ਹੀ ਉਸ ਦੀ ਕਥਾਕਾਰੀ ਦਾ ਅਸਲੀ ਕਮਾਲ ਹੈ।

ਇਹ ਨਾਵਲ ਪੜ੍ਹ ਕੇ ਜੋ ਸਭ ਤੋਂ ਮਹੱਤਵਪੂਰਨ ਗੱਲ ਖਾਨੇ ਪੈਂਦੀ ਹੈ ਉਹ ਇਹ ਕਿ ਮੌਜੂਦਾ ਨਿਆਂ ਪ੍ਰਣਾਲੀ , ਜਿਵੇਂ ਕਿ ਮਿੱਤਰ ਸੈਨ ਮੀਤ ਇਸ ਨੂੰ ਪੇਸ਼ ਕਰਦਾ ਹੈ, ਕਿਸੇ ਨਿਆਂ ਪ੍ਰਣਾਲੀ ਦਾ ਨਹੀਂ, ਸਗੋਂ ਕਾਨੂੰਨ ਦੀ ਬਿਊਰੋਕਰੇਸੀ ਦਾ ਨਾਮ ਹੈ ਜੋ ਪ੍ਰਮੁੱਖ ਤੌਰ ਤੇ ਤਫ਼ਤੀਸ਼ (ਇਨਕੁਆਰੀ), ਸ਼ਹਾਦਤ (ਐਵੀਡੈਂਸ), ਨਿਰੀਖਣ (ਇਗਜ਼ਾਮੀਨੇਸ਼ਨ), ਲਿਖਤੀ ਕਾਨੂੰਨ ਅਤੇ ਜੱਜਮੈਂਟ ਉਪਰ ਆਧਾਰਿਤ ਹੈ। ਪਰ ਇਹ ਹਮੇਸ਼ਾ ਇਸ ਤਰ੍ਹਾਂ ਨਹੀਂ ਸੀ ਹੁੰਦੀ। ਇਸਦੀ ਪੂੰਜੀਵਾਦੀ ਲੋੜਾਂ ਅਨੁਸਾਰ ਇਤਿਹਾਸ ਰਾਹੀਂ ਸਿਰਜਣਾ ਹੋਈ ਹੈ।

**ਭਾਈਚਾਰਕ ਕਚਹਿਰੀ:**

ਆਰਥਕ, ਰਾਜਨੀਤਕ ਅਤੇ ਪ੍ਰਬੰਧਕੀ ਕਾਰਨਾਂ ਕਰਕੇ ਜਦੋਂ ਮਿੱਲ ਵਿਚ ਘਾਟਾ ਪੈ ਜਾਂਦਾ ਹੈ ਤਾਂ ਵੇਦ ਦੀ ਪਤਨੀ ਨੀਲਮ ਆਪਣੇ ਜੇਠ ਮੋਹਨ ਦੇ ਪੁੱਤਰਾਂ ਦੀ ਨੀਯਤ ਉਪਰ ਸ਼ੱਕ ਕਰਕੇ ਪਰਿਵਾਰਕ ਏਕਤਾ ਵਿਚ ਤ੍ਰੇੜ ਪਾ ਦਿੰਦੀ ਹੈ। ਵੰਡ ਵੰਡਈਆ ਹੁੰਦਾ ਹੈ। ਸਾਰੇ ਲੈਣ ਦੇਣ ਅਮਨ ਅਮਾਨ ਨਾਲ ਨਿੱਬੜ ਜਾਂਦੇ ਹਨ। ਪਰ ਗੁਰਦੇਵ ਨਗਰ ਦੀ ਪੌਸ਼ ਕਾਲੋਨੀ ਵਿਚਲੇ ਹਜ਼ਾਰ ਗਜ਼ ਦੇ ਪਲਾਟ ਤੇ ਆ ਕੇ ਗੱਲ ਰੁਕ ਜਾਂਦੀ ਹੈ। ਵੇਦ ਆਖਦਾ ਸੀ ਕਿ ਇਹ ਪਲਾਟ ਉਸਦਾ ਹੈ ਕਿਉਂਕਿ ਉਸ ਨੇ ਇਸ ਪਲਾਟ ਦੀ ਸਾਰੀ ਕੀਮਤ ਆਪਣੇ ਖਾਤੇ ਵਿਚੋਂ ਚੁਕਤਾ ਕੀਤੀ ਹੈ। ਪਰ ਉਸਦਾ ਭਤੀਜਾ ਪੰਕਜ ਕਹਿੰਦਾ ਸੀ ਕਿ ਇਹ ਪਲਾਟ ਵੀ ਉਹਨਾਂ ਬੇਨਾਮੀ ਜਾਇਦਾਦਾਂ ਵਿਚੋਂ ਇਕ ਸੀ ਜੋ ਉਸਦੇ ਪਿਤਾ ਜੀ ਨੇ ਕਿਸੇ ਸਰਕਾਰੀ ਐਕਸ਼ਨ ਤੋਂ ਡਰਦੇ ਮਾਰੇ ਕਾਗਜ਼ੀ ਪੱਤਰੀ ਵੇਦ ਦੇ ਨਾਮ ਤੇ ਲਵਾਈਆਂ ਸਨ, ਪਰ ਅਸਲ ਮਾਲਕ ਉਹ ਆਪ ਹੀ ਸਨ। ਇਸ ਗੱਲ ਨੂੰ ਸਾਬਤ ਕਰਨ ਲਈ "ਪੰਕਜ ਦਾ ਆਖਣਾ ਸੀ ਕਿ ਉਸ ਸਮੇਂ ਇਸ ਕਾਲੋਨੀ ਵਿਚ ਜ਼ਮੀਨ ਦਾ ਭਾਅ ਸੱਤ ਹਜ਼ਾਰ ਰੁਪੈ ਗਜ ਸੀ। ਪਰ ਪਲਾਟ ਸੱਤ ਸੌ ਰੁਪੈ ਗਜ ਦੇ ਹਿਸਾਬ ਨਾਲ ਅਲਾਟ ਹੋਇਆ। ਵੇਦ ਉਹਨੀ ਦਿਨੀ ਮੋਹਨ ਦੇ ਮੁਨਸ਼ੀ ਦੇ ਤੌਰ ਤੇ ਜਾਣਿਆ ਜਾਂਦਾ ਸੀ। ਚੇ ਅਰਮੈਨ ਦਾ ਸਿਰ ਨਹੀਂ ਸੀ ਭੌਂਵਿਆ ਕਿ ਉਹ ਸੱਤਰ ਲੱਖ ਦਾ ਪਲਾਟ ਸੱਤਰ ਹਜ਼ਾਰ ਵਿਚ ਕਿਸੇ ਕਰਿੰਦੇ ਦੇ ਨਾਮ ਅਲਾਟ ਕਰਦਾ।"

ਜਦੋਂ ਬਾਕੀ ਸਾਰੇ ਲੇਣ ਦੇਣ ਦੋਹਾਂ ਧਿਰਾਂ ਨੇ ਸਾਲਸੀਆਂ ਦੀ ਹਾਜ਼ਰੀ ਵਿਚ ਭਾਵ ਭਾਈਚਾਰੇ ਦੀ ਕਚਹਿਰੀ ਵਿਚ ਆਪਸੀ ਠੰਡੀ ਤੱਤੀ ਗੱਲਬਾਤ ਰਾਹੀਂ ਨਿਪਟਾ ਲਏ ਸਨ, ਉਥੇ ਇਹ ਮਸਲਾ ਇਸ ਲਈ ਅੜ ਗਿਆ ਕਿਉਂਕਿ ਇਸ ਮਸਲੇ ਵਿਚ ਆਧੁਨਿਕ ਨਿਆਂ ਪ੍ਰਣਾਲੀ ਦਾ ਇਕ ਨੁਮਾਇੰਦਾ ਰਾਮ ਨਾਥ ਦਾਖਲ ਹੋ ਜਾਂਦਾ ਹੈ। ਰਾਮ ਨਾਥ ਸਾਰੇ ਮਸਲੇ ਨੂੰ ਭਾਈਚਾਰਕ ਸੰਦਰਭ ਦੀ ਥਾਂ ਆਧੁਨਿਕ ਨਿਆਂ ਪ੍ਰਬੰਧ ਦੇ ਕਾਨੂੰਨੀ ਨੁਕਤੇ ਨਿਗਾਹ ਤੋਂ ਦੇਖਦਾ ਹੈ ਅਤੇ ਕਾਗਜ਼ ਪੱਤਰਾਂ ਦੇ ਆਧਾਰ ਤੇ ਆਪਣੇ ਜੀਜੇ ਵੇਦ ਨੂੰ ਸਲਾਹ ਦਿੰਦਾ ਹੈ "ਅਲਾਟਮੈਂਟ ਲਈ ਦਿੱਤੀ ਦਰਖਾਸਤ ਤੋਂ ਲੈ ਕੇ ਰਜਿਸਟਰੀ ਤੱਕ ਇੱਕਲੇ ਵੇਦ ਦਾ ਹੀ ਨਾਮ ਬੋਲਦਾ ਸੀ। ਸਾਰੀਆਂ ਕਿਸ਼ਤਾਂ ਇਕੱਲੇ ਵੇਦ ਨੇ ਚੈੱਕ ਰਾਹੀਂ ਭੁਗਤਾਈਆਂ ਸਨ। ਦੇਸ਼ ਦੀ ਕੋਈ ਵੀ ਅਦਾਲਤ ਪਲਾਟ ਵਿਚ ਮੋਹਨ ਦਾ ਹਿੱਸਾ ਬਹਾਲ ਨਹੀਂ ਸੀ ਕਰ ਸਕਦੀ।"

ਆਪਸੀ ਵਿਸ਼ਵਾਸ਼, ਭਾਈਚਾਰਕ ਕਦਰਾਂ-ਕੀਮਤਾਂ ਅਤੇ ਖੁਦਾ ਦੇ ਖੌਫ਼ ਉਪਰ ਖੜ੍ਹੀ ਫਿਊਡਲ ਕਿਸਮ ਦੀ ਭਾਈਚਾਰਕ ਕਚਹਿਰੀ ਦਾ ਪੱਲਾ ਛੱਡ ਕੇ ਵੇਦ ਇਨਸਟਰੂਮੈਂਟਲ ਰੀਜ਼ਨ ਉਪਰ ਟਿਕੀ ਪੂੰਜੀਵਾਦੀ ਕਿਸਮ ਦੀ ਆਧੁਨਿਕ ਕਚਹਿਰੀ ਦੇ ਰਾਹ ਪੈਂਦਾ ਹੈ। ਦੂਸਰੇ ਉਹ ਬੁਰਜੂਆ ਸਮਾਜ ਖਾਸ ਕਰਕੇ ਕੁਮੋਡਿਟੀ ਫੈਟਿਸ਼ਿਜ਼ਮ ਅਤੇ ਉਪਭੋਗਤਾਵਾਦ ਦੁਆਰਾ ਸਿਰਜੇ ਸੁਪਨਿਆਂ ਦੇ ਪਿੱਛੇ ਲੱਗ ਕੇ ਕਿਸੇ ਵੀ ਕੀਮਤ ਤੇ ਪਲਾਟ ਹਾਸਲ ਕਰਨਾ ਚਾਹੁੰਦਾ ਸੀ: "ਪੂਰਾ ਪਲਾਟ ਛੱਡ ਕੇ ਉਸ ਦੇ ਆਪਣੇ ਸੁਪਨੇ ਖੇਰੂੰ-ਖੇਰੂੰ ਹੋ ਜਾਣੇ ਸਨ। ਅੱਧੇ ਪਲਾਟ ਵਿਚ ਉਸਨੇ ਕਮਲ ਦੀ ਕੋਠੀ ਉਸਾਰਨ ਦਾ ਸੁਪਨਾ ਲਿਆ ਸੀ ਅਤੇ ਅੱਧਾ ਵੇਚ ਕੇ ਨਿਹਾ ਦੇ ਸ਼ਾਨਦਾਰ ਵਿਆਹ ਕਰਨ ਦਾ।" ਇਸ ਲਈ ਉਹ ਭਾਈਚਾਰਕ ਕਚਹਿਰੀ ਦਾ ਰਸਤਾ ਤਿਆਗ ਕੇ ਆਧੁਨਿਕ ਕਚਹਿਰੀ ਦੇ ਰਾਹ ਪੈ ਜਾਂਦਾ ਹੈ। ਪਹਿਲੀ ਕਚਹਿਰੀ ਵਿਚ ਫੈਸਲਾ

ਦੋਹਾਂ ਧਿਰਾਂ ਨੇ ਪਰਿਵਾਰਕ ਸੰਗ ਸ਼ਰਮ ਅਤੇ ਭਾਈਚਾਰਕ ਕਦਰਾਂ-ਕੀਮਤਾਂ ਦੇ ਆਧਾਰ ਤੇ ਸਾਲਸਾਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਆਪ ਕਰਨਾ ਸੀ। ਬਿਨਾਂ ਕਿਸੇ ਤੀਸਰੀ ਧਿਰ ਦੀ ਦਖਲ-ਅੰਦਾਜ਼ੀ ਦੇ। ਇਸ ਕਰਕੇ ਕਿਸੇ ਲੁੱਟ-ਖਸੁੱਟ, ਰਿਸ਼ਵਤਖੋਰੀ, ਸਿਆਸੀ ਪ੍ਰਭਾਵ ਆਦਿ ਲਈ ਕੋਈ ਥਾਂ ਨਹੀਂ ਸੀ। ਪਰ ਇਸ ਨਵੀਂ ਆਧੁਨਿਕ ਕਚਹਿਰੀ ਵਿਚ ਫੈਸਲਾ ਉਸ ਤੀਸਰੀ ਧਿਰ ਨੇ ਕਰਨਾ ਸੀ, ਜਿਸ ਦੀ ਪਹਿਲੀਆਂ ਦੋਨੋ ਧਿਰਾਂ ਨਾਲ ਕੋਈ ਹਮਦਰਦੀ ਜਾਂ ਭਾਵਕ ਸਾਂਝ ਨਹੀਂ ਸੀ। ਪੜਤਾਲ, ਸ਼ਹਾਦਤ, ਨਿਰੀਖਣ, ਕਾਨੂੰਨੀ ਬਹਿਸ ਅਤੇ ਵਿਧੀ ਵਿਧਾਨਾਂ ਦੇ ਨਾਮ ਉਪਰ ਖੜ੍ਹੀ ਕੀਤੀ ਗਈ, ਉਸ ਲੰਮੀ ਚੌੜੀ ਅਫਸਰਸ਼ਾਹੀ (ਬਿਊਰੋਕਰੇਸੀ ਆਫ਼ ਦਾ ਲਾਅ) ਦੀਆਂ ਰਿਪੋਰਟਾਂ ਦੇ ਅਧਾਰ ਤੇ ਹੋਣਾ ਸੀ ਜੋ ਆਪਣੇ ਆਪ ਵਿਚ ਇਕ ਲੋਟੂ ਧਿਰ ਬਣੀ ਹੋਈ ਹੈ।

ਸੋ ਪਹਿਲੀ ਕਚਹਿਰੀ ਦਾ ਪੱਲਾ ਛੱਡ ਕੇ ਦੂਜੀ ਕਚਹਿਰੀ ਦੇ ਲੜ ਲੱਗਣ ਦਾ ਨਤੀਜਾ ਕੀ ਹੋਇਆ? ਵੇਦ ਦੇ ਬੇਟੇ ਕਮਲ ਦਾ ਕਤਲ, ਧੀ ਨੇਹਾ ਦਾ ਬਲਾਤਕਾਰ, ਪਤਨੀ ਦੇ ਅਤੇ ਆਪਣੇ ਗੰਭੀਰ ਸੱਟਾਂ, ਘਰ ਵਿਚ ਡਾਕਾ, ਮੁਕੱਦਮੇ ਬਾਜੀ ਅਤੇ ਹਸਪਤਾਲਾਂ ਦਾ ਮਣਾਂ ਮੂਹ ਖਰਚਾ, ਵਿਉਪਾਰ ਦੀ ਬਰਬਾਦੀ, ਅੰਤਾਂ ਦੀ ਖਜਲ ਖੁਆਰੀ, ਹਵਾਲਤ/ਜੇਲ੍ਹ ਦੀਆਂ ਮੁਸੀਬਤਾਂ। ਇਕ ਸੱਤਰ ਲੱਖ ਦੇ ਪਲਾਟ ਦਾ ਝਗੜਾ, ਜੋ ਭਾਈਚਾਰੇ ਵਿਚ ਬੈਠ ਕੇ ਆਪਣਸੀ ਗੱਲਬਾਤ ਰਾਹੀਂ ਆਰਾਮ ਨਾਲ ਭਾਈਚਾਰਕ ਕਚਹਿਰੀ ਵਿਚ ਸੁਲਝਾਇਆ ਜਾ ਸਕਦਾ ਸੀ, ਨਵੀਂ ਕਚਹਿਰੀ ਦੇ ਲੜ ਲੱਗਣ ਨਾਲ ਕਿੱਥੇ ਦਾ ਕਿੱਥੇ ਪਹੁੰਚ ਗਿਆ। ਕਤਲ ਅਤੇ ਬਲਾਤਕਾਰ ਦੀ ਖਬਰ ਸੁਣ ਕੇ ਰਾਮ ਨਾਥ ਨੂੰ ਇਸ ਲਈ ਪਛਤਾਵਾ ਵੀ ਹੁੰਦਾ ਹੈ : ''ਰਾਮ ਨਾਥ ਨੂੰ ਆਪਣੀ ਕਾਨੂੰਨੀ ਰਾਇ ਤੇ ਅੱਜ ਪਛਤਾਵਾ ਹੋ ਰਿਹਾ ਸੀ। ਚੰਗਾ ਹੁੰਦਾ ਜੇ ਉਹ ਵਿਚ ਪੈ ਕੇ ਲੈ ਦੇ ਕੇ ਝਗੜਾ ਨਿਪਟਾ ਦਿੰਦਾ।"

ਮੇਰਾ ਮਕਸਦ ਏਥੇ ਕਮਿਊਨੀਕੇਟਿਵ ਰੀਜ਼ਨ ਉਪਰੀ ਉਸਰੀ ਭਾਈਚਾਰਕ ਕਚਹਿਰੀ ਦੇ ਗੁਣ ਗਾਣ ਕਰਨਾ ਜਾਂ ਨਿਸਟਰੂਮੈਂਟਲ ਰੀਜ਼ਨ ਉਪਰ ਉਸਰੀ ਆਧੁਨਿਕ ਕਚਹਿਰੀ ਨੂੰ ਗਾਲਾਂ ਕੱਢਣ ਦਾ ਨਹੀਂ। ਮੇਰਾ ਮਕਸਦ ਤਾਂ ਉਹਨਾਂ ਹਿੱਤਾਂ ਦੀ ਨਿਸ਼ਾਨ ਦੇਹੀ ਕਰਨ ਦਾ ਹੈ ਜਿਹਨਾ ਹਿੱਤਾ ਦੀ ਪੂਰਤੀ ਲਈ ਭਾਈਚਾਰਕ ਕਚਹਿਰੀ ਆਧੁਨਿਕ ਕਚਹਿਰੀ ਵਿਚ ਰੂਪਾਂਤ੍ਰਿਤ ਹੁੰਦੀ ਹੈ। ਉਹਨਾਂ ਇਤਿਹਾਸਕ ਪ੍ਰਸਥਿਤੀਆਂ ਨੂੰ ਸਮਝਣ ਦਾ ਹੈ ਜਿਹਨਾਂ ਪ੍ਰਸਥਿਥੀਆਂ ਅਧੀਨ ਇਨਸਟਰੂਮੈਟਲ ਰੀਜ਼ਨ ਉਪਰ ਅਧਾਰਿਤ ਆਧੁਨਿਕ ਕਚਹਿਰੀ ਦਾ ਉਦਭਵ ਅਤੇ ਵਿਕਾਸ ਹੁੰਦਾ ਹੈ।

ਭਾਈਚਾਰਕ ਕਚਹਿਰੀ ਦੇ ਆਧੁਨਿਕ ਕਚਹਿਰੀ ਵਿਚ ਰੂਪਾਂਤਰਣ ਨੂੰ ਸਮਝਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹਨਾਂ ਦੋਨਾਂ ਵਿਚਲੇ ਅੰਤਰ ਨੂੰ ਜਾਣਿਆ ਜਾਵੇ। ਜਦੋਂ ਕਿ ਭਾਈਚਾਰਕ ਕਚਹਿਰੀ ਵਿਚ ਦੋਨੋ ਧਿਰਾਂ ਕਮਿਊਨੀਕੇਟਿਵ ਰੀਜ਼ਨ ਰਾਹੀਂ ਇਕ ਸਹਿਮਤੀ ਵੱਲ ਨੂੰ ਵਧਦੀਆਂ ਹਨ, ਉਥੇ ਆਧੁਨਿਕ ਕਚਹਿਰੀ ਵਿਚ ਇਹ ਆਪਸੀ ਸੰਵਾਦ ਪੂਰੀ ਤਰ੍ਹਾਂ ਨਾਲ ਗੈਰਹਾਜ਼ਰ ਹੁੰਦਾ ਹੈ। ਆਧੁਨਿਕ ਕਚਹਿਰੀ ਵਿਚਲਾ ਫੈਸਲਾ ਦੋਨੋਂ ਧਿਰਾਂ ਦੇ ਆਪਸੀ ਸੰਵਾਦ/ਸੰਘਰਸ਼ ਦੀ ਪੈਦਾਵਾਰ ਨਹੀਂ ਹੁੰਦਾ, ਸਗੋਂ ਇਕ ਤੀਸਰੀ ਧਿਰ ਵੱਲੋਂ, ਜੋ ਇਹਨਾਂ ਦੋਹਾਂ ਧਿਰਾਂ ਤੋਂ ਅਲੱਗ ਅਤੇ ਇਹਨਾਂ ਦੇ ਉਪਰ ਇਕ ਅਧਿਕਾਰੀ ਦੇ ਰੂਪ ਵਿਚ, ਆਪਣਾ ਫੈਸਲਾ ਥੋਪਦੀ ਹੈ, ਐਲਾਨ ਕੀਤਾ ਜਾਂਦਾ ਹੈ। ਭਾਈਚਾਰਕ ਕਚਹਿਰੀ ਵਿਚ ਬਾਹਰੋਂ ਫੈਸਲਾ ਥੋਪਣ ਵਾਲੀ ਇਸ ਤਰ੍ਹਾਂ ਦੀ ਕੋਈ ਤੀਸਰੀ ਧਿਰ ਨਹੀਂ ਹੁੰਦੀ। ਰਿਸ਼ਤੇਦਾਰ ਅਤੇ ਸਾਲਸੀ ਕਿਸਮ ਦੇ ਲੋਕ ਜੋ ਦੋਨੋਂ ਧਿਰਾਂ ਵਿਚਕਾਰ ਗੱਲਬਾਤ ਕਰਵਾਉਂਦੇ ਹਨ, ਉਹ ਕੋਈ ਸੱਚ ਝੂਠ ਦਾ ਫੈਸਲਾ ਕਰਨ ਲਈ ਨਹੀਂ ਬੈਠੇ ਹੁੰਦੇ, ਉਨ੍ਹਾਂ ਨੇ ਤਾਂ ਕੇਵਲ ਇਹ ਦੇਖਣਾ ਹੁੰਦਾ ਹੈ ਕਿ ਗੱਲਬਾਤ ਠੀਕ ਢੰਗ ਨਾਲ ਕਾਇਦੇ ਅਨੁਸਾਰ ਚੱਲਦੀ ਰਹੇ।

ਕੌਰਵ ਸਭਾ ਵਿਚ ਸਭ ਤੋਂ ਪਹਿਲਾਂ ਜਾਇਦਾਦ ਦੇ ਝਗੜੇ ਦੀ ਗੱਲ ਹੁੰਦੀ ਹੈ। ਦੋਨੋਂ ਧਿਰਾਂ ਆਪਸੀ ਸੰਵਾਦ/ਸੰਘਰਸ਼ ਰਾਹੀ ਸਾਲਸੀਆਂ ਦੀ ਹਾਜ਼ਰੀ ਵਿਚ ਕਿਸੇ ਫ਼ੈਸਲੇ ਤੇ ਪਹੁੰਚ ਸਕਦੀਆਂ ਹਨ। ਇਹ ਗੱਲ ਸਮਝ ਪੈਂਦੀ ਹੈ। ਪਰ ਜਦੋਂ ਕਤਲ, ਡਕੈਤੀ ਅਤੇ ਬਲਾਤਕਾਰ ਦਾ ਮਸਲਾ ਪੇਸ਼ ਹੁੰਦਾ ਹੈ ਅਤੇ ਆਪਸੀ ਸੰਵਾਦ/ ਸੰਘਰਸ਼ ਰਾਹੀਂ ਸਸਲਸੀਆਂ ਦੀ ਹਾਜ਼ਰੀ ਵਿਚ ਮਸਲਾ ਨਿਬੇੜਨ ਦੀ ਗੱਲ ਤੁਰਦੀ ਹੈ, ਤਾਂ ਇਹ ਜਾਨਣਾ ਦਿਲਚਸਪ ਹੋਵੇਗਾ ਕਿ ਫਿਊਡਲ ਕਿਸਮ ਦੀ ਭਾਈਚਾਰਕ ਨਿਆਂ ਪ੍ਰਣਾਲੀ ਇਸ ਨੂੰ ਕਿਸ ਢੰਗ ਨਾਲ ਸੁਲਝਾਉਂਦੀ।

ਜਿਵੇਂ ਕਿ ਆਪਾਂ ਪਹਿਲਾਂ ਦੇਖ ਆਏ ਹਾਂ ਕਿ ਭਾਈਚਾਰਕ ਕਚਹਿਰੀ ਵਿਚ ਨਿਆਂ ਦੋਨੋਂ ਧਿਰਾਂ ਦੇ ਆਪਸੀ ਸੰਘਰਸ਼/ਯੁੱਧ ਦੀ ਲਗਾਤਰਤਾ ਦਾ ਹੀ ਨਾਮ ਹੈ। ਏਥੇ ਯੁੱਧ ਅਤੇ ਨਿਆਂ ਵਿਚਕਾਰ ਕੋਈ ਅੰਤਰ ਨਹੀਂ ਹੁੰਦਾ। ਨਿਆਂ ਅਤੇ ਸ਼ਾਂਤੀ ਵਿਚ ਕੋਈ ਸਾਂਝ ਨਹੀਂ। ਕੋਈ ਸੱਚਾ ਨਹੀਂ, ਕੋਈ ਝੂਠਾ ਨਹੀਂ। ਦਰਅਸਲ ਨਿਆਂ ਏਥੇ ਦੋ ਵਿਰੋਧੀ ਧਿਰਾਂ ਦੇ ਟਕਰਾਅ/ਸੰਘਰਸ਼/ਯੁੱਧ ਦੀ ਰਿਚੁਅਲਾਈਜ਼ੇਸ਼ਨ ਦਾ ਹੀ ਨਾਮ ਹੈ। ਕਿਸੇ ਤੀਸਰੀ ਧਿਰ ਦਾ ਕੋਈ ਲੈਣਾ ਦੇਣਾ ਨਹੀਂ। ਦੋ ਧਿਰਾਂ ਵਿਚਕਾਰ ਚੱਲ ਰਹੇ ਯੁੱਧ ਦਾ ਇਕ ਨਿਯਮਤ ਰੂਪ ਵਿਚ ਰੂਪਾਂਤਰਣ। ਕਹਿਣ ਤੋਂ ਭਾਵ ਹੈ ਕਿ ਨਿਯਮ ਅਨੁਸਾਰ ਬਦਲਾ ਲੈਣਾ। ਜੇਕਰ ਕਿਸੇ ਦਾ ਕਤਲ ਹੋ ਜਾਂਦਾ ਹੈ ਤਾਂ ਕਾਨੂੰਨੀ ਢੰਗ ਨਾਲ ਕਤਲ ਦੀ ਕਿਸਮ ਮੁਤਾਬਕ ਕਾਤਲ ਦੇ ਕਤਲ ਦਾ ਢੰਗ ਨਿਰਧਾਰਿਤ ਕਰਨਾ। ਭਾਵੇਂ ਜੰਗ ਅਤੇ ਨਿਆਂ ਵਿਚਕਾਰ ਇਸ ਫਿਊਡਲ ਕਾਨੂੰਨ ਅੰਦਰ ਕੋਈ ਅੰਤਰ ਨਹੀਂ। ਪਰ ਦੋਵੇਂ ਧਿਰਾਂ ਬਦਲੇ ਦੀ ਭਾਵਨਾ ਤਿਆਗ ਕੇ ਕਿਸੇ ਸਮਝੌਤੇ ਤੇ ਵੀ ਪਹੁੰਚ ਸਕਦੀਆਂ ਸਨ। ਭਾਵ ਕਿ ਕਤਲ ਇਕ ਕੰਪਨਸੇਸ਼ਨ ਵਿਚ ਵੀ ਰੂਪਾਂਤ੍ਰਿਤ ਹੋ ਸਕਦਾ ਸੀ। ਕਾਤਲ ਆਪਣੇ ਕਤਲ ਦਾ ਮੁੱਲ ਉਤਾਰ ਕੇ ਜੀਅ ਸਕਦਾ ਸੀ, ਬਸ਼ਰਤੀਆ ਕਿ ਦੋਨੋਂ ਧਿਰਾਂ ਇਸ ਗੱਲ ਤੇ ਸਹਿਮਤ ਹੋਣ। ਕੋਈ ਤੀਸਰੀ ਧਿਰ ਸੱਚ ਝੂਠ ਦਾ ਨਿਖੇੜਾ ਕਰਨ ਜਾਂ ਫੈਸਲਾ ਥੋਪਣ ਦੀ ਸ਼ਕਤੀ ਨਹੀਂ ਸੀ ਰੱਖਦੀ। ਤੀਸਰੀ ਧਿਰ ਦਾ ਕੋਈ ਲੈਣ ਦੇਣ ਨਹੀਂ ਸੀ, ਉਹ ਤਾਂ ਕੇਵਲ ਸਾਲਸੀਆਂ ਦੇ ਰੂਪ ਵਿਚ ਹੀ ਆਪਣਾ ਰੋਲ ਨਿਭਾ ਸਕਦੀ ਸੀ। ਇਕ ਨਿਊਟਰਲ ਅਥਾਰਟੀ ਦੇ ਰੂਪ ਵਿਚ ਸੱਚ ਝੂਠ ਦੀ ਖੋਜ ਕਰਨਾ, ਉਸਦਾ ਕੰਮ ਨਹੀਂ ਸੀ। ਤਫਤੀਸ਼ ਜਾਂ ਪੜਤਾਲ ਦਾ ਵੀ ਉਸ ਕੋਲ ਕੋਈ ਅਧਿਕਾਰ ਨਹੀਂ ਸੀ। ਜੋ ਵੀ ਫੈਸਲਾ ਕਰਨਾ ਹੈ ਦੋਨੋਂ ਧਿਰਾਂ ਨੇ ਆਪਸੀ ਸੰਵਾਦ/ਸੰਘਰਸ਼ ਰਹੀ ਹੀ ਕਰਨਾ ਹੈ। ਦੋਨੋਂ ਧਿਰਾਂ ਦਾ ਆਪਸੀ ਸੰਘਰਸ਼ ਅਤੇ ਕੰਪਰੋਮਾਈਜ਼। ਕੌਰਵ ਸਭਾ

ਵਿਚ ਇਹ ਗੱਲ ਬੜੇ ਵਿਸਤਾਰ ਪੂਰਵਕ ਢੰਗ ਨਾਲ ਪੇਸ਼ ਹੁੰਦੀ ਹੈ। ਜਿਹੜੇ ਲੋਕ ਇਹ ਸਮਝਦੇ ਸਨ ਕਿ ਕਚਹਿਰੀ ਵਿਚੋਂ ਵੇਦ ਕਿਆਂ ਨੂੰ ਇਨਸਾਫ ਨਹੀਂ ਮਿਲਣ ਵਾਲਾ ਅਤੇ ਦੋਨੋਂ ਧਿਰਾਂ ਵਕੀਲਾਂ, ਪੁਲਿਸ ਅਫਸਰਾਂ, ਜੱਜਾਂ, ਡਾਕਟਰਾਂ ਆਦਿ ਦੇ ਹੱਥਾਂ ਵਿਚ ਰੁਲਦੀਆਂ ਰਹਿਣਗੀਆਂ, ਉਹ ਵੇਦ ਕਿਆਂ ਨੂੰ ਕਿਸੇ ਸਮਝੌਤੇ ਲਈ ਤਿਆਰ ਕਰਨ ਵਾਸਤੇ ਲਗਾਤਾਰ ਯਤਨਸ਼ੀਲ ਰਹੇ। ਅਜਿਹੇ ਲੋਕ ਵੇਦ ਨੂੰ ਅਕਸਰ ਆਖਦੇ "ਥਾਣੇ ਕਚਹਿਰੀ ਰੁਲ ਕੇ ਲੋਕਾਂ ਦੇ ਘਰ ਕਿਉਂ ਭਰਦੇ ਹੋ? ਘਰ ਦਾ ਮਸਲਾ ਘਰ ਬੈਠ ਕੇ ਨਬੇੜੋ।" ਪਰ ਇਹ ਗੱਲ ਵੇਦ ਦੇ ਜ਼ਖ਼ਮਾਂ ਉਪਰ ਨਮਕ ਛਿੜਕ ਜਾਂਦੀ। ਉਹ ਅਕਸਰ ਸੋਚਦਾ, "ਕੀ ਜਵਾਨ ਪੁੱਤ ਦੀ ਮੌਤ ਦਾ ਕੋਈ ਮੁੱਲ ਹੁੰਦਾ ਹੈ? ਕੀ ਕੁਆਰੀ ਧੀ ਦੀ ਇੱਜ਼ਤ ਦਾ ਕੋਈ ਮੁੱਲ ਹੁੰਦਾ ਹੈ? ਪੈਸਾ ਅਤੇ ਪਲਾਟ ਹੁਣ ਮੇਰੇ ਕਿਸ ਕੰਮ?"

ਜਦੋਂ ਰਿਸ਼ਤੇਦਾਰਾਂ ਨੂੰ ਸਮਝੌਤਾ ਕਰਾਉਣ ਵਿਚ ਕਾਮਯਾਬੀ ਨਾ ਮਿਲੀ ਤਾਂ ਇਹ ਜ਼ਿੰਮੇਵਾਰੀ ਸਮਾਜਕ ਅਧਿਕਾਰੀਆਂ ਨੇ ਸੰਭਾਲ ਲਈ। ਉਹ ਜਥੇਬੰਦੀਆਂ ਜਿਹੜੀਆਂ ਪਹਿਲੇ ਦਿਨਾਂ ਵਿਚ ਵੇਦ ਕਿਆਂ ਦੇ ਹੱਕ ਵਿਚ ਧਰਨੇ ਮਾਰਨ ਅਤੇ ਜਲੂਸ ਕੱਢਣ ਵਿਚ ਮੋਹਰੀ ਸਨ, ਸਮਝੌਤੇ ਦਾ ਸੁਝਾਅ ਦੇਣ ਲੱਗੀਆਂ। ਹੋਰ ਤਾਂ ਹੋਰ ਵੇਦ ਦੇ ਸਕੇ ਸਾਲਿਆਂ ਅਸ਼ਵਨੀ ਅਤੇ ਮੰਗਤ ਦਾ ਕਹਿਣਾ "ਪੰਕਜ ਹੋਰੀ ਅਮੀਰ ਹਨ, ਅਸੀਂ ਉਹਨਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਉਹ ਪੈਸਾ ਚੜ੍ਹਾ ਕੇ ਬਰੀ ਹੋ ਜਾਣਗੇ। ਪਿਛੋਂ ਮੂੰਹ ਦੀ ਖਾਣ ਨਾਲੋਂ ਹੁਣੇ ਲੈ ਦੇ ਕੇ ਪਿੱਛੇ ਹਟਣ ਵਿਚ ਬਿਹਤਰੀ ਹੈ," ਵੀ ਆਧੁਨਿਕ ਕਚਹਿਰੀ ਦੇ ਮੁਕਾਬਲੇ ਭਾਈਚਾਰਕ ਕਚਹਿਰੀ ਦੇ ਮਹੱਤਵ ਨੂੰ ਦਰਸਾਉਂਦਾ ਹੈ। ਪਰ ਵੇਦ ਤਾਂ ਇਸ ਜੰਗ ਨੂੰ ਜਾਰੀ ਰੱਖਦੇ ਹੋਏ, ਬਦਲਾ ਲੈਣਾ ਚਾਹੁੰਦਾ ਸੀ। ਵੇਦ ਨੂੰ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਅਜਿਹੀ ਜੰਗ ਤਾਂ ਕੇਵਲ ਫਿਊਡਲ ਕਾਨੂੰਨ ਵਿਚ ਹੀ ਸੰਭਵ ਸੀ। ਏਥੇ ਤਾਂ ਫੈਸਲਾ ਬੇਗਾਨਿਆਂ ਦੇ ਹੱਥ ਵਿਚ ਹੈ, ਜਿਹਨਾਂ ਦੀ ਮੋਹਨ ਕਿਆਂ ਜਾਂ ਵੇਦ ਕਿਆਂ ਵਿਚ ਕੋਈ ਦਿਲਚਸਪੀ ਨਹੀਂ, ਕੇਵਲ ਆਪਣੇ ਹੀ ਹਿੱਤਾਂ ਵਿਚ ਦਿਲਸਚਸਪੀ ਹੈ। ਵੇਦ ਕਿਆਂ ਕੋਲ ਤਾਂ ਕੇਸ ਵਾਪਿਸ ਲੈਣ ਦਾ ਵੀ ਅਧਿਕਾਰ ਨਹੀਂ।

ਪਰ ਇਹ ਬੇਗਾਨੀ ਧਿਰ ਕਿੱਥੋਂ ਅਤੇ ਕਿਵੇਂ ਆ ਗਈ? ਦੋਂ ਧਿਰਾਂ ਦੀ ਲੜਾਈ ਵਿਚੋਂ ਇਸ ਤੀਸਰੀ ਧਿਰ ਨੇ ਆਪਣੀ ਕਮਾਈ ਕਿਵੇਂ ਸ਼ੁਰੂ ਕਰ ਲਈ? ਜੇ ਦੋ ਮੁਲਕ ਆਪਣੇ ਲੜਾਈ ਝਗੜੇ ਮੁਕਾਉਣ ਲਈ ਕਿਸੇ ਤੀਸਰੀ ਧਿਰ ਦੇ ਦਖਲ ਨੂੰ ਬਰਦਾਸ਼ਤ ਨਹੀਂ ਕਰਦੇ। ਸਾਰੇ ਫੈਸਲੇ ਆਪਸੀ ਗੱਲ ਬਾਤ ਰਾਹੀਂ ਨਿਪਟਾਉਣ ਨੂੰ ਹੀ ਤਰਜੀਹ ਦਿੰਦੇ ਹਨ, ਤਾਂ ਇਸ ਦੋ ਧਿਰਾਂ ਦੇ ਆਪਸੀ ਲੜਾਈ ਝਗੜੇ ਵਿਚ ਇਹ ਤੀਸਰੀ ਧਿਰ ਕਿਥੋਂ ਆ ਗਈ? ਇਸ ਤੀਸਰੀ ਧਿਰ ਦਾ ਦਾਖਲਾ ਕਿਵੇਂ ਅਤੇ ਕਿਹੜੀਆਂ ਲੋੜਾਂ ਨੂੰ ਮੁਖ ਰੱਖ ਦੇ ਹੋਇਆ, ਇਸ ਸੁਆਲ ਦੇ ਜੁਆਬ ਵਿਚੋਂ ਹੀ ਸਾਨੂੰ ਆਧੁਨਿਕ ਨਿਆਂ ਪ੍ਰਣਾਲੀ ਦੇ ਉਦਭਵ ਅਤੇ ਵਿਕਾਸ ਦਾ ਪਤਾ ਚੱਲੇਗਾ।

**ਆਧੁਨਿਕ ਨਿਆਂ ਪਰਨਾਲੀ :**

ਇਹ ਤੀਸਰੀ ਧਿਰ ਕੋਈ ਹੋਰ ਨਹੀਂ, ਸਟੇਟ ਪਾਵਰ ਹੀ ਹੈ। ਕੌਰਵ ਸਭਾ ਵਿਚ ਵਾਰ-ਵਾਰ ਪੇਸ਼ ਹੋਣ ਵਾਲਾ ਸਰਕਾਰੀ ਵਕੀਲ ਭਲਾ ਕੌਣ ਹੈ ਅਤੇ ਉਹ ਏਥੇ ਕੀ ਕਰ ਰਿਹਾ ਹੈ? ਵੇਦ ਕਿਆਂ ਅਤੇ ਮੋਹਨ ਕਿਆਂ ਦੇ ਵਕੀਲ ਠੀਕ ਹਨ, ਜੱਜ ਜਿਸਨੇ ਫੈਸਲਾ ਕਰਨਾ ਹੈ, ਵੀ ਚਲੋ ਠੀਕ ਹੈ, ਪਰ ਇਸ ਸਰਕਾਰੀ ਵਕੀਲ ਦਾ ਏਥੇ ਕੀ ਕੰਮ। ਉਹ ਕਿਸ ਦਾ ਪੱਖ ਪੂਰਨ ਲਈ ਆਉਂਦਾ ਹੈ। ਉਹ ਵੇਦ ਕਿਆਂ ਦਾ ਪੱਖ ਪੂਰਨ ਨਹੀਂ ਆਉਂਦਾ। ਉਹ ਸਟੇਟ ਦਾ ਹੀ ਪੱਖ ਪੂਰਨ ਲਈ ਆਉਂਦਾ ਹੈ।

ਸਟੇਟ ਦਾ ਇਸ ਮੁਕੱਦਮੇ ਨਾਲ ਕੀ ਲੈਣਾ ਦੇਣਾ? ਇਕ ਮੁਲਜ਼ਮ ਧਿਰ ਹੁੰਦੀ ਹੈ, ਇਕ ਮੁਦੱਈ ਧਿਰ। ਦੋਨਾਂ ਦੇ ਵਕੀਲ ਹੋ ਗਏ। ਪਰ ਸਰਕਾਰ ਨੇ ਇਸ ਮੁਕੱਦਮੇ ਵਿਚ ਇਕ ਧਿਰ ਬਣਕੇ ਜੋ ਵਕੀਲ ਕੀਤਾ ਹੋਇਆ ਹੈ ਤਾਂ ਕਿਉਂ? ਉਸ ਦਾ ਕੀ ਕੰਮ? ਸਟੇਟ ਦੀ ਦਲੀਲ ਇਹ ਹੈ ਕਿ ਜੇ ਕਮਲ ਦਾ ਕਤਲ ਹੋਇਆ ਹੈ, ਨੇਹਾ ਦਾ ਬਲਾਤਕਾਰ ਹੋਇਆ ਅਤੇ ਘਰ ਵਿਚ ਡਾਕਾ ਪਿਆ ਹੈ, ਤਾਂ ਇਸ ਨਾਲ ਸਟੇਟ ਦੇ ਅਮਨ ਕਾਨੂੰਨ ਨੂੰ ਠੇਸ ਪਹੁੰਚੀ ਹੈ। ਕੇਵਲ ਵੇਦ ਪਰਿਵਾਰ ਦਾ ਹੀ ਨੁਕਸਾਨ ਨਹੀਂ ਹੋਇਆ, ਸਟੇਟ ਦਾ ਵੀ ਨੁਕਸਾਨ ਹੋਇਆ ਹੈ, ਉਸ ਦੀ ਅਥਾਰਟੀ ਚੈਲੰਜ ਹੋਈ ਹੈ। ਇਸ ਲਈ ਮੁਦੱਈ ਧਿਰ ਵਾਂਗ ਸਟੇਟ ਨੂੰ ਵੀ ਆਪਣੇ ਨੁਕਸਾਨ ਦਾ ਹਰਜਾਨਾ ਚਾਹੀਦਾ ਹੈ। ਇਸ ਤਰ੍ਹਾਂ ਸਟੇਟ ਇਕ ਤੀਸਰੀ ਧਿਰ ਵਜੋਂ ਪੇਸ਼ ਹੋ ਕੇ ਕੇਸ ਨੂੰ ਗੁੰਝਲਦਾਰ ਬਣਾ ਦਿੰਦੀ ਹੈ।

ਸਟੇਟ ਨੂੰ ਰੀਪਰੀਜੈਂਟ ਕਰਨ ਵਾਲੇ ਸਰਕਾਰੀ ਵਕੀਲ ਦਾ ਨਿਆਂ ਪ੍ਰਬੰਧ ਨੂੰ ਬਿਊਰੋਕਰੇਟਾਈਜ਼ ਕਰਨ ਵਿਚ ਬਹੁਤ ਹੀ ਮਹੱਤਵਪੂਰਨ ਰੋਲ ਹੈ, ਜਿਸ ਦੀ ਮਿੱਤਰ ਸੈਨ ਮੀਤ ਨੇ ਇਸ ਨਾਵਲ ਵਿਚ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਪੇਸ਼ਕਾਰੀ ਕੀਤੀ ਹੈ: ''ਜਦੋਂ ਮੁਦੱਈ ਧਿਰ ਦਾ ਵਕੀਲ ਰਾਮ ਨਾਥ ਬਹਿਸ ਕਰਨ ਲਈ ਇਜਾਜ਼ਤ ਮੰਗਦਾ ਹੈ ਤਾਂ, ਸਫਾਈ ਧਿਰ ਦੇ ਵਕੀਲ ਉਸ ਨੂੰ ਬੇਹੇ ਕੜਾਹ ਵਾਂਗ ਪੈ ਗਏ। ਕਾਨੂੰਨ ਦੀਆਂ ਕਿਤਾਬਾਂ ਦੇ ਢੇਰ ਉਹਨਾਂ ਜੱਜ ਅੱਗੇ ਰੱਖ ਦਿੱਤੇ। ਉਹਨਾਂ ਦਾ ਕਹਿਣਾ ਸੀ ਕਿ ਇਹ ਸਰਕਾਰ ਦਾ ਕੇਸ ਸੀ। ਸਰਕਾਰ ਦਾ ਪੱਖ ਪੂਰਣ ਲਈ ਸਰਕਾਰੀ ਵਕੀਲ ਹਾਜ਼ਰ ਸੀ। ਮੁਦੱਈ ਧਿਰ ਦੇ ਵਕੀਲ ਨੂੰ ਬੋਲਣ ਦਾ ਕੋਈ ਹੱਕ ਨਹੀਂ। ਸੁਪਰੀਮ ਕੋਰਟ ਨੇ ਇਕ ਵਾਰ ਨਹੀਂ, ਸੌ ਵਾਰ ਇਸ ਨਿਯਮ ਦੀ ਪ੍ਰੋੜਤਾ ਕੀਤੀ ਸੀ।''

ਜਦੋਂ ਸਰਕਾਰ ਇਕ ਧਿਰ ਹੀ ਬਣ ਗਈ। ਪ੍ਰਮੁੱਖ ਧਿਰ। ਮੁਕੱਦਮਾ ਵੀ ਉਸੇ ਵੱਲੋਂ ਦਰਜ ਹੁੰਦਾ ਹੈ ਤਾਂ ਫੇਰ ਮੁਲਜ਼ਮ ਅਤੇ ਮੁਦੱਈ ਧਿਰਾਂ ਆਪਸ ਵਿਚ ਕੋਈ ਸਮਝੌਤਾ ਵੀ ਕਿਵੇਂ ਕਰ ਸਕਦੀਆਂ ਹਨ। ਸੋ ਸਰਕਾਰੀ ਧਿਰ ਦੇ ਪ੍ਰਮੁਖ ਧਿਰ ਵਜੋਂ ਸ਼ਾਮਲ ਹੋ ਜਾਣ ਨਾਲ, ਮੁਲਜ਼ਮ ਅਤੇ ਮੁਦੱਈ ਧਿਰਾਂ ਨੇ ਭਾਈਚਾਰਕ ਕਚਹਿਰੀ ਵਿਚ ਸੁਲਾਹ ਸਫਾਈ ਨਾਲ ਕਿਸੇ ਸਾਂਝੇ ਫੈਸਲੇ ਤੇ ਪੰਹੁਚਣ ਦਾ ਆਪਣਾ ਹੱਕ ਵੀ ਗੁਆ ਲਿਆ। ਕਮਲ ਦੇ ਕਤਲ ਦਾ ਦੁੱਖ ਕੇਵਲ ਵੇਦ ਪਰਿਵਾਰ ਨੂੰ ਹੀ ਨਹੀਂ, ਸਰਕਾਰ ਨੂੰ ਵੀ ਹੈ ਜਿਸਦਾ ਇਸ ਕਤਲ ਨਾਲ ਕਾਨੂੰਨ ਭੰਗ ਹੋਇਆ ਹੈ। ਮਸਲਾ ਵੇਦ ਕਿਆਂ ਅਤੇ ਮੋਹਨ ਕਿਆਂ ਵਿਚਲੀ ਲੜਾਈ ਦਾ ਨਹੀਂ, ਅਮਨ ਕਾਨੂੰਨ ਦੇ ਭੰਗ ਹੋਣ ਨਾਲ ਹੋਏ

ਸਟੇਟ ਦੇ ਨੁਕਸਾਨ ਦਾ ਵੀ ਹੈ।

ਸਰਕਾਰ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਇਸ ਕਤਲ, ਬਲਾਤਕਾਰ ਅਤੇ ਡਾਕੇ ਰਾਹੀਂ ਸਟੇਟ ਦਾ ਕਿਸਨੇ ਕਿੰਨਾ ਨੁਕਸਾਨ ਕੀਤਾ ਹੈ। ਇਸ ਕੰਮ ਲਈ ਤਫ਼ਤੀਸ਼ ਦੀ ਜ਼ਰੂਰਤ ਹੈ। ਇਸ ਤਰ੍ਹਾਂ ਤਫ਼ਤੀਸ਼ ਦੀ ਜ਼ਿੰਮੇਵਾਰੀ ਲੈ ਕੇ ਪੁਲਿਸ ਦਾ ਪੂਰਾ ਮਹਿਕਮਾ ਹੀ ਇਸ ਨਿਆਂ ਪ੍ਰਣਾਲੀ ਵਿਚ ਆ ਸ਼ਾਮਲ ਹੁੰਦਾ ਹੈ। ਇਸ 'ਤਫ਼ਤੀਸ਼' ਵਿਚ ਏਨੀ ਸ਼ਕਤੀ ਹੈ ਕਿ ਇਸ 'ਤਫ਼ਤੀਸ਼' ਦਾ ਸਹਾਰਾ ਲੈ ਕੇ ਪੁਲਿਸ ਪਹਿਲੇ ਤਾਂ ਪੰਕਜ ਅਤੇ ਨੀਰਜ ਨੂੰ ਇਸ ਕੇਸ ਵਿਚ ਫਸਾ ਕੇ ਪੈਸੇ ਵਸੂਲਦੀ ਹੈ ਅਤੇ ਫੇਰ ਇਸ ਕੇਸ ਵਿਚੋਂ ਬਰੀ ਕਰਕੇ। ਹਾਈਕੋਰਟ ਦਾ ਰਜਿਸਟਰਾਰ ਪ੍ਰਤਾਪ ਸਿੰਘ ਪੰਕਜ ਨੂੰ ਆਖਦਾ ਹੈ, "ਤੂੰ ਪਹਿਲਾਂ ਜ਼ਮਾਨਤ ਕਰਵਾ ਲੈ। ਫੇਰ ਮੈਂ ਤੇਰਾ ਇਹ ਇੰਤਜ਼ਾਮ ਵੀ ਕਰਦਾ ਹਾਂ। ਕਰਾਈਮ ਬਰਾਂਚ ਦਾ ਆਈ ਜੀ ਮੇਰਾ ਯਾਰ ਹੈ। ਵਕੀਲ ਕੋਲੋਂ ਅੱਜ ਹੀ ਦਰਖਾਸਤ ਟਾਈਪ ਕਰਵਾਉਂਦੇ ਹਾਂ। ਉਹ ਅਰਜ਼ੀ ਮੈਂ ਪੁਲਿਸ ਮੁਖੀ ਕੋਲੋਂ ਉਸਦੇ ਨਾਂ ਮਾਰਕ ਕਰਵਾ ਲਵਾਂਗਾ। ਉਸ ਕੋਲੋਂ (ਝੂਠੀ) ਪੜਤਾਲ ਕਰਵਾ ਕੇ ਤੁਹਾਨੂੰ ਕੇਸ ਵਿਚੋਂ ਕਢਵਾ ਲਵਾਂਗੇ।"

ਇਸ ਤਰ੍ਹਾਂ ਪੜਤਾਲ ਜਾਂ ਤਫਤੀਸ਼ ਦੀ ਜ਼ਿੰਮੇਵਾਰੀ ਲੈ ਕੇ ਪੁਲਿਸ ਵੀ ਸਰਕਾਰੀ ਵਕੀਲ ਵਾਂਗ ਕਾਨੂੰਨੀ ਅਫਸਰਸ਼ਾਹੀ ਦਾ ਅਤੀ ਮਹੱਤਵਪੂਰਨ ਅਤੇ ਅਨਿਖੜਵਾਂ ਅੰਗ ਬਣ ਜਾਂਦੀ ਹੈ। ਪੁਲਿਸ ਕੇਸ ਨੂੰ ਕਿਵੇਂ ਕਿਵੇਂ ਅਤੇ ਕਿਹੜੇ ਕਿਹੜੇ ਮੋੜ ਦਿੰਦੀ ਹੈ, ਅਤੇ ਉਹ ਮੋੜ੍ਹ ਕਿੰਨ੍ਹਾਂ ਪ੍ਰਭਾਵਾਂ ਅਧੀਨ ਦਿੰਦੀ ਹੈ ਅਤੇ ਇਸ ਵਿਚ ਇਕ ਸਾਧਾਰਣ ਸਿਪਾਹੀ ਤੋਂ ਲੈ ਕੇ ਡੀ.ਜੀ.ਪੀ. ਅਤੇ ਗ੍ਰਹਿ ਸਕੱਤਰ ਤੱਕ ਕਿਵੇਂ ਸ਼ਾਮਲ ਹੁੰਦੇ ਹਨ, ਇਸ ਗੱਲ ਦੀ ਕੌਰਵ ਸਭਾ ਵਿਚ ਪੂਰੇ ਵਿਸਤਾਰ ਸਹਿਤ ਅਲੋਚਨਾਤਮਕ ਪੇਸ਼ਕਾਰੀ ਕੀਤੀ ਗਈ ਹੈ।

ਇਹ ਆਖਣਾ ਕਿ ਆਧੁਨਿਕ ਨਿਆਂ ਪ੍ਰਣਾਲੀ ਪੂਰੀ ਤਰ੍ਹਾਂ ਨਾਲ ਪੁਲਿਸ ਦੀ ਤਫ਼ਤੀਸ਼ ਉਪਰ ਨਿਰਭਰ ਕਰਦੀ ਹੈ, ਗਲਤ ਨਹੀਂ ਹੋਵੇਗਾ। ਜਦੋਂ ਆਈ ਜੀ. ਕਰਾਈਮ ਵੱਲੋਂ ਕੀਤੀ ਗਈ ਤਫ਼ਤੀਸ਼ ਬਾਰੇ ਪਤਾ ਚੱਲਦਾ ਹੈ ਤਾਂ ਰਾਮ ਨਾਥ ਪ੍ਰਧਾਨ ਨੂੰ ਆਖਦਾ ਹੈ, ''ਕਾਨੂੰਨ ਪਹਿਲਾਂ ਠੀਕ ਰਸਤੇ ਚੱਲਦਾ ਸੀ। ਹੁਣ ਚੱਲਣੋ ਹਟ ਗਿਆ ਹੈ। ਆਈ.ਜੀ. (ਕਰਾਈਮ) ਪਕੰਜ ਅਤੇ ਨੀਰਜ ਨੂੰ ਨਿਰਦੋਸ਼ ਕਰਾਰ ਦੇ ਰਿਹਾ ਹੈ। ਜੇ ਉਹ ਨਿਕਲ ਗਏ ਫੇਰ ਸਾਨੂੰ ਕਾਹਦਾ ਇਨਸਾਫ਼ ਮਿਲੂ।" ਪੁਲਿਸ ਦੀ ਤਫਤੀਸ਼ ਵਿਚ ਏਨੀ ਸ਼ਕਤੀ ਹੈ ਕਿ ਅਦਾਲਤ ਵੀ ਉਸ ਵਿਚ ਦਖਲ ਨਹੀਂ ਦੇ ਸਕਦੀ, ਇਸੇ ਲਈ ਜਦੋਂ ਇਸ ਤਫਤੀਸ਼ ਦਾ ਹਵਾਲਾ ਦੇ ਕੇ ਰਾਮ ਨਾਥ ਵਿਕਟਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਨੂੰ ਕੋਈ ਹੀਲਾ ਕਰਨ ਲਈ ਕਹਿੰਦਾ ਹੈ ਤਾਂ ਉਹ ਜੁਆਬ ਦਿੰਦਾ ਹੈ, "ਦੱਸੋ ਆਪਾਂ ਕਿਸ ਕਾਨੂੰਨ ਤਹਿਤ ਕਾਰਵਾਈ ਰੋਕਾਂਗੇ? ਅਦਾਲਤ ਤਫਤੀਸ਼ ਵਿਚ ਦਖਲ ਨਹੀਂ ਦੇ ਸਕਦੀ। ਤੁਹਾਡੀ ਨਜ਼ਰ ਵਿਚ ਕੋਈ ਨੁਕਤਾ ਹੈ ਤਾਂ ਦੱਸੋ?"

ਸਰਕਾਰੀ ਵਕੀਲ ਅਤੇ ਤਫ਼ਤੀਸ਼ (ਪੁਲਿਸ) ਦੇ ਮਹੱਤਵ ਨੂੰ ਦੇਖਦੇ ਹੋਏ ਤਾਂ ਇਹ ਕਹਿਣਾ ਬਹੁਤ ਕਠਿਨ ਹੋਵੇਗਾ ਕਿ ਸਾਡੀ ਮੌਜੂਦਾ ਨਿਆਂ ਪ੍ਰਣਾਲੀ ਆਪਣੇ ਆਪ ਵਿਚ ਇਕ ਅਜ਼ਾਦ ਅਤੇ ਖੁਦਮੁਖਤਾਰ ਸੰਸਥਾ ਹੈ। ਇਸ ਦੀ ਥਾਂ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਇਹ ਨਿਆਂ ਪ੍ਰਣਾਲੀ ਸਟੇਟ ਬਿਊਰੋਕਰੇਸੀ ਦਾ ਹੀ ਇਕ ਅੰਗ ਹੈ। ਸੋ, ਇਸ ਤਰ੍ਹਾਂ ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ ਕੌਰਵ ਸਭਾ ਵਿਚ ਮੌਜੂਦਾ ਨਿਆਂ ਪ੍ਰਣਾਲੀ ਨੂੰ ਸਟੇਟ ਬਿਊਰੋਕਰੇਸੀ/ਰੀਪਰੈਸਿਵ ਸਟੇਟ ਅਪਰੇਟਿਸ ਦੇ ਰੂਪ ਵਿਚ ਪੇਸ਼ ਕਰਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਨਿਆਂ ਪ੍ਰਣਾਲੀ ਦਾ ਕਰੱਤਵ ਲੋਕਾਂ ਨੂੰ ਨਿਆਂ ਦੇਣਾ ਨਹੀਂ, ਸਟੇਟ ਦਾ ਦਬਦਬਾ ਕਾਇਮ ਰੱਖਦੇ ਹੋਏ ਸਟੇਟ ਦੀ ਵਿਚਾਰਧਾਰਾ ਦਾ ਪੁਨਰ ਉਤਪਾਦਨ ਕਰਨਾ ਹੈ।

ਇਹ ਦੇਖਣ ਤੋਂ ਬਾਅਦ ਕਿ ਸਟੇਟ ਦੀ ਬਿਊਰੋਕਰੇਸੀ (ਕੌਰਵ ਸਭਾ) ਨੇ ਦਰੋਪਦੀ (ਕਾਨੂੰਨ) ਨੂੰ ਕਿਵੇਂ ਹੈਲਪਲੈੱਸ ਕਰਕੇ ਰੱਖਿਆ ਹੋਇਆ ਹੈ, ਇਹ ਵੀ ਦੇਖ ਲਿਆ ਕਿ ਇਹ ਕਾਨੂੰਨੀ ਬਿਊਰੋਕਰੇਸੀ ਆਪਣੇ ਨਿੱਜੀ ਮੁਫਾਦਾਂ ਲਈ ਦਰੋਪਦੀ (ਕਾਨੂੰਨ) ਨੂੰ ਕਿਵੇਂ ਨੰਗਿਆ ਕਰ ਰਹੀ ਹੈ, ਕੇਵਲ ਇਹ ਸਮਝਣਾ ਹੀ ਬਾਕੀ ਰਹਿ ਜਾਂਦਾ ਹੈ ਕਿ ਇਸ ਦਰੋਪਦੀ ਨੂੰ ਕੌਰਵ ਸਭਾ ਤੋਂ ਕਿਵੇਂ ਆਜ਼ਾਦ ਕਰਵਾਉਣਾ ਹੈ। ਡਾ. ਕੇਸਰ ਸਿੰਘ ਕੇਸਰ ਦਾ ਇਹ ਕਹਿਣਾ ਕਿ "ਰਾਮ ਨਾਥ, ਹਰੀਸ਼ ਰਾਇ, ਊਧਮ ਸਿੰਘ ਤੇ ਨੇਹਾ ਵਰਗੇ ਸਮਝਦਾਰ ਅਤੇ ਬਾਜ਼ਮੀਰ ਵਿਅਕਤੀ, ਵਿਕਰਮ ਵੈਲਫੇਅਰ ਸੁਸਾਇਟੀ ਵਰਗੀਆਂ ਸੰਸਥਾਵਾਂ, ਵਿਦਿਆਥੀ ਹੜਤਾਲ ਵਰਗੇ ਅੰਦੋਲਨ, ਨਿਆਂ ਪ੍ਰਣਾਲੀ ਵਿਚ ਸੁਧਾਰ ਤਾਂ ਲਿਆ ਸਕਦੇ ਹਨ, ਇਸ ਵਿਚ ਇਨਕਲਾਬ ਭਾਵ ਸਿਫਤੀ ਤਬਦੀਲ ਨਹੀਂ ਲਿਆ ਸਕਦੇ,'' ਸ਼ਾਇਦ ਪੂਰੀ ਤਰ੍ਹਾਂ ਦਰੁਸਤ ਨਹੀਂ ਹੈ। ਸਿਫਤੀ ਤਬਦੀਲੀ ਤਾਂ ਦੂਰ ਦੀ ਗੱਲ, ਸੁਧਾਰ ਵੀ ਨਹੀਂ ਲਿਆ ਸਕਦੇ। ਦਰੋਪਦੀ (ਨਿਆਂ) ਨੂੰ ਕੌਰਵ ਸਭਾ ਦੇ ਚੁੰਗਲ ਵਿਚੋਂ ਬਾਹਰ ਕੱਢਣਾ ਤਾਂ ਦੂਰ ਦੀ ਗੱਲ, ਇਸ ਦੇ ਨੰਗੇਜ਼ਪਨ ਨੂੰ ਢੱਕ ਵੀ ਨਹੀਂ ਸਕਦੇ। ਇਹ ਇਸ ਲਈ ਕਿਉਂਕਿ ਭ੍ਰਿਸ਼ਟਾਚਾਰ, ਅਨੈਤਿਕਤਾ, ਧੱਕੇਸ਼ਾਹੀ, ਸਮਾਜਕ ਤਬਦੀਲੀ ਦਾ ਵਿਰੋਧ, ਸੰਸਥਾਪਨ ਸੁਧਾਰਾਂ ਵਿਚ ਅੜਿੱਚਣ, ਅਕੁਸ਼ਲਤਾ ਆਦਿ ਨੇ ਬਿਊਰੋਕਰੇਸੀ ਨੂੰ ਕੇਵਲ ਕਲੰਕਿਤ ਹੀ ਨਹੀਂ ਕੀਤਾ ਹੋਇਆ, ਜਿਹਨਾਂ ਤੋਂ ਇਸ ਨੂੰ ਮੁਕਤ ਕਰਵਾਉਣ ਦੀ ਲੋੜ ਹੈ, ਬਲਕਿ ਇਹ ਸਭ ਤਾਂ ਬਿਊਰੋਕਰੇਸੀ ਦਾ ਸਥਾਈ ਖਾਸਾ ਹਨ। ਦੂਸਰੇ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਇਹਨਾਂ ਤਰੁੱਟੀਆਂ ਨੂੰ ਦੂਰ ਕਰਨ ਲਈ ਬਿਊਰੋਕਰੇਸੀ ਨੂੰ ਲੋਕਾਂ ਪ੍ਰਤੀ ਜੁਆਬ ਦੇਹ ਬਨਾਉਣ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ, ਕਿਉਂਕਿ ਜੇ ਉਹ ਜ਼ਿੰਮੇਵਾਰ ਅਤੇ ਜੁਆਬਦੇਹ ਹੋ ਗਈ ਤਾਂ ਉਹ ਬਿਊਰੋਕਰੇਸੀ ਹੀ ਨਹੀਂ ਰਹੇਗੀ। ਜਮਹੂਰੀ ਸੰਸਥਾ ਬਣ ਜਾਵੇਗੀ।

**ਭਾਈਚਾਰਕ ਕਚਹਿਰੀ ਦਾ ਆਧੁਨਿਕ ਨਿਆਂ ਪਰਨਾਲੀ ਵਿਚ ਰੂਪਾਂਤਰਣ:**

ਇਹ ਦੇਖਣ ਲਈ ਕਿ ਵਿਰੋਧੀ ਧਿਰਾਂ ਦੇ ਆਪਸੀ ਸੰਘਰਸ਼/ਸੰਵਾਦ ਰਾਹੀਂ ਸਾਂਝੇ ਰਿਸ਼ਤੇਦਾਰਾਂ/ ਸਾਲਸੀਆਂ ਦੀ ਹਾਜ਼ਰੀ ਵਿਚ ਕਿਸੇ ਸਮਝੌਤੇ ਤੇ ਪੁੰਹਚਣ ਦੀ ਭਾਈਚਾਰਕ ਕਚਹਿਰੀ ਦੀ ਪ੍ਰਥਾ ਇਕ ਆਧੁਨਿਕ ਕਚਹਿਰੀ ਵਿਚ ਕਿਵੇਂ ਰੂਪਾਂਤਰਤ ਹੋ ਗਈ, ਆਧੁਨਿਕ ਕਚਹਿਰੀ ਦੀ ਸੰਸਥਾ ਦਾ ਜੋ ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ ਵਿਚ ਬਿਆਨ ਕੀਤਾ ਹੈ, ਜਿਸ ਬਾਰੇ ਆਪਾਂ ਪਹਿਲਾਂ ਵੀ ਚਰਚਾ ਕਰ ਆਏ

ਹਾਂ, ਦਾ ਇਕ ਆਲੋਚਨਾਤਮਕ ਰੀਵਿਊ ਕਰ ਲੈਣਾ ਠੀਕ ਰਹੇਗਾ ਕਿਉਂਕਿ ਅਜਿਹਾ ਕਰਨ ਨਾਲ ਸਾਨੂੰ ਉਹਨਾ ਲੋੜਾਂ/ਮਜ਼ਬੂਰੀਆਂ/ਹਿੱਤਾਂ ਦਾ ਪਤਾ ਚੱਲੇਗਾ ਜਿਹਨਾਂ ਅਧੀਨ ਨਿਆਂ ਪ੍ਰਣਾਲੀ ਵਿਚ ਇਹ ਸਿਫਤੀ ਤਬਦੀਲੀ ਪੈਦਾ ਹੋਈ।

**1. ਅਦਾਲਤੀ ਸ਼ਕਤੀ (ਜੁਡੀਸ਼ੀਅਲ ਪਾਵਰ)**: ਮੱਧ ਯੁੱਗ ਦੇ ਅੱਧ ਤੱਕ ਅਦਾਲਤੀ ਸ਼ਕਤੀ ਨਾਂ ਦੀ ਕੋਈ ਚੀਜ਼ ਨਹੀਂ ਸੀ ਹੁੰਦੀ। ਝਗੜੇ ਵੀ ਹੁੰਦੇ ਸਨ ਅਤੇ ਝਗੜਿਆਂ ਦੇ ਫੈਸਲੇ ਵੀ ਹੁੰਦੇ ਸਨ। ਪਰ ਇਹ ਝਗੜੇ ਵਿਰੋਧੀ ਧਿਰਾਂ ਦੇ ਆਪਸੀ ਸੰਵਾਦ/ ਲੈਣ ਦੇਣ ਰਾਹੀਂ ਹੀ ਹੱਲ ਹੁੰਦੇ ਸਨ। ਸ਼ਕਤੀਸ਼ਾਲੀ ਧਿਰ ਇਹ ਦੇਖਣ ਲਈ ਹਾਜ਼ਰ ਹੁੰਦੀ ਸੀ ਕਿ ਦੋਨੋ ਧਿਰਾਂ ਸਹੀ ਢੰਗ ਨਾਲ ਫੈਸਲਾ ਕਰ ਲੈਣ। ਕੋਈ ਨਵਾਂ  ਬਖੇੜਾ ਨਾ ਖੜ੍ਹਾ ਕਰ ਲੈਣ। ਸ਼ਕਤੀਸ਼ਾਲੀ ਧਿਰ/ਰਾਜ ਸੱਤਾ ਇਕ ਸਾਲਸੀ ਦੇ ਰੂਪ ਵਿਚ ਹੀ ਹਾਜ਼ਰ ਹੁੰਦੀ ਸੀ, ਖ਼ੁਦਮੁਖ਼ਤਾਰ ਨਿਆਇਕ ਸ਼ਕਤੀ (ਜੁਡੀਸ਼ਲ ਪਾਵਰ) ਦੇ ਰੂਪ ਵਿਚ ਨਹੀਂ। ਕਹਿਣ ਤੋਂ ਭਾਵ ਹੈ ਕਿ ਜਿਹਨਾਂ ਹੱਥਾਂ ਵਿਚ ਰਾਜ ਸ਼ਕਤੀ ਅਤੇ ਸੈਨਿਕ ਸ਼ਕਤੀ ਹੁੰਦੀ ਸੀ, ਉਹਨਾਂ ਹੱਥਾਂ ਵਿਚ ਅਦਾਲਤੀ ਸ਼ਕਤੀ ਨਾਮ ਦੀ ਕੋਈ ਚੀਜ਼ ਹੀ ਨਹੀਂ ਸੀ ਹੁੰਦੀ। ਪਰ ਇਕ ਗੱਲ ਜ਼ਰੂਰ ਹੈ ਕਿ ਫੈਸਲੇ ਕਰਵਾਉਣ ਦੀ ਸ਼ਕਤੀ ਆਮ ਤੌਰ ਤੇ ਰੁਤਬੇ ਵਾਲੇ ਸ਼ਕਤੀਸ਼ਾਲੀ ਲੋਕਾਂ ਕੋਲ ਹੀ ਹੁੰਦੀ ਸੀ।

ਸ਼ਕਤੀਸ਼ਾਲੀ, ਅਮੀਰ ਅਤੇ ਰੁਤਬੇ ਵਾਲੇ ਲੋਕਾਂ ਕੋਲ ਇਹ ਜਿਹੜੀ ਫੈਸਲੇ ਕਰਵਾਉਣ ਦੀ ਸ਼ਕਤੀ ਸੀ, ਇਹ ਕੋਈ ਜੁਡੀਸ਼ੀਅਲ ਪਾਵਰ (ਅਦਾਲਤੀ ਸ਼ਕਤੀ) ਨਹੀਂ ਸੀ। ਅਦਾਲਤੀ ਸ਼ਕਤੀ ਤਾਂ ਉਸ ਸ਼ਕਤੀ ਦਾ ਨਾਮ ਹੈ ਜੋ ਵਿਰੋਧੀ ਧਿਰਾਂ ਕੋਲੋਂ ਆਪਸੀ ਗੱਲਬਾਤ ਰਾਹੀਂ ਫੈਸਲਾ ਕਰਨ ਦੀ ਸ਼ਕਤੀ ਖੋਹ ਕੇ ਉਹਨਾਂ ਉਪਰ ਆਪਣੇ ਫੈਸਲੇ ਥੋਪਣ ਦੀ ਸ਼ਕਤੀ ਰੱਖਦੀ ਹੋਵੇ। ਜਿਸ ਸ਼ਕਤੀ ਦੇ ਆਉਣ ਨਾਲ ਲੋਕਾਂ ਕੋਲੋਂ ਨਿੱਜੀ ਤੌਰ ਤੇ ਆਪਣੇ ਝਗੜੇ ਆਪ ਨਿਪਟਾਉਣ ਦਾ ਹੱਕ ਖੋਹ ਲਿਆ ਗਿਆ। ਹੁਣ ਉਹਨਾਂ ਨੂੰ ਆਪਸੀ ਝਗੜ ਨਿਪਟਾਉਣ ਲਈ ਇਸ ਬਾਹਰੀ ਸ਼ਕਤੀ (ਜੁਡੀਸ਼ੀਅਲ ਪਾਵਰ) ਅੱਗੇ ਸਿਰ ਝੁਕਾਉਣਾ ਪੈਂਦਾ ਸੀ। ਏਥੇ ਦੋ ਸੁਆਲ ਪੈਦਾ ਹੁੰਦੇ ਹਨ, ਪਹਿਲਾ ਕਿ ਇਸ ਲਈ ਜੁਡੀਸ਼ੀਅਲ ਪਾਵਰ ਦੀ ਲੋੜ ਹੀ ਕਿਉਂ ਪਈ ਅਤੇ ਦੂਸਰਾ ਇਹ ਕਿ ਇਸ ਜੁਡੀਸ਼ੀਅਲ ਪਾਵਰ ਦੀ ਸਾਰਥਕਤਾ ਪਿੱਛੇ ਕਿਹੜਾ ਤਰਕ ਕੰਮ ਕਰ ਰਿਹਾ ਸੀ।

ਆਧੁਨਿਕ ਪ੍ਰਣਾਲੀ ਦੀ ਸਾਰਥਕਤਾ ਪਿੱਛੇ ਕੰਮ ਕਰ ਰਹੇ ਤਰਕ ਨੂੰ ਸਮਝਣ ਤੋਂ ਪਹਿਲਾਂ ਜੇਕਰ ਇਹ ਜਾਣ ਲਿਆ ਜਾਵੇ ਕਿ ਜਗੀਰੂ ਨਿਆਂ ਪ੍ਰਣਾਲੀ ਪਿੱਛੇ ਕਿਹੜਾ ਤਰਕ ਕੰਮ ਕਰ ਰਿਹਾ ਸੀ ਤਾਂ ਗੱਲ ਸੌਖੀ ਸਮਝ ਲੱਗ ਜਾਵੇਗੀ। ਸ਼ਕਤੀਸ਼ਾਲੀ ਸਾਲਸੀ ਦੀ ਮੌਜੂਦਗੀ ਵਿਚ ਵਿਰੋਧੀ ਧਿਰਾਂ ਦੇ ਵਿਧਾ ਪੂਰਬਕ ਸੰਵਾਦ/ਸੰਘਰਸ਼ ਰਾਹੀਂ ਉਹਨਾਂ ਦੁਆਰਾ ਕਿਸੇ ਸਾਂਝੇ ਫੈਸਲੇ ਤੇ ਅਪੱੜਨ ਦੀ ਪ੍ਰਥਾ ਨੂੰ, ਜਿਸ ਦੀ ਆਪਾਂ ਕਾਫ਼ੀ ਚਰਚਾ ਕਰ ਲਈ ਹੈ, ਜਗੀਰੂ ਨਿਆਂ ਪ੍ਰਣਾਲੀ ਕਿਹਾ ਜਾਂਦਾ ਹੈ।

ਇਹ ਤਾਂ ਆਪਾਂ ਸਭ ਜਾਣਦੇ ਹਾਂ ਕਿ ਜਗੀਰੂ ਕਾਲ ਵਿਚ ਦੂਸਰੀਆਂ ਵਿਧੀਆਂ ਦੇ ਮੁਕਾਬਲੇ ਤਜਾਰਤ ਰਾਹੀਂ ਬਹੁਤ ਹੀ ਘੱਟ ਵਸਤੂਆਂ ਦਾ ਅਦਾਨ ਪ੍ਰਦਾਨ ਹੁੰਦਾ ਸੀ। ਬਹੁਤਾ ਅਦਾਨ ਪ੍ਰਦਾਨ ਤਾਂ ਵਿਰਾਸਤ ਅਤੇ ਯੁੱਧ ਰਾਹੀਂ ਹੁੰਦਾ ਸੀ। ਯੁੱਧ ਭਾਵ ਹਥਿਆਰਬੰਦ ਹਮਲੇਂ ਰਾਹੀਂ ਕਿਸੇ ਜ਼ਮੀਨ, ਕਿਲ੍ਹੇ ਜਾਂ ਸ਼ਹਿਰ ਉੱਪਰ ਕਬਜ਼ੇ ਰਾਹੀਂ ਵਸਤੂਆਂ ਦਾ ਅਦਾਨ ਪ੍ਰਦਾਨ। ਉਦਾਹਰਣ ਦੇ ਤੌਰ ਤੇ ਇਕ ਹਥਿਆਰਬੰਦ ਸੈਨਾ ਦਾ ਮੁਖੀ ਕਿਸੇ ਜ਼ਮੀਨ, ਕਿਲੇ, ਸ਼ਹਿਰ, ਜੰਗਲ ਜਾਂ ਹੋਰ ਕਿਸੇ ਕਿਸਮ ਦੀ ਜਾਇਦਾਦ ਉਪਰ ਕਬਜ਼ਾ ਕਰਕੇ ਆਪਣਾ ਹੱਕ ਜਤਾ ਸਕਦਾ ਸੀ। ਇਸ ਤਰ੍ਹਾਂ ਦੋ ਧਿਰਾਂ, ਇਕ ਉਹ ਜਿਸ ਦੀ ਜਾਇਦਾਦ ਉਪਰ ਕਬਜ਼ਾ ਕੀਤਾ ਗਿਆ ਹੈ, ਅਤੇ ਦੂਸਰੀ ਉਹ ਜਿਸਨੇ ਉਸਦੀ ਜਾਇਦਾਦ ਉਪਰ ਕਬਜ਼ਾ ਕੀਤਾ ਹੈ, ਸਾਲਸੀ ਜਾਂ ਸ਼ਕਤੀਸ਼ਾਲੀ ਧਿਰ ਦੀ ਮੌਜੂਦਗੀ ਜਾਂ ਗੈਰ ਮੌਜੂਦਗੀ ਵਿਚ ਇਕ ਸਾਂਝੇ ਫੈਸਲੇ ਤੇ ਪੰਹੁਚ ਜਾਂਦੇ ਹਨ, ਜਿਸ ਰਾਹੀਂ ਪੁਰਾਣਾ ਮਾਲਕ ਹਮਲਾਵਰ ਨੂੰ ਸਮਝੋਤੇ ਦੌਰਾਨ ਤਹਿ ਕੀਤੀ ਗਈ ਰਕਮ ਦੀ ਅਦਾਇਗੀ ਕਰਕੇ ਆਪਣੀ ਜਾਇਦਾਦ ਵਾਪਸ ਲੈ ਸਕਦਾ ਸੀ। ਇਹ ਯੁੱਧ ਅਤੇ ਨਿਆਂ ਦਾ ਇਕ ਸਾਂਝਾ ਜਿਹਾ ਰੂਪ ਹੈ। ਮੁਢਲੇ ਜਾਗੀਰੂ ਕਾਲ ਵਿਚ ਲੋਕ ਇਸੇ ਤਰ੍ਹਾਂ ਅਮੀਰ ਅਤੇ ਗਰੀਬ ਹੁੰਦੇ ਸਨ। ਵਸਤੂਆਂ ਅਤੇ ਜਾਇਦਾਦਾਂ ਦੇ ਆਦਾਨ ਪ੍ਰਦਾਨ ਦੀ ਇਹੋ ਹੀ ਪ੍ਰਮੁੱਖ ਵਿਧਾ ਸੀ। ਸੋ ਯੁੱਧ, ਮੁਕੱਦਮੇਬਾਜੀ ਅਤੇ ਧਨ ਦੌਲਤ ਦੇ ਅਦਾਨ ਪ੍ਰਦਾਨ ਨੂੰ ਇਕ ਦੂਸਰੇ ਤੋਂ ਨਖੇੜਨਾ ਮੁਸ਼ਕਲ ਸੀ।

**2. ਕਾਨੂੰਨੀ ਉਲੰਘਣਾ (ਇਨਫਰੈਕਸ਼ਨ)** : ਜਗੀਰੂ ਨਿਆਂ ਪ੍ਰਣਾਲੀ  ਵਿਚ ਅਦਾਲਤੀ ਡਰਾਮਾ ਦੋ ਧਿਰਾਂ ਵਿਚਕਾਰ ਹੀ ਚੱਲਦਾ ਸੀ। ਮੁਲਜ਼ਮ ਅਤੇ ਮਜ਼ਲੂਮ ਵਿਚਕਾਰ। ਪਰ ਜਿਵੇਂ ਕਿ ਆਪਾਂ ਪਹਿਲਾਂ ਦੇਖ ਆਏ ਹਾਂ ਕਿ ਸਰਕਾਰੀ ਵਕੀਲ ਦੇ ਇਹ ਆਖਣ ਤੋਂ ਬਾਅਦ ਕਿ ਨੁਕਸਾਨ ਸਿਰਫ ਵੇਦ ਪਰਿਵਾਰ ਦਾ ਹੀ ਨਹੀਂ ਹੋਇਆ, ਸਟੇਟ ਦਾ ਵੀ ਹੋਇਆ ਹੈ; ਇਸ ਅਪਰਾਧ ਰਾਹੀਂ ਸਟੇਟ ਦਾ ਕਾਨੂੰਨ ਭੰਗ ਕਰਕੇ ਸਟੇਟ ਨੂੰ ਵੀ ਜ਼ਰਬ ਪੁਚਾਈ ਗਈ ਹੈ; ਸਟੇਟ ਦੇ ਕਾਨੂੰਨ ਉਪਰ ਹਮਲਾ ਕੀਤਾ ਗਿਆ ਹੈ, ਇਸ ਗੱਲ ਨੇ ਜ਼ੁਰਮ ਦੀ ਪੁਰਾਣੀ ਧਾਰਨਾ ਨੂੰ ਬਦਲ ਕੇ ਕਾਨੂੰਨੀ ਉਲੰਘਣਾ (ਇਨਫਰੈਕਸ਼ਨ) ਦੀ ਨਵੀਂ ਧਾਰਨਾ ਸਾਹਮਣੇ ਲੈ ਆਂਦੀ। ਇਸੇ ਕਰਕੇ ਕਮਲ ਦੇ ਕਤਲ, ਨੇਹਾ ਦੇ ਬਲਾਤਕਾਰ ਅਤੇ ਵੇਦ ਦੇ ਘਰ ਉਪਰ ਡਾਕੇ ਦਾ ਕੇਸ ਵੇਦ ਪਰਿਵਾਰ ਵੱਲੋਂ ਨਹੀਂ, ਸਰਕਾਰ ਵੱਲੋਂ ਦਰਜ ਕਰਵਾਇਆ ਜਾਂਦਾ ਹੈ।

ਕਾਨੂੰਨੀ ਉਲੰਘਣਾ (ਇਨਫਰੈਕਸ਼ਨ) ਕਿਸੇ ਇਕ ਧਿਰ ਵੱਲੋਂ ਦੂਸਰੀ ਨੂੰ ਪਚਾਈ ਗਈ ਠੇਸ ਨਹੀਂ, ਸਗੋਂ  ਕਿਸੇ ਵੀ ਧਿਰ ਵੱਲੋਂ ਸੁਸਾਇਟੀ ਅਤੇ ਸੁਸਾਇਟੀ ਨੂੰ ਰੀਪਰੀਜੈਂਟ ਕਰਲ ਵਾਲੀ ਸਟੇਟ ਵਿਰੁੱਧ ਕੀਤਾ ਗਿਆ ਅਪਰਾਧ ਹੈ। ਸੋ ਇਨਫਰੈਕਸ਼ਨ ਦੀ ਧਾਰਨਾ ਉਹ ਵਿਧੀ ਹੈ ਜਿਸ ਰਾਹੀਂ ਰਾਜ ਸ਼ਕਤੀ ਸਮੁੱਚੇ ਨਿਆਂ ਪ੍ਰਬੰਧ ਨੂੰ ਆਪਣੇ ਅਧਿਕਾਰ ਹੇਠ ਲੈ ਆਉਂਦੀ ਹੈ। ਅਦਾਲਤੀ ਕਾਰਵਾਈ ਨੂੰ ਤਬਦੀਲ ਕਰ ਦਿੰਦੀ ਹੈ। ਇਸ ਹੱਦ ਤੱਕ ਤਬਦੀਲ ਕਰ ਦਿੰਦੀ ਹੈ ਕਿ ਸਟੇਟ ਜੋ ਪਹਿਲਾਂ ਇਕ ਧਿਰ ਵਜੋਂ ਦਾਖਲ ਹੋਈ ਸੀ, ਹੌਲੀ ਹੌਲੀ ਵਿਕਟਮ (ਮਜ਼ਲੂਮ) ਨੂੰ ਰੀਪਲੇਸ ਕਰਕੇ ਉਸਦੀ ਥਾਂ ਆਪ ਲੈ ਲੈਂਦੀ ਹੈ। ਜੇਕਰ ਸਟੇਟ ਦਾ ਕਾਨੂੰਨ ਭੰਗ ਹੋਇਆ ਹੈ, ਸਟੇਟ ਨੂੰ ਜ਼ਰਬ ਪਹੁੰਚੀ ਹੈ ਤਾਂ ਉਸ ਨੂੰ ਉਸਦਾ ਹਰਜਾਨਾ ਵੀ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ ਸਰਕਾਰ ਦੁਆਰਾ ਸਟੇਟ ਦਾ ਅਮਨ ਕਾਨੂੰਨ ਭੰਗ ਕਰਨ ਵਾਲੇ ਮੁਜਰਮਾਂ ਵਿਰੁੱਧ

ਜੁਰਮਾਨਿਆਂ ਅਤੇ ਕੁਰਕੀਆਂ ਦੀ ਕਹਾਣੀ ਸ਼ੁਰੂ ਹੁੰਦੀ ਹੈ।

ਕਿਉਂਕਿ ਜੁਰਮ ਕਾਨੂੰਨ ਦੀ ਉਲੰਘਣਾ ਦਾ ਨਾਮ ਹੈ ਅਤੇ ਕਾਨੂੰਨ ਆਮ ਤੌਰ ਤੇ ਸਮਾਜ ਦੀ ਭਲਾਈ ਲਈ ਬਣਾਇਆ ਜਾਂਦਾ ਹੈ, ਇਸ ਲਈ ਇਸ ਨਵੀਂ ਸੋਚ ਮੁਤਾਬਕ ਜੁਰਮ ਕਿਸੇ ਪਾਪ ਜਾਂ ਅਨੈਤਿਕਤਾ ਦਾ ਨਾਮ ਨਹੀਂ, ਇਕ ਸਮਾਜਕ ਅਹਿਦਨਾਮੇ ਨੂੰ ਤੋੜਨ ਦਾ ਨਾਮ ਹੈ। ਸਮਾਜਕ ਕਾਨੂੰਨ ਦੀ ਉਲੰਘਣਾ ਦਾ ਨਾਮ ਹੈ। ਸਮਾਜਕ ਸੰਕਟ ਜਾਂ ਸਮਾਜਕ ਬਿਮਾਰੀ ਦਾ ਨਾਮ ਹੈ। ਸੋ ਮੁਜਰਮ ਪਾਪੀ ਨਹੀਂ ਸਮਾਜਕ ਸ਼ੱਤਰੂ ਹੁੰਦਾ ਹੈ। ਕਾਨੂੰਨ ਅਤੇ ਕਚਹਿਰੀ ਦਾ ਉਦੇਸ਼ ਸਮਾਜਕ ਸ਼ੱਤਰੂ ਨੂੰ ਸਜ਼ਾ ਦੇਣਾ ਹੀ ਨਹੀਂ, ਭਾਵ ਕਿ ਕੇਵਲ ਇਹ ਦੇਖਣਾ ਹੀ ਨਹੀਂ ਕਿ ਉਸ ਨੇ ਕਿਹੜਾ ਸਮਾਜਕ ਜੁਰਮ ਕੀਤਾ ਹੈ, ਇਹ ਦੇਖਣ ਵੀ ਹੈ ਕਿ ਉਹ ਅਗਾਂਹ ਨੂੰ ਕੋਈ ਹੋਰ ਅਜਿਹਾ ਜੁਰਮ ਨਾ ਕਰੇ। ਜੁਰਮ ਦੀ ਸੰਭਾਵਨਾ ਨੂੰ ਰੋਕਣਾ ਵੀ ਕਾਨੂੰਨ ਦੀ ਜ਼ਿੰਮੇਵਾਰੀ ਹੈ। ਕਿਹੜੀਆਂ ਪ੍ਰਸਥਿਤੀਆਂ, ਘਟਨਾਵਾਂ ਅਤੇ ਵਿਅਕਤੀ ਭਵਿੱਖ ਵਿਚ ਅਮਨ ਕਾਨੂੰਨ ਲਈ ਸੰਕਟ ਪੈਦਾ ਕਰ ਸਕਦੇ ਹਨ ਅਤੇ ਉਹਨਾਂ ਨੂੰ ਕਿਵੇ ਂ ਰੋਕਣਾ ਹੈ, ਇਹ ਆਧੁਨਿਕ ਨਿਆਂ ਪ੍ਰਣਾਲੀ ਦੀ ਜ਼ਿੰਮੇਵਾਰੀ ਹੈ। ਸੋ ਜੁਰਮ ਦੀ ਇਸ ਨਵੀਂ ਪਰੀਭਾਸ਼ਾ ਨੇ ਆਧੁਨਿਕ ਨਿਆਂ ਪਰਨਾਲੀ ਨੂੰ ਸਮਾਜ ਉਪਰ ਆਪਣਾਂ ਨਿਯੰਤਰਣ ਸਥਾਪਤ ਕਰਨ ਦਾ ਪੂਰਨ ਅਧਿਕਾਰ ਦੇ ਦਿੱਤਾ। ਕਾਨੂੰਨ ਸਮਾਜਕ ਕੰਟਰੋਲ ਦਾ ਹੀ ਦੂਸਰਾ ਨਾਮ ਹੋ ਗਿਆ। ਪਰ ਇਹ ਤਾਂ ਸਪਸ਼ਟ ਹੀ ਹੈ ਕਿ ਇਕੱਲੀ ਕਚਹਿਰੀ (ਜੁਡੀਸ਼ਰੀ) ਸਮਾਜਕ ਕੰਟਰੋਲ ਦੀ ਜ਼ਿੰਮੇਵਾਰੀ ਨਹੀਂ ਸੀ ਨਿਭਾ ਸਕਦੀ। ਪੁਲਿਸ ਦੀ ਲੋੜ ਸੀ। ਵਿਜੀਲੈਂਸ ਦੀ ਲੋੜ ਸੀ। ਇੰਟੈਲੀਜੈਂਸ ਦੀ ਲੋੜ ਸੀ। ਸੁਰੱਖਿਆ ਬਲਾਂ ਦੀ ਲੋੜ ਸੀ। ਮਾਨਸਿਕ ਹਸਪਤਾਲਾਂ ਦੀ ਲੋੜ ਸੀ। ਸਮਾਜ ਸਿੱਖਿਆ ਦੀ ਲੋੜ ਸੀ। ਜੇਲ੍ਹਾਂ ਦੀ ਲੋੜ ਸੀ। ਸੋ ਇਸ ਤਰ੍ਹਾਂ ਪੁਲਿਸ, ਵਿਜੀਲੈਂਸ, ਇੰਟੈਲੀਜੈਂਸ, ਪੜਤਾਲ, ਇਨਫਰੈਕਸ਼ਨ, ਪਰੌਸੀਕਿਊਸ਼ਨ ਆਦਿ ਰਾਹੀਂ ਸਟੇਟ ਨਿਆਂ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਨਾਲ ਆਪਣੇ ਨਿਯੰਤਰਣ ਵਿਚ ਲੈ ਆਉਂਦੀ ਹੈ। ਸੋ ਆਧੁਨਿਕ ਨਿਆਂ ਪ੍ਰਣਾਲੀ ਸਟੇਟ ਕੰਟਰੋਲਡ ਨਿਆਂ ਪ੍ਰਬੰਧ ਦਾ ਹੀ ਦੂਸਰਾ ਨਾਮ ਹੈ।

### 3. ਸਮਾਜਕ ਕੰਟਰੋਲ:

ਸਮਾਜ ਉਪਰ ਨਿਆਂ ਪ੍ਰਣਾਲੀ ਦਾ ਕੰਟਰੋਲ ਅਤੇ ਨਿਆਂ ਪ੍ਰਣਾਲੀ ਉਪਰ ਸਟੇਟ ਦਾ ਕੰਟਰੋਲ, ਇਹ ਸੀ ਆਧੁਨਿਕ ਨਿਆਂ ਪ੍ਰਣਾਲੀ ਦਾ ਮੂਲ ਉਦੇਸ਼ ਜਿਸਨੂੰ ਸਾਹਮਣੇ ਰੱਖ ਕੇ ਅੰਗਰੇਜ਼ੀ ਸਮਾਰਾਜ ਨੇ ਇਸ ਨੂੰ ਭਾਰਤ ਵਿਚ ਲਾਗੂ ਕੀਤਾ ਤਾਂ ਜੋ ਭਾਰਤੀ ਸਮਾਜ ਉਪਰ ਸਾਮਰਾਜੀ ਸਟੇਟ ਦਾ ਦਬਦਬਾ ਅਤੇ ਪਕੜ ਮਜ਼ਬੂਤ ਕੀਤੇ ਜਾ ਸਕਣ। ਭਾਰਤ ਦੀਆਂ ਭਾਈਚਾਰਕ ਪਰੰਪਰਾਵਾਂ/ਸੰਸਥਾਵਾਂ ਨੂੰ ਉਹਨਾਂ ਦੇ ਆਰਥਿਕ ਅਤੇ ਰਾਜਨੀਤਕ ਉਦੇਸ਼ਾਂ/ਪ੍ਰਕਾਰਜਾਂ ਨਾਲੋਂ ਤੋੜ ਕੇ ਕਮਜ਼ੋਰ ਕਰਨਾ ਤਾਂ ਜੋ ਸਾਮਰਾਜੀ ਸਟੇਟ ਦੇ ਕੰਟਰੋਲ ਅਤੇ ਅਧਿਕਾਰਾਂ ਨੂੰ ਵਧਾਇਆ ਜਾ ਸਕੇ, ਅੰਗਰੇਜ਼ੀ ਸਾਮਰਾਜ ਦੀ ਪ੍ਰਮੁੱਖ ਪਾਲਿਸੀ ਸੀ। ਇਹ ਪਾਲਿਸੀ ਅੰਗਰੇਜ਼ੀ ਸਾਮਰਾਜ ਦੀ ਮਾਨਸਿਕਤਾ ਅੰਦਰ ਇਸ ਹੱਦ ਤੱਕ ਸਮਾ ਚੁੱਕੀ ਸੀ ਕਿ ਉਸਨੇ ਇਕ ਲੰਮੇ ਅਰਸੇ ਤੱਕ ਆਪਣੇ ਖ਼ੁਦ ਦੇ ਸਿਆਸੀ ਢਾਂਚੇ ਅੰਦਰ ਵੀ ਜਮਹੂਰੀ ਤੱਤਾਂ ਦੇ ਮੁਕਾਬਲੇ ਕਾਰਜਕਾਰੀ ਪ੍ਰਬੰਧਕੀ ਤੱਤਾਂ ਨੂੰ ਹੀ ਪਹਿਲ ਦੇਈ ਰੱਖੀ। ਇਸੇ ਕਰਕੇ ਬਹੁਤੇ ਪੱਛਮੀ ਮੁਲਕਾਂ ਅਤੇ ਉੱਤਰੀ ਅਮਰੀਕਾ ਤੋਂ ਕਈ ਪੁਸ਼ਤਾਂ ਬਾਅਦ ਅਤੇ ਭਾਰਤ ਤੋਂ ਕੇਵਲ ਇਕ ਪੁਸ਼ਤ ਪਹਿਲਾਂ 1928 ਵਿਚ ਹੀ ਉਹ ਆਪਣੇ ਸਾਰੇ ਬਾਲਕ ਨਾਗਰਿਕਾਂ ਨੂੰ ਵੋਟ ਦਾ ਅਧਿਕਾਰ ਦੇ ਸਕਿਆ।

### ਆਧੁਨਿਕ ਨਿਆਂ ਪਰਨਾਲੀ ਅਤੇ ਬਰਤਾਨਵੀ ਸਾਮਰਾਜ:

ਬਰਤਾਨਵੀ ਸਾਮਰਾਜ ਦੀ ਸੋਚ ਸੀ ਕਿ ਸਾਮਰਾਜੀ ਬਿਊਰੋਕਰੇਸੀ, ਸਾਮਰਾਜੀ ਨਿਆਂ ਪ੍ਰਣਾਲੀ ਅਤੇ ਸੁਰੱਖਿਆ ਬਲ ਹੀ ਭਾਰਤੀ ਸਮਾਜ ਨੂੰ ਇਕਮੁੱਠਤਾ, ਅਮਨ ਕਾਨੂੰਨ ਅਤੇ ਸਰਪ੍ਰਸਤੀ ਪ੍ਰਦਾਨ ਕਰ ਸਕਦੇ ਸਨ। ਅੰਗਰੇਜ਼ੀ ਸਾਮਰਾਜ ਨੇ ਭਾਰਤ ਵਿਚ ਜਮਹੂਰੀਅਤ ਨੂੰ ਸਿਰਫ ਉੱਥੋਂ ਤੱਕ ਹੀ ਲਾਗੂ ਕੀਤਾ ਜਿੱਥੋਂ ਤੱਕ ਕਿ ਇਹ ਸਟੇਟ ਦੀ ਪਹੁੰਚ ਤੋਂ ਦੂਰ ਪਏ ਸਮਾਜਕ ਖੇਤਰਾਂ ਨੂੰ ਸਾਮਰਾਜੀ ਸ਼ਕਤੀ ਦੇ ਕੰਟਰੋਲ ਅਧੀਨ ਲਿਆ ਕੇ ਉਸਨੂੰ ਵਧੇਰੇ ਸ਼ਕਤੀਸ਼ਾਲੀ ਬਣਾ ਸਕਦੀ ਸੀ। ਉਦਾਹਰਣ ਦੇ ਤੌਰ ਤੇ 1857 ਦੇ ਗਦਰ ਤੋਂ ਬਾਅਦ ਅੰਗਰੇਜ਼ੀ ਸਾਮਰਾਜ ਨੇ ਲੋਕਾਂ ਦੇ ਨੁਮਾਇੰਦਿਆ ਜਿਹੜੀਆਂ ਪਹਿਲੀਆਂ ਸੰਸਥਾਵਾਂ ਸਥਾਪਤ ਕੀਤੀਆਂ ਉਹਨਾਂ ਦਾ ਕੰਮ ਆਈ. ਸੀ. ਐਸ. ਅਫਸਰਾਂ ਨੂੰ ਲੋਕਾਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਉਣਾ ਸੀ ਤਾਂ ਜੋ ਭਾਰਤੀ ਜਨਤਾ ਉਪਰ ਅੰਗਰੇਜ਼ੀ ਸਾਮਰਾਜ ਦੀ ਪਕੜ ਨੂੰ ਮਜ਼ਬੂਤ ਕੀਤਾ ਜਾ ਸਕੇ। ਫੇਰ ਕੌਣ ਕਿਸਦੀ ਨੁਮਾਇੰਦਗੀ ਕਰਨ ਦਾ ਅਧਿਕਾਰ ਰੱਖਦਾ ਹੈ, ਜਮਹੂਰੀਅਤ ਦੇ ਨਾਮ ਉਪਰ ਇਹ ਨਵਾਂ ਮਸਲਾ ਖੜ੍ਹਾ ਕਰਕੇ ਅੰਗਰੇਜ਼ੀ ਹਕੂਮਤ ਨੇ ਭਾਰਤੀ ਸਮਾਜ ਅਤੇ ਸਟੇਟ ਅੰਦਰ ਫਿਰਕਾਪ੍ਰਸਤੀ ਦੇ ਬੀਜ ਬੀਜੇ। ਇਸ ਤਰ੍ਹਾਂ ਲੋਕਾਂ ਦੇ ਨੁਮਾਇੰਦੇ ਤਾਂ ਸਟੇਟ ਦੇ ਹਾਸ਼ੀਏ ਵਿਚ ਹੀ ਪਏ ਰਹਿੰਦੇ। ਲੋਕਾਂ ਦੀ ਅਸਲ ਨੁਮਾਇੰਦਗੀ ਜਾਂ ਕੰਟਰੋਲ ਦਾ ਅਸਲ ਹੱਕ ਤਾ ਸਿਵਲ ਸਰਵੈਂਟ ਕੋਲ ਹੀ ਰਿਹਾ। ਇਹ ਹੀ ਉਹ ਬਿਊਰੋਕਰੈਟਿਕ ਆਈਡੀਆਲੋਜੀ ਅਤੇ ਅਪਰੇਟਿਸ ਹੈ, ਜੋ ਅਜ਼ਾਦ ਭਾਰਤ ਨੂੰ ਵਿਰਸੇ ਵਿਚ ਮਿਲਿਆ ਅਤੇ ਜਿਸ ਨੂੰ ਅਜ਼ਾਦ ਭਾਰਤ ਨੇ ਇੰਨ ਬਿੰਨ ਇਸੇ ਰੂਪ ਵਿਚ ਅਪਣਾਇਆ।

ਇਸ ਚਰਚਾ ਨੂੰ ਸਮੇਟਦੇ ਹੋਏ ਆਪਾਂ ਇਸ ਨਤੀਜੇ ਤੇ ਪੰਹੁਚਦੇ ਹਾਂ ਕਿ ਆਧੁਨਿਕ ਨਿਆਂ ਪ੍ਰਣਾਲੀ ਦੇ ਰੂਪ ਵਿਚ ਮੌਜੂਦਾ ਕਾਨੂੰਨ ਦੀ ਇਹ ਗੈਰ ਜ਼ਿੰਮੇਵਾਰ ਅਫਸਰਸ਼ਾਹੀ, ਜੋ ਸਮਾਜ ਨੂੰ ਕਿਸੇ ਵੀ ਤਰ੍ਹਾਂ ਨਾਲ ਜੁਆਬਦੇਹ ਨਹੀਂ ਹੈ ਅਤੇ ਜਿਸ ਦੇ ਕਿਰਦਾਰ ਦਾ ਮਿੱਤਰ ਸੈਨ ਮੀਤ ਨੇ ਇਸ ਨਾਵਲ 'ਕੌਰਵ ਸਭਾ' ਵਿਚ ਬਹੁਤ ਖੂਬਸੂਰਤੀ ਨਾਲ ਵਿਸਤਾਰ ਸਹਿਤ ਆਲੋਚਨਾਤਮਕ ਅਧਿਐਨ ਪੇਸ਼ ਕੀਤਾ ਹੈ, ਦਾ ਅੰਗਰੇਜ਼ੀ ਸਾਮਰਾਜ ਨੇ ਭਾਰਤੀ ਸਮਾਜ ਉਪਰ ਆਪਣਾ ਸੰਪੂਰਨ ਕੰਟਰੋਲ ਸਥਾਪਤ ਕਰਨ ਲਈ ਨਿਰਮਾਣ ਕੀਤਾ ਸੀ ਅਤੇ ਜਿਸ ਨੂੰ ਅਜ਼ਾਦ ਭਾਰਤ ਨੇ ਇਸ ਦੀ ਵਿਚਾਰਧਾਰਾ, ਸੰਗਠਨ ਅਤੇ ਕਾਰਜਸ਼ੈਲੀ ਸਮੇਤ ਇੰਨ ਬਿੰਨ ਉਸੇ ਰੂਪ ਵਿਚ ਅਪਣਾ

ਲਿਆ ਹੈ, ਅੱਜ ਖੁਦ ਇਕ ਪਰਜੀਵੀ ਜਮਾਤ ਬਣ ਕੇ ਭਾਰਤੀ ਸਮਾਜ ਦਾ ਬੇ ਰਹਿਮੀ ਨਾਲ ਖੂਨ ਚੂਸ ਰਹੀ ਹੈ ਅਤੇ ਉਸਦੇ ਕਿਸੇ ਵੀ ਦਿਸ਼ਾ ਵਿਚ ਅੱਗੇ ਵਧਣ ਲਈ ਰੁਕਾਵਟ ਬਣਾ ਹੋਈ ਹੈ।

ਪੁਲਿਸ ਅਤੇ ਜੇਲ੍ਹ:

ਮੁੱਖ ਮੰਤਰੀ ਨੇ ਐਲਾਨ ਕਰ ਦਿੱਤਾ ਕਿ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਜੇ ਕਾਤਲ ਨਹੀਂ ਫੜੇ ਜਾਂਦੇ ਤਾਂ ਪੁਲਿਸ ਕਪਤਾਨ ਨੂੰ ਬਦਲ ਦਿੱਤਾ ਜਾਵੇਗਾ। ਇਸ ਸਥਿਤੀ ਵਿਚ ਪੁਲਿਸ ਕਪਤਾਨ ਨੇ ਬਲੀ ਦਾ ਬੱਕਰਾ ਬਣ ਜਾਣਾ ਸੀ, ਇਹ ਸੋਚ ਕੇ ਪੁਲਿਸ ਕਪਤਾਨ ਚੌਕੰਨਾ ਹੋ ਗਿਆ ਅਤੇ ਉਸ ਨੇ ਤਿੰਨ ਦਿਨਾਂ ਦੇ ਅੰਦਰ ਅੰਦਰ ਕਤਲ ਦੀ ਤਹਿ ਤੱਕ ਪਹੁੰਚ ਕੇ ਅਤੇ ਇਕ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਪ੍ਰੈਸ ਕਾਨਫ਼ਰੰਸ ਰਾਹੀਂ ਆਪਣੀ ਫਤਹਿ ਦਾ ਐਲਾਨ ਕਰ ਦਿੱਤਾ। ਸੁਆਲ ਹੈ ਕਿ ਤਿੰਨ ਦਿਨਾਂ ਦੇ ਅੰਦਰ ਅੰਦਰ ਪੁਲਿਸ ਕਪਤਾਨ ਅਸਲ ਦੋਸ਼ੀਆਂ ਤੱਕ ਕਿਵੇਂ ਪਹੁੰਚ ਗਿਆ। ਇਸ ਕੰਮ ਵਿਚ ਕਿਹੜੇ ਲੋਕਾਂ ਨੇ ਉਸਦੀ ਮੱਦਦ ਕੀਤੀ : "ਇਸ ਕੰਮ ਵਿਚ ਪੁਲਿਸ ਦੇ ਖ਼ੁਫ਼ੀਆਂ ਵਿਭਾਗ ਨੇ ਉਸਦੀ ਮੱਦਦ ਕੀਤੀ। ਖ਼ੁਫ਼ੀਆਂ ਵਿਭਾਗ ਦੀ ਕਾਰਗੁਜ਼ਾਰੀ ਤੇ ਕਪਤਾਨ ਦਾ ਮਨ ਗਦਗਦ ਹੋ ਗਿਆ। ਮਨ ਹੀ ਮਨ ਖ਼ੁਫ਼ੀਆ ਵਿਭਾਗ ਦੇ ਜਵਾਨਾਂ ਨੂੰ ਸਲੂਟ ਮਾਰਕੇ ਕਪਤਾਨ ਨੇ ਉਹਨਾਂ ਦੇ ਕੰਮ ਦੀ ਸ਼ਲਾਘਾ ਕੀਤੀ।"

ਖ਼ੁਫ਼ੀਆਂ ਵਿਭਾਗ ਨੇ ਇਹ ਕੰਮ ਟਾਊਟਾਂ ਦੀ ਸਹਾਇਤਾ ਨਾਲ ਕੀਤਾ। ਮੁਜਰਮਾ ਨੂੰ ਫੜਨ ਲਈ ਪੁਲਿਸ ਸਭ ਤੋਂ ਵੱਧ ਇਹਨਾਂ ਟਾਊਟਾਂ ਉਪਰ ਹੀ ਨਿਰਭਰ ਕਰਦੀ ਹੈ। ਇਹ ਟਾਊਟ ਕੌਣ ਹੁੰਦੇ ਹਨ? ਇਹ ਪੁਲਿਸ ਦੀ ਕਿਉਂ ਅਤੇ ਕਿਵੇਂ ਸਹਾਇਤਾ ਕਰਦੇ ਹਨ? ਪਹਿਲੀ ਗੱਲ ਤਾਂ ਇਹ ਕਿ ਇਹ ਟਾਊਟ ਪੁਲਿਸ ਦੇ ਤਨਖਾਹਦਾਰ ਕਰਮਚਾਰੀ ਨਹੀਂ ਹੁੰਦੇ। ਪੁਲਿਸ ਲਈ ਇਹ ਕੰਮ ਇਸ ਵਾਸਤੇ ਕਰਦੇ ਹਨ, ਕਿਉਂਕਿ ਇਹ ਵੀ ਛੋਟੇ ਵੱਡੇ ਮੁਜਰਮ ਹੀ ਹੁੰਦੇ ਹਨ। ਪੁਲਿਸ ਦੀ ਸਰਪਰਸਤੀ ਹਾਸਲ ਕਰਨ ਲਈ ਇਹ ਲੋਕ ਪੁਲਿਸ ਵਾਸਤੇ ਕੰਮ ਕਰਦੇ ਹਨ। ਪੁਲਿਸ ਇਹਨਾਂ ਦੇ ਛੋਟੇ ਮੋਟੇ ਜੁਰਮਾਂ ਨੂੰ ਨਜ਼ਰਅੰਦਾਜ਼ ਕਰ ਦਿੰਦੀ ਹੈ, ਜਿਸ ਦੇ ਇਵਜ਼ ਵਜੋਂ ਇਹ ਪੁਲਿਸ ਦੇ ਟਾਊਟ ਬਣ ਕੇ ਉਸਦਾ ਕੰਮ ਕਰਦੇ ਹਨ।

ਇਹ ਲੋਕ ਪੁਲਿਸ ਮਹਿਕਮੇ ਤੋਂ ਤਨਖਾਹ ਨਹੀਂ ਲੈਂਦੇ, ਜੁਰਮ ਦੀਆਂ ਛੋਟੀਆਂ ਮੋਟੀਆਂ ਹੱਟੀਆਂ ਚਲਾਉਣ ਲਈ ਅਲਿਖਤੀ ਲਾਇਸੈਂਸ ਲੈਂਦੇ ਹਨ। ਪੁਲਿਸ ਨਾਲ ਇਹਨਾਂ ਦਾ ਵਾਹ ਉਸ ਵਕਤ ਪੈਂਦਾ ਹੈ ਜਦੋਂ ਇਹ ਕਿਸੇ ਜੁਰਮ ਵਿਚ ਫਸ ਕੇ ਹਵਾਲਾਤ ਜਾਂ ਜੇਲ੍ਹ ਜਾਂਦੇ ਹਨ। ਜੇਲ੍ਹ ਇਹਨਾਂ ਨੂੰ ਜੁਰਮ ਦੀ ਟਰੇਨਿੰਗ ਅਤੇ ਜੁਰਮ ਦੇ ਨੈਟਵਰਕ ਵਿਚ ਐਂਟਰੀ ਦਿੰਦੀ ਹੈ। ਇਹ ਦੋਨੋਂ ਗੱਲਾਂ ਟਾਊਟ ਦੀਆਂ ਯੋਗਤਾਵਾਂ ਹਨ। ਸੋ ਜੇਲ੍ਹ ਵਿਚੋਂ ਉਹ ਟਾਊਟ ਬਣਨ ਦੀ ਯੋਗਤਾ ਹਾਸਲ ਕਰਕੇ ਜੁਰਮ ਦੇ ਸੰਸਾਰ ਵਿਚ ਵਾਪਿਸ ਆ ਜਾਂਦਾ ਹੈ ਅਤੇ ਪੁਲਿਸ ਦੀ ਜੁਰਮ ਦੇ ਇਸ ਸੰਸਾਰ ਉਪਰ ਨਿਗਰਾਨੀ ਰੱਖਣ ਵਿੱਚ ਸਹਾਇਤਾ ਕਰਦਾ ਹੈ।

ਇਸ ਗੱਲ ਤੋਂ ਸਾਨੂੰ ਜੇਲ੍ਹ ਦੇ ਮਨੋਰਥ ਦਾ ਵੀ ਪਤਾ ਚੱਲਦਾ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਜੇਲ੍ਹ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਹੈ, ਤਾਂ ਜੋ ਉਹ ਜੇਲ੍ਹ ਤੋਂ ਡਰਦੇ ਮਾਰੇ ਭਵਿੱਖ ਵਿਚ ਕੋਈ ਜੁਰਮ ਨਾ ਕਰਨ। ਹੋਰਨਾਂ ਲੋਕਾਂ ਨੂੰ ਵੀ ਜੇਲ੍ਹ ਦੇ ਡਰ ਰਾਹੀਂ ਜੁਰਮ ਤੋਂ ਦੂਰ ਰੱਖਿਆ ਜਾ ਸਕੇ। ਇਸ ਦੇ ਉਲਟ ਕੁੱਝ ਲੋਕ ਜੇਲ੍ਹ ਨੂੰ ਸੁਧਾਰ ਘਰ ਦੇ ਰੂਪ ਵਿਚ ਦੇਖਦੇ ਹਨ। ਇਹਨਾਂ ਦਾ ਵਿਚਾਰ ਹੈ ਕਿ ਜੇਲ੍ਹ ਮੁਜਰਮਾਂ ਨੂੰ ਮੁੜ ਤੋਂ ਇੱਜ਼ਤਦਾਰ ਸ਼ਹਿਰੀ ਬਣਨ ਵਿਚ ਸਹਾਇਤਾ ਕਰਦੀ ਹੈ। ਹਕੀਕਤ ਵਿਚ ਇਹ ਦੋਨੋਂ ਗੱਲਾਂ ਗਲਤ ਹਨ। ਨਾ ਜੇਲ੍ਹ ਜੁਰਮ ਰੋਕਦੀ ਹੈ ਜਾਂ ਘਟਾਉਂਦੀ ਹੈ ਅਤੇ ਨਾ ਹੀ ਮੁਜਰਮਾਂ ਨੂੰ ਸੁਧਰਨ ਵਿਚ ਸਹਾਇਤਾ ਕਰਦੀ ਹੈ। ਜੇਲ੍ਹਾਂ ਤਾਂ ਜੁਰਮ ਦੇ ਟਰੇਨਿੰਗ ਸੈਂਟਰ ਹਨ: "ਚਾਰ ਮਹੀਨੇ ਦੀ ਕੈਦ ਕੱਟ ਕੇ ਉਹ ਹੁਣੇ ਬਾਹਰ ਆਇਆ ਸੀ। ਸੁਧਰਣ ਦੀ ਥਾਂ ਜੇਲ੍ਹ ਜਾ ਕੇ ਵਿਗੜ ਗਿਆ ਸੀ। ਪੇਸ਼ੇਵਰ ਮੁਜਰਮਾਂ ਨਾਲ ਉਸਦਾ ਸਬੰਧ ਹੋ ਗਿਆ ਸੀ।"

ਇਸ ਗੱਲ ਨੂੰ ਥੋੜ੍ਹਾ ਹੋਰ ਸਮਝਣ ਦੀ ਲੋੜ ਹੈ। ਕਚਹਿਰੀ ਮੁਜਰਮਾਂ ਨੂੰ ਦੋ ਗੱਲਾਂ ਕਰਕੇ ਸਜ਼ਾ ਦਿੰਦੀ ਹੈ। ਨੰਬਰ ਇੱਕ ਸਜ਼ਾ ਦਾ ਭੈਅ ਪੈਦਾ ਕਰਨ ਲਈ ਤਾਂ ਜੋ ਕੋਈ ਹੋਰ ਉਸ ਤਰ੍ਹਾਂ ਦਾ ਜੁਰਮ ਕਰਨ ਦੀ ਹਿਮੰਤ ਨਾ ਕਰ ਸਕੇ। ਨੰਬਰ ਦੋ ਮੁਜਰਮ ਨੂੰ ਸੁਧਾਰਨ ਲਈ ਤਾਂ ਜੋ ਉਹ ਭਵਿੱਚ ਵਿਚ ਇਕ ਇੱਜ਼ਤਦਾਰ ਸ਼ਹਿਰੀ ਬਣ ਕੇ ਰਹਿ ਸਕੇ। ਆਪਾਂ ਸਭ ਜਾਣਦੇ ਹੀ ਹਾਂ ਕਿ ਜੇਲ੍ਹ ਇਹ ਦੋਨੋਂ ਕੰਮ ਕਰਨ ਵਿਚ ਪੂਰੀ ਤਰ੍ਹਾਂ ਫੇਲ੍ਹ ਹੈ। ਜਿਵੇਂ ਕਿ ਨਾਵਲ ਦੀ ਉਪ੍ਰੋਕਤ ਕੋਟ ਤੋਂ ਪਤਾ ਚਲਦਾ ਹੈ ਕਿ ਜੇਲ੍ਹ ਵਿਚ ਬੰਦਾ ਸੁਧਰਦਾ ਨਹੀਂ ਬਿਗੜਦਾ ਹੈ। ਜੇਲ੍ਹ ਵਿਚ ਕੱਚੇ ਮੁਜਰਮ ਪੱਕੇ ਮੁਜਰਮ ਬਣ ਜਾਂਦੇ ਹਨ। ਜੇਲ੍ਹ ਵਿਚ ਉਹਨਾਂ ਨੂੰ ਜੁਰਮ ਦੀ ਟਰੇਨਿੰਗ ਮਿਲਦੀ ਹੈ। ਜੇਲ੍ਹ ਵਿਚ ਉਹਨਾਂ ਦੇ ਪੇਸ਼ੇਵਰ ਮੁਜਰਮਾਂ ਨਾਲ ਸਬੰਧ ਸਥਾਪਤ ਹੁੰਦੇ ਹਨ। ਰਲਾ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਜੇਲ੍ਹ ਮੁਜਰਮ ਪੈਦਾ ਕਰਨ ਦੀ ਫੈਕਟਰੀ ਹੈ।

ਭੈੜੀ ਸੰਗਤ ਵਿਚ ਪੈ ਕੇ ਛੋਟੀਆਂ ਮੋਟੀਆਂ ਚੋਰੀਆਂ ਕਰਨ ਵਾਲਾ ਪੰਡਤ ਜਦੋਂ ਜੇਲ੍ਹ ਤੋਂ ਵਾਪਸ ਆਉਂਦਾ ਹੈ ਤਾਂ ਜੇਲ੍ਹ ਵਿਚ ਬੈਠਾ ਉਸਦਾ ਉਸਤਾਦ ਉਸ ਲਈ ਵੇਦ ਦੇ ਘਰ ਡਾਕਾ ਮਾਰਨ ਲਈ ਸੁਪਾਰੀ ਦਾ ਪ੍ਰਬੰਧ ਕਰਦਾ ਹੈ। ਇਸ ਜੁਰਮ ਦੀ ਪਲੈਨਿੰਗ ਜੇਲ੍ਹ ਵਿਚ ਬੈਠਾ ਇਕ ਕੇਦੀ ਕਰਦਾ ਹੈ। ਉਹ ਕੈਦ ਵਿਚੋਂ ਛੁੱਟ ਕੇ ਗਏ ਆਪਣੇ ਇਸ ਚੇਲੇ ਪੰਡਤ ਨੂੰ ਇਸ ਕੰਮ ਦੀ ਜ਼ਿੰਮੇਵਾਰੀ ਸੌਂਪਦਾ ਹੈ। ਇਸ ਕੰਮ ਵਿਚ ਪੰਡਤ ਦੀ ਸਹਾਇਤਾ ਲਈ ਜੇਲ੍ਹ ਵਿਚ ਬੈਠਾ ਉਸਤਾਦ ਤਿੰਨ ਹੋਰ ਬੰਦੇ ਭੇਜਦਾ ਹੈ ਜੋ ਵਧੇਰੇ ਖਤਰਨਾਕ ਸਨ। ਇਸ ਤਰ੍ਹਾਂ ਛੋਟੀਆਂ ਮੋਟੀਆਂ ਚੋਰੀਆਂ ਕਰਨ ਵਾਲੇ ਪੰਡਤ ਨੂੰ ਜੇਲ੍ਹ ਇਕ ਪੇਸ਼ਾਵਰ ਮੁਜਰਮ ਬਣਾ ਦਿੰਦੀ ਹੈ। ਉਸ ਦਾ ਜੇਲ੍ਹ ਵਿਚ ਆਉਣਾ ਜਾਣਾ ਬਣਿਆ ਰਹਿੰਦਾ ਹੈ।

ਇਸ ਤਰ੍ਹਾਂ ਦੇ ਲੋਕਾਂ ਲਈ ਜੇਲ੍ਹ ਦੇ ਅੰਦਰਲੀ ਅਤੇ ਬਾਹਰਲੀ ਜ਼ਿੰਦਗੀ ਵਿਚ ਬਹੁਤਾ ਅੰਤਰ ਵੀ ਨਹੀਂ ਹੁੰਦਾ: "ਉਹਨਾਂ ਲਈ ਜੇਲ੍ਹ ਦੀ ਅੰਦਰਲੀ ਅਤੇ ਬਾਹਰਲੀ ਜ਼ਿੰਦਗੀ ਵਿਚ ਬਹੁਤਾ ਫਰਕ ਨਹੀਂ ਸੀ। ਬਾਹਰ ਉਹ ਇਕ ਕਮਰੇ ਵਿਚ ਦਸ ਦਸ

ਰਹਿੰਦੇ ਸਨ। ਨਾ ਬਿਜਲੀ ਨਾ ਪਾਣੀ। ਸਾਰੀ ਰਾਤ ਉਹਨਾਂ ਨੂੰ ਮੱਛਰ ਖਾਂਦੇ ਸਨ। ਸਾਰਾ ਦਿਨ ਹੱਡ ਤੋੜਵੀਂ ਮਿਹਨਤ ਕਰਕੇ ਮਸਾਂ ਢਿੱਡ ਭਰਨ ਜੋਗੀ ਰੋਟੀ ਨਸੀਬ ਹੁੰਦੀ ਸੀ। ਦਿਹਾੜੀ ਟੁੱਟ ਜਾਵੇ ਤਾਂ ਫਾਕੇ ਕੱਟਣੇ ਪੈਂਦੇ ਸਨ। ਉਹਨਾਂ ਨੂੰ ਜੇਲ੍ਹ ਵਿਚ ਅਰਾਮ ਨਜ਼ਰ ਆਉਂਦਾ ਸੀ। ਬੈਰਕਾਂ ਵਿਚ ਪੱਖੇ ਸਨ। ਨਹਾਉਣ ਲਈ ਟਿਊਬਵੈੱਲ ਸੀ। ਦੇਖਣ ਨੂੰ ਟੀ.ਵੀ. ਸੀ, ਇਲਾਜ ਮੁਫ਼ਤ ਹੁੰਦਾ ਸੀ। ਉਹਨਾਂ ਵਿਚੋਂ ਇੱਕ ਦੀ ਲੱਤ ਦਾ ਇਲਾਜ ਦਿਆਨੰਦ ਹਸਪਤਾਲ ਵਿਚ ਹੋਇਆ। ਬਾਹਰ ਹੁੰਦਾ ਤਾਂ ਲੱਤ ਕਟਵਾਉਣ ਦਾ ਲੱਖ ਰੁਪਿਆ ਲਗਦਾ। ਉਹ ਉਸ ਕੋਲ ਹੈ ਨਹੀਂ ਸੀ, ਇਸ ਲਈ ਉਸ ਨੇ ਰੁਲ ਖੁਲ ਕੇ ਮਰ ਜਾਣਾ ਸੀ। ਇਸ ਲਈ ਉਹਨਾਂ ਨੂੰ ਬਾਹਰ ਆਉਣ ਦੀ ਕੋਈ ਕਾਹਲ ਨਹੀਂ ਸੀ।"

ਇਹ ਗੱਲ ਸਪੱਸ਼ਟ ਹੈ ਕਿ ਪੁਲਿਸ ਦੀ ਤਫਤੀਸ਼/ਨਿਗਰਾਨੀ ਅਤੇ ਜੇਲ੍ਹ ਦੀ ਸਜ਼ਾ ਸਮੇਤ ਆਧੁਨਿਕ ਨਿਆਂ ਪ੍ਰਣਾਲੀ ਦਾ ਇਨਸਾਫ ਜੁਰਮ ਨੂੰ ਘਟਾਉਂਦਾ ਨਹੀਂ ਵਧਾਉਂਦਾ ਹੈ। ਤਾਂ ਫੇਰ ਏਥੋਂ ਕੀ ਸਮਝਿਆ ਜਾਵੇ ਕਿ ਜੇਲ੍ਹ ਆਪਣੇ ਉਦੇਸ਼ ਵਿਚ ਫੇਲ੍ਹ ਹੋਈ ਹੈ ਜਾਂ ਫੇਰ ਕਿ ਉਸ ਦੇ ਇਸ ਤਰ੍ਹਾਂ ਫੇਲ੍ਹ ਹੋਣ ਵਿਚ ਹੀ ਉਸਦੀ ਉਪਯੋਗਤਾ ਛੁਪੀ ਹੋਈ ਹੈ। ਇੱਕ ਗੱਲ ਆਪਾਂ ਪਹਿਲਾਂ ਦੇਖ ਆਏ ਹਾਂ ਕਿ ਪੁਲਿਸ ਹਿਰਾਸਤ ਜਾਂ ਜੇਲ੍ਹ ਵਿਚ ਰਹਿ ਚੁੱਕੇ ਬਹੁਤ ਸਾਰੇ ਮੁਜਰਮ ਪੁਲਿਸ ਟਾਊਟ ਬਣ ਕੇ ਜੁਰਮ ਦੇ ਸੰਸਾਰ ਉਪਰ ਨਿਗਾਹ ਰੱਖਣ ਵਿਚ ਪੁਲਿਸ ਅਤੇ ਨਿਆਂ ਪ੍ਰਣਾਲੀ ਦੀ ਸਹਾਇਤਾ ਕਰਦੇ ਹਨ। ਇਸ ਗੱਲ ਦੀ ਵੱਡੀ ਉਦਾਰਹਣ ਉਹ ਕੈਟ ਹਨ ਜਿਹਨਾਂ ਨੂੰ ਪੰਜਾਬ ਪੁਲਿਸ ਨੇ ਖਾੜਕੂਵਾਦ ਉਪਰ ਕੰਟਰੋਲ ਕਰਨ ਲਈ ਵਰਤਿਆ। ਇਹ ਇਕ ਬਹੁਤ ਹੀ ਖਤਰਨਾਕ ਸਥਿਤੀ ਨੂੰ ਕੰਟਰੋਲ ਕਰਨ ਲਈ ਮੁਜਰਮਾਂ ਦੇ ਇਸਤੇਮਾਲ ਦੀ ਇਕ ਵਧੀਆ ਉਦਾਹਰਣ ਹੈ। ਗੈਰ ਕਾਨੂੰਨੀ ਢੰਗ ਨਾਲ, ਗੈਰ ਕਾਨੂੰਨੀ ਬੰਦਿਆਂ ਰਾਹੀਂ ਕਾਨੂੰਨ ਦੀ ਰੱਖਿਆ ਦਾ ਡਰਾਮਾ। ਇਸ ਡਰਾਮੇ ਦਾ ਨਾਮ ਹੀ ਆਧੁਨਿਕ ਨਿਆਂ ਪ੍ਰਣਾਲੀ ਹੈ।

ਇਹ ਡਰਾਮਾ ਪਰਚਾ ਦਰਜ ਕਰਵਾਉਣ ਦੀ ਕਾਰਵਾਈ ਨਾਲ ਸ਼ੁਰੂ ਹੁੰਦਾ ਹੈ। ਵੇਦ ਦੇ ਘਰ ਡਾਕਾ ਪੈਂਦਾ ਹੈ। ਵੇਦ ਅਤੇ ਉਸਦੀ ਪਤਨੀ ਨੀਲਮ ਦੇ ਗਹਿਰੀਆਂ ਸੱਟਾਂ ਵੱਜੀਆਂ ਹਨ ਅਤੇ ਉਹ ਦੋਵੇਂ ਬੇਹੋਸ਼ ਪਏ ਹਨ। ਉਹਨਾਂ ਦੇ ਬੇਟੇ ਕਮਲ ਦਾ ਕਤਲ ਹੋ ਗਿਆ ਹੈ। ਬੇਟੀ ਨੇਹਾ ਦਾ ਬਲਾਤਕਾਰ, ਜਿਸ ਕਾਰਨ ਉਹ ਗਹਿਰੇ ਮਾਨਸਿਕ ਤਨਾਅ ਵਿਚ ਹੋਣ ਕਾਰਨ ਨੀਮ ਬੇਹੋਸ਼ੀ ਦੀ ਹਾਲਤ ਵਿਚ ਹੈ ਅਤੇ ਕੁਝ ਵੀ ਕਹਿਣ ਸੁਣਨ ਤੋਂ ਅਸਮਰੱਥ ਹੈ। ਘਰ ਵਿਚ ਹੋਰ ਕੋਈ ਜੀਅ ਨਹੀਂ। ਇਸ ਕਰਕੇ ਪਰਚਾ ਦਰਜ ਕਰਵਾਉਣ ਦੀ ਜ਼ਿੰਮੇਵਾਰੀ ਨੀਲਮ ਦੇ ਭਰਾ ਐਡਵੋਕੇਟ ਰਾਮ ਨਾਥ ਦੇ ਸਿਰ ਆ ਪੈਂਦੀ ਹੈ। ਉਹ ਸੋਚਦਾ ਹੈ "ਘਟਨਾ ਵਾਲੀ ਥਾਂ ਤੇ ਮੌਜੂਦ ਚਾਰ ਬੰਦਿਆਂ ਵਿਚੋਂ ਇਕ ਸਦਾ ਦੀ ਨੀਂਦ ਸੌਂ ਚੁੱਕਿਆ ਹੈ। ਬਾਕੀ ਦੇ ਤਿੰਨਾਂ ਨੂੰ ਆਪਣੀ ਹੋਸ਼ ਨਹੀਂ ਸੀ। ਦੋਸ਼ੀਆਂ ਦੀ ਗਿਣਤੀ, ਹੁਲੀਆ ਅਤੇ ਘਟਨਾਕ੍ਰਮ ਦਾ ਵੇਰਵਾ ਕੌਣ ਦੱਸੇਗਾ?" ਰਾਮ ਨਾਥ ਜਦੋਂ ਆਪਣੀ ਭੈਣ ਦੇ ਘਰ ਪਹੁੰਚਦਾ ਹੈ ਤਾਂ ਪਰਚਾ ਦਰਜ ਕਰਵਾਉਣ ਲਈ ਪੁਲਿਸ ਉਸਦੇ ਦੁਆਲੇ ਹੋ ਜਾਂਦੀ ਹੈ। ਨਾਵਲਕਾਰ ਰਾਮ ਨਾਥ ਦੀ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ: "ਰਾਮ ਨਾਥ ਪਰਚੇ ਦੀ ਅਹਿਮੀਅਤ ਨੂੰ ਜਾਣਦਾ ਸੀ। ਸਾਰੇ ਮੁਕੱਦਮੇ ਦਾ ਆਧਾਰ ਇਸ ਪਰਚੇ ਨੇ ਬਣਨਾ ਸੀ। ਪਰ ਰਾਮ ਨਾਥ ਨੂੰ ਹੋਈ ਵਾਰਦਾਤ ਬਾਰੇ ਕੱਖ ਨਹੀਂ ਸੀ ਪਤਾ। ਦੋਸ਼ੀ ਦੋ ਸਨ, ਚਾਰ, ਦਸ ਜਾਂ ਬਾਰਾਂ? ਉਹ ਛੋਟੀ ਉਮਰ ਦੇ ਸਨ, ਅਧਖੜ੍ਹ ਜਾਂ ਵਡੇਰੀ ਉਮਰ ਦੇ? ਉਹ ਕੰਧ ਟੱਪ ਕੇ ਅੰਦਰ ਆਏ ਸਨ ਜਾਂ ਬੈੱਲ ਖੜਕਾ ਕੇ? ਉਨ੍ਹਾਂ ਕੋਲ ਚਾਕੂ ਸਨ, ਰਾਡ, ਛੁਰੇ ਜਾਂ ਸੋਟੀਆਂ? ਉਹਨਾਂ ਦੇ ਕਿਹੋ ਜਿਹੇ ਕੱਪੜੇ ਪਾਏ ਹੋਏ ਸਨ? ਪਾਏ ਹੋਏ ਸਨ ਜਾਂ ਨੰਗੇ ਧੜ ਸਨ? ਉਹ ਕੇਸਾਧਾਰੀ ਸਨ, ਮੋਨੇ ਜਾਂ ਮੋਲਵੀ ਕੱਟ? ਪਹਿਲਾ ਹਮਲਾ ਕਿਸ ਉਪਰ ਹੋਇਆ? ਕਮਲ ਦਾ ਕਤਲ ਕਰਨ ਵਾਲਾ ਕੌਣ ਸੀ? ਨਿਹਾ ਨਾਲ ਬਲਾਤਕਾਰ ਕਿਸ ਨੇ ਕੀਤਾ? ਇਕ ਨੇ ਕੀਤਾ ਜਾਂ ਵੱਧ ਨੇ? ਇਹਨਾਂ ਵਿਚੋਂ ਇਕ ਵੀ ਸੁਆਲ ਦਾ ਜੁਆਬ ਰਾਮ ਨਾਥ ਕੋਲ ਨਹੀਂ ਸੀ। ਕੋਰੀ ਕਲਪਨਾ ਦੇ ਅਧਾਰ ਤੇ ਪਰਚਾ ਦਰਜ ਕਰਵਾਉਣਾ ਘਾਤਕ ਸਿੱਧ ਹੋ ਸਕਦਾ ਸੀ।"

ਫੇਰ ਰਾਮ ਨਾਥ ਅੱਗੇ ਸੁਆਲ ਇਹ ਵੀ ਖੜ੍ਹਾ ਸੀ ਕਿ ਪਰਚਾ ਕਿਸ ਵੱਲੋਂ ਦਰਜ ਕਰਵਾਇਆ ਜਾਵੇ? ਘਰ ਵਿਚ ਵਾਰਦਾਤ ਵੇਲੇ ਇਕ ਨੌਕਰ ਵੀ ਮੌਜੂਦ ਸੀ ਜੋ ਉਸਦੇ ਆਪਣੇ ਕਹਿਣ ਮੁਤਾਬਕ ਆਪਣੇ ਕਮਰੇ ਵਿਚ ਸੁੱਤਾ ਪਿਆ ਸੀ। ਰਾਮ ਨਾਥ ਉਸ ਨੌਕਰ ਨੂੰ ਚਸ਼ਮਦੀਦ ਗਵਾਹ ਨਹੀਂ ਸੀ ਬਣਾਉਣਾ ਚਾਹੁੰਦਾ। ਉਹ ਸੋਚਦਾ ਸੀ: ''ਨੌਕਰ ਦੇ ਹੱਥ ਮੁਕੱਦਮੇ ਦੀ ਵਾਗਡੋਰ ਨਹੀਂ ਸੀ ਫੜਾਈ ਜਾ ਸਕਦੀ। ਕੀ ਪਤਾ ਕਾਤਲ ਕੌਣ ਨਿਕਲ ਆਵੇ? ਅਜਿਹੇ ਗਵਾਹ ਨੇ ਕੌਡੀਆਂ ਦੇ ਭਾਅ ਵਿਕ ਜਾਣਾ ਸੀ। ਘੱਟੋ ਘੱਟ ਪਰਚਾ ਕਟਾਉਣ ਵਾਲਾ ਗਵਾਹ ਘਰ ਦਾ ਹੋਣਾ ਚਾਹੀਦਾ ਸੀ।" ਇਸ ਲਈ ਰਾਮ ਨਾਥ ਨੇਹਾ ਦੇ ਨਾਮ ਤੇ ਪਰਚਾ ਦਰਜ ਕਰਵਾਉਣ ਦਾ ਫੈਸਲਾ ਲੈਂਦਾ ਹੈ। ਨਿਹਾ ਦੇ ਨਾਮ ਤੇ ਪਰਚਾ ਦਰਜ ਕਰਵਾ ਕੇ ਰਾਮ ਨਾਥ ਨੇ ਉਸ ਦੇ ਦਸਤਖਤ ਆਪ ਕਰ ਦਿੱਤੇ। ਥਾਣੇਦਾਰ ਉਸ ਨੂੰ ਤਸਦੀਕ ਕਰ ਦਿੰਦਾ ਹੈ। ਕਿਉਂਕਿ ਮੁਖ ਅਫਸਰ ਦੀ ਤਫਤੀਸ਼ ਆਖਦੀ ਸੀ ਕਿ ਵਾਰਦਾਤ ਕਾਲੇ ਕੱਛਿਆਂ ਵਾਲੇ ਗਰੋਹ ਨੇ ਕੀਤੀ ਹੈ, ਇਸ ਲਈ ਇਸ ਤੱਥ ਨੂੰ ਸਾਹਮਣੇ ਰੱਖਦੇ ਹੋਏ ਇਕ ਮਨਘੜਤ ਕਹਾਣੀ ਘੜ ਕੇ ਨਿਹਾ ਦੇ ਬਿਆਨ ਦੇ ਰੂਪ ਵਿਚ ਦਰਜ ਕਰਵਾ ਦਿੱਤੀ ਗਈ।

ਝੂਠੀ ਕਹਾਣੀ ਦਾ ਇਹ ਸਿਲਸਿਲਾ ਮੁਕੱਦਮੇ ਦੇ ਅਖੀਰ ਤੱਕ ਚਲੱਦਾ ਹੈ। ਜਦੋਂ ਮਾਮਾ ਰਾਮ ਨਾਥ ਨਿਹਾ ਨੂੰ ਕਚਹਿਰੀ ਵਿਚ ਬਿਆਨ ਦੇਣ ਲਈ ਤਿਆਰੀ ਕਰਵਾਉਂਦਾ ਹੈ ਤਾਂ ਖਿਝੀ ਹੋਈ ਨਿਹਾ ਕਹਿੰਦੀ ਹੈ: "ਮਾਮਾ ਮੈਥੋਂ ਇੱਡਾ ਵੱਡਾ ਝੂਠ ਨਹੀਂ ਬੋਲਿਆ ਜਾਣਾ" ਪਰ ਮਜਬੂਰ ਮਾਮਾ ਜੁਆਬ ਦਿੰਦਾ ਹੈ: "ਬੋਲਣਾ ਪੈਣਾ ਹੈ ਧੀਏ! ਸਾਡੇ ਕਾਨੂੰਨ ਦਾ ਇਹੋ ਦੁਖਾਂਤ ਹੈ। ਸੱਚ ਬੋਲਾਂਗੇ ਤਾਂ ਤੱਥਾਂ ਨੇ ਕਾਨੂੰਨ ਦੁਆਰਾ ਘੜੀ ਜੁਰਮ ਦੀ ਪਰਿਭਾਸ਼ਾ ਵਿਚ ਫਿਟ ਨਹੀਂ ਬੈਠਣਾ। ਦੋਸ਼ੀ ਬਰੀ ਹੋ ਜਾਣਗੇ। ਇਕ ਝੂਠ ਬੋਲਿਆ ਤਾਂ ਉਸ ਨੂੰ ਛਿਪਾਉਣ ਲਈ ਸੌ ਝੂਠ ਹੋਰ ਬੋਲਣੇ ਪੈਣਗੇ। ਝੂਠ ਫੜਿਆ ਜਾਵੇਗਾ। ਸਾਡੀ ਕਹਾਣੀ ਸ਼ੱਕੀ ਕਹਿਲਾਏਗੀ। ਫਾਇਦਾ ਫੇਰ ਦੋਸ਼ੀਆਂ ਨੂੰ ਪੁੱਜੇਗਾ।" ਵਿਕਟਮ ਵੈਲਫੇਅਰ ਸੁਸਾਇਟੀ ਦਾ ਪ੍ਰਧਾਨ ਆਖਦਾ ਹੈ:" ਵਿਗਿਆਨ ਚੰਦ ਦੀ

ਹਿੱਕ ਤੇ ਪੈਰ ਰੱਖ ਕੇ ਮੰਗਲ-ਗ੍ਰਹਿ ਤੱਕ ਪੁੱਜ ਗਿਆ ਹੈ। ਅਸੀਂ ਅਠਾਰਾਂ ਸੌ ਬਹੱਤਰ ਦੇ ਕਾਨੂੰਨ ਨੂੰ ਜੱਫਾ ਮਾਰੀ ਬੈਠੇ ਹਾਂ। ਹਰ ਜੁਰਮ ਨੂੰ ਸਾਬਤ ਕਰਨ ਲਈ ਚਸ਼ਮਦੀਦ ਗਵਾਹ ਚਾਹੀਦੇ ਹਨ। ਹਨੇਰੇ ਕਮਰਿਆਂ ਵਿਚ ਘੜੀਆਂ ਸਾਜ਼ਿਸ਼ਾਂ ਨੂੰ ਸੁਣਨ ਵਾਲੇ ਗਵਾਹ ਕਿਥੋਂ ਆਉਣਗੇ? ਕਾਨੂੰਨ ਦਾ ਢਿੱਡ ਭਰਨ ਲਈ ਝੂਠੇ ਗਵਾਹ ਖੜ੍ਹੇ ਕੀਤੇ ਜਾਣਗੇ। ਝੂਠ ਦੇ ਪੈਰ ਨਹੀਂ ਹੁੰਦੇ। ਕਹਾਣੀ ਸ਼ੱਕੀ ਬਣੇਗੀ। ਸ਼ੱਕ ਦਾ ਫਾਹਿਦਾ ਮੁਲਜ਼ਮ ਨੂੰ ਮਿਲੇਗਾ।”

**ਜੁਰਮ ਦੀ ਮਨੇਜਮੈਂਟ :**

ਇਸ ਡਰਾਮੇ ਵਿਚ ਨਾਇਕ ਕੋਈ ਵੀ ਨਹੀਂ ਹੈ। ਖਲਨਾਇਕ, ਮਜ਼ਬੂਰ ਅਤੇ ਪੀੜਤ ਲੋਕ ਹੀ ਹਨ। ਮੁਖ ਖਲਨਾਇਕ ਕਾਨੂੰਨੀ ਅਫਸਰਸ਼ਾਹੀ ਹੈ। ਇਸ ਵਿਚ ਪੁਲਿਸ, ਕਚਹਿਰੀ, ਵਕੀਲ, ਸਰਕਾਰੀ ਵਕੀਲ, ਸਿਵਲ ਹਸਪਤਾਲ ਦੇ ਡਾਕਟਰ ਸਰਕਾਰੀ ਮਸ਼ੀਨਰੀ, ਸਰਕਾਰੀ ਅਫਸਰ, ਸਿਆਸਤਦਾਨ ਆਦਿ ਸ਼ਾਮਲ ਸਨ। ਇਸ ਬਾਰੇ ਆਪਾਂ ਚਰਚਾ ਕਰ ਆਏ ਹਾਂ। ਲੋੜ ਪਈ ਤਾਂ ਅੱਗੇ ਵੀ ਕਰਾਂਗੇ। ਪਰ ਇਕ ਗੱਲ ਆਪਾਂ ਭੁੱਲ ਗਏ ਸੀ, ਇਸ ਨਾਵਲ ਵਿਚ ਬਾਰ-ਬਾਰ ਟਾਊਟਾਂ, ਦਲਾਲਾਂ, ਝੂਠੇ ਗਵਾਹਾਂ ਆਦਿ ਮੁਜਰਮਾਂ ਦਾ ਜ਼ਿਕਰ ਆਉਂਦਾ ਹੈ ਜੋ ਬਿਊਰੋਕਰੈਟਿਕ ਮਸ਼ੀਨ ਦੇ ਚੱਲਣ ਵਿੱਚ ਸਹਾਈ ਹੁੰਦੇ ਹਨ। ਭੁੱਲੋ ਨਹੀਂ ਆਪਾਂ ਇਕ ਗੱਲ ਤਾਂ ਦੇਖ ਹੀ ਆਏ ਹਾਂ ਕਿ ਜੁਰਮ ਦੀ ਤਹਿ ਤੱਕ ਪਹੁੰਚਣ ਲਈ ਇਹ ਟਾਊਟ ਪੁਲਿਸ ਲਈ ਸਭ ਤੋਂ ਵੱਧ ਸਹਾਈ ਹੁੰਦੇ ਹਨ। ਇਹ ਇਸ ਲਈ ਸਹਾਈ ਹੋ ਪਾਉਂਦੇ ਹਨ ਕਿਉਂਕਿ ਇਹਨਾਂ ਦਾ ਜੁਰਮ ਦੇ ਸੰਸਾਰ ਨਾਲ ਸਬੰਧ ਹੁੰਦਾ ਹੈ। ਜੁਰਮ ਦੇ ਸੰਸਾਰ ਨੂੰ ਇਕ ਪੈਟਰਨਰਡ ਨੈੱਟਵਰਕ ਦੇ ਰੂਪ ਵਿਚ ਬੰਨ੍ਹਣ ਲਈ ਜੇਲ੍ਹ ਸਭ ਤੋਂ ਵੱਧ ਰੋਲ ਅਦਾ ਕਰਦੀ ਹੈ।

ਇਹ ਤਾਂ ਹੋ ਨਹੀਂ ਸਕਦਾ ਕਿ ਪੂਰਾ ਨਿਆਂ ਪ੍ਰਬੰਧ, ਇਸ ਦੀ ਬਿਊਰੋਕਰੇਸੀ ਅਤੇ ਜੇਲ੍ਹ ਕੇਵਲ ਟਾਊਟ ਪੈਦਾ ਕਰਨ ਲਈ ਹੀ ਬਣਾਏ ਗਏ ਹਨ। ਪਰ ਇਹ ਸਪਸ਼ਟ ਹੋ ਚੁੱਕਾ ਹੈ ਕਿ ਨਿਆਂ ਪ੍ਰਬੰਧ ਦਾ ਇਹ ਸਾਰਾ ਤਾਣਾ ਪੇਟਾ ਸਮੇਤ ਜੇਲ੍ਹ ਦੇ ਜੁਰਮ ਦੇ ਘਟਾਉਣ ਲਈ ਨਹੀਂ ਮੁਜਰਮਾਂ ਨੂੰ ਟਰੇਨ ਕਰਨ, ਉਹਨਾਂ ਨੂੰ ਕਲਾਸੀਫਾਈ ਕਰਨ, ਉਹਨਾਂ ਨੂੰ ਸੈਗਰੀਗੇਟ ਕਰਨ ਅਤੇ ਉਹਨਾਂ ਨੂੰ ਮਾਰਜਿਨਲਾਈਜ਼ ਕਰਨ ਦਾ ਹੀ ਕੰਮ ਕਰਦਾ ਹੈ। ਨਿਆਂ ਪ੍ਰਬੰਧ ਰਾਹੀਂ ਜੁਰਮ ਦੀ ਇਹ ਮੈਨਜਮੈਂਟ, ਜਿਵੇਂ ਕਿ ਆਪਾਂ ਗੱਲ ਕਰ ਰਹੇ ਸੀ, ਇਕੱਲੇ ਟਾਊਟ ਪੈਦਾ ਕਰਨ ਲਈ ਤਾਂ ਨਹੀਂ ਕੀਤੀ ਜਾਂਦੀ, ਇਹ ਹੋਰ ਕੀ ਰੋਲ ਅਦਾ ਕਰਦੀ ਹੈ ਜਿਸ ਕਾਰਨ ਇਹ ਟੁੱਟ ਨਹੀਂ ਰਹੀ, ਵਧੇਰੇ ਸ਼ਕਤੀਸ਼ਾਲੀ ਹੋ ਰਹੀ ਹੈ। ਕਿਸ ਦੇ ਹਿੱਤਾਂ ਦੀ ਰਾਖੀ ਕਰਦੀ ਹੈ? ਸਪੱਸ਼ਟ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਨਾਵਲ ਦੇ ਵਿਸ਼ਲੇਸ਼ਣ ਰਾਹੀਂ ਇਹ ਵੇਖਣਾ ਸਾਡਾ ਫਰਜ਼ ਬਣ ਜਾਂਦਾ ਹੈ ਕਿ ਨਿਆਂ ਪ੍ਰਬੰਧ ਦਾ ਇਹ ਡਰਾਮਾ ਕਿਹੜੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਖੇਡਿਆ ਜਾ ਰਿਹਾ ਹੈ?

**ਜੁਰਮ ਅਤੇ ਸਰਮਾਇਆ :**

1857 ਦੇ ਗਦਰ ਤੋਂ ਬਾਅਦ ਅੰਗਰੇਜ਼ੀ ਸਮਰਾਜ ਨੂੰ ਇਹ ਸਮਝ ਲੱਗ ਗਈ ਸੀ ਕਿ ਉਹਨਾਂ ਦਾ ਇਹ ਸਿਆਸੀ ਢਾਂਚਾ ਇਸ ਤਰ੍ਹਾਂ ਦੇ ਹੋਰ ਜਨਤਕ ਵਿਦਰੋਹਾਂ ਸਾਹਮਣੇ ਟਿਕ ਨਹੀਂ ਸਕੇਗਾ, ਟੁੱਟ ਜਾਵੇਗਾ। ਕਿਸੇ ਨਵੇਂ ਕਾਨੂੰਨ, ਟੈਕਸ ਜਾਂ ਜ਼ਬਰੀ ਭਰਤੀ ਆਦਿ ਦੇ ਖਿਲਾਫ਼ ਉਠਿਆ ਕੋਈ ਵੀ ਵਿਦਰੋਹ ਉਹਨਾਂ ਦੀ ਗਰਦਨ ਤੱਕ ਪਹੁੰਚ ਸਕਦਾ ਸੀ। ਅਨਾਜ ਦੇ ਗੁਦਾਮਾਂ ਦੀ ਰਾਖੀ ਕਰਨ ਵਾਲੇ ਲੋਕ ਅਨਾਜ ਦੇ ਗੁਦਾਮ ਲੁੱਟ ਸਕਦੇ ਸਨ। ਸਨਅਤੀ ਪੈਦਾਵਾਰ ਲਈ ਮਸ਼ੀਨਾਂ ਉਪਰ ਕੰਮ ਕਰਨ ਵਾਲੇ ਮਜ਼ਦੂਰ ਵੱਧ ਮਜ਼ਦੂਰੀ ਦੀ ਮੰਗ ਕਰਦੇ ਸਮੇਂ ਕਿਸੇ ਭੜਕਾਹਟ ਵਿਚ ਆ ਕੇ ਮਸ਼ੀਨਾਂ ਤੋੜ ਸਕਦੇ ਸਨ। ਕੱਚੇ ਮਾਲ ਜਾਂ ਬਣੀਆਂ ਵਸਤਾਂ ਦੇ ਗੁਦਾਮ ਲੁੱਟ ਸਕਦੇ ਸਨ। ਜਿਉਂ ਜਿਉਂ ਪੈਦਾਵਾਰ ਵਿਚ ਵਾਧਾ ਹੁੰਦਾ ਗਿਆ ਮੰਡੀਆਂ ਵਿਸ਼ਾਲ ਹੋਣ ਲੱਗ ਪਈਆਂ, ਰੇਲਵੇ ਰਾਹੀਂ ਮਾਲ ਦੀ ਆਵਾਜਾਈ ਵਧਣ ਲੱਗੀ, ਸਨਅਤੀ ਅਦਾਰੇ ਹੋਂਦ ਵਿਚ ਆਉਣ ਲੱਗੇ, ਕੱਚੇ ਅਤੇ ਪੱਕੇ ਮਾਲ ਦੇ ਗੁਦਾਮ ਖੜੇ ਹੋਣ ਲੱਗੇ ਤਾਂ ਵੱਧ ਤੋਂ ਵੱਧ ਦੌਲਤ ਲੁੱਟ ਦੇ ਖ਼ਤਰੇ ਹੇਠ ਆਉਣ ਲੱਗ ਪਈ। ਇਹ ਖ਼ਤਰਾ ਕੇਵਲ ਗਰੀਬ ਗੁਰਬਿਆਂ ਅਤੇ ਬਦਮਾਸ਼ਾਂ ਤੋਂ ਹੀ ਨਹੀਂ ਸੀ, ਉਹਨਾਂ ਲੋਕੋਂ ਤੋਂ ਵੀ ਸੀ ਜੋ ਇਹਨਾਂ ਸੰਸਥਾਵਾਂ ਵਿੱਚ ਅਤੇ ਮਸ਼ੀਨਾਂ ਉਪਰ ਕੰਮ ਕਰਦੇ ਸਨ।

ਇਕ ਇਸ ਤੋਂ ਵੀ ਹੋਰ ਵੱਡਾ ਖ਼ਤਰਾ ਪੈਦਾ ਹੋ ਰਿਹਾ ਸੀ। ਹੁਣ ਤੱਕ ਤਾਂ ਕੇਵਲ ਪੈਦਾਵਰੀ ਢਾਂਚੇ ਨੂੰ ਹੀ ਖਤਰਾ ਸੀ। ਹੁਣ ਜਿਹੜਾ ਇਕ ਨਵਾਂ ਖ਼ਤਰਾ ਪੈਦਾ ਹੋ ਰਿਹਾ ਸੀ ਉਹ ਸੀ ਪੈਦਾਵਾਰੀ ਡਸਿਪਲਨ ਨੂੰ ਖ਼ਤਰਾ। ਕਿਰਤੀ ਦੇਹ, ਕਿਰਤੀ ਸਮੇਂ ਅਤੇ ਕਿਰਤੀ ਸ਼ਕਤੀ ਦੇ ਡਸਿਪਲਨ ਨੂੰ ਖ਼ਤਰਾ। ਸੁਆਲ ਸੀ ਕਿਰਤੀ ਦੀ ਦੇਹ, ਸਮੇਂ ਅਤੇ ਸ਼ਕਤੀ ਨੂੰ ਪੈਦਾਵਰੀ ਢਾਂਚੇ ਦੇ ਅਨੁਕੂਲ ਢਾਲ ਕੇ ਉਸ ਦੀ ਸੇਵਾ ਵਿਚ ਲਾਉਣਾ। ਮਜ਼ਦੂਰਾਂ ਨੂੰ ਉਹਨਾਂ ਦੀਆਂ ਜੱਦੀ ਪੁਸ਼ਤੀ ਧਰਤੀਆਂ ਤੋਂ ਉਜਾੜ ਕੇ ਪੈਦਾਵਰੀ ਢਾਂਚੇ ਦੀਆਂ ਲੋੜਾਂ ਅਨੁਸਾਰ ਨਵੀਆਂ ਥਾਵਾਂ ਤੇ ਵਸਾਉਣਾ। ਇਹ ਮਸ਼ੀਨੀ ਯੁੱਗ ਦੀ ਲੋੜ ਸੀ। ਕਿਰਤੀ ਨੂੰ ਮਸ਼ੀਨ ਦੀਆਂ ਲੋੜਾਂ ਅਨੁਸਾਰ ਢਾਲਣਾ, ਉਸ ਦੀ ਦੇਹ ਨੂੰ ਮਸ਼ੀਨ ਦੀ ਤਾਲ ਵਿਚ ਬੰਨ੍ਹਣਾ, ਉਸ ਨੂੰ ਸਮੇਂ ਦੇ ਜਿਸਪਾਤੀ ਢਾਂਚੇ ਵਿਚ ਕੈਦ ਕਰਨਾ, ਇਹ ਸਭ ਕੁਝ ਕਰਨ ਲਈ ਨਵੇਂ ਕਾਨੂੰਨਾਂ ਦੀ ਲੋੜ ਸੀ। ਨਵੀਂ ਨਿਗਰਾਨੀ ਦੀ ਲੋੜ ਸੀ।

ਦੇਹ ਨੂੰ ਤਸੀਹੇ ਦੇਣ ਦੀ ਨਹੀਂ, ਟਰੇਨਿੰਗ ਦੇ ਕੇ ਪੈਦਾਵਾਰੀ ਢਾਂਚੇ ਅਨੁਸਾਰ ਢਾਲਣ ਦੀ ਲੋੜ ਸੀ। ਇਹਨਾਂ ਨਵੀਆਂ ਕਾਨੂੰਨੀ ਲੋੜਾਂ ਨੂੰ ਧਰਮ ਅਤੇ ਨੈਤਿਕਤਾ ਨਾਲ ਨਹੀਂ ਸੀ ਜੋੜਿਆ ਜਾ ਸਕਦਾ। ਇਸ ਲਈ ਸਮਾਜਿਕ ਵਿਕਾਸ ਅਤੇ ਸਮਾਜਿਕ ਭਲਾਈ ਨਾਲ ਜੋੜਿਆ ਗਿਆ ਹੈ। ਇਹ ਸਿਆਸੀ ਸ਼ਕਤੀ ਅਤੇ ਮਨੁੱਖੀ ਦੇਹ ਵਿਚਕਾਰ ਪੈਦਾ ਹੋ ਰਿਹਾ ਇਕ ਨਵਾਂ ਰਿਸ਼ਤਾ ਸੀ। ਮਨੁੱਖੀ ਦੇਹ ਅੰਦਰ ਕਾਨੂੰਨੀ ਦਬਾਅ ਰਾਹੀਂ ਇਕ ਅਨੁਸ਼ਾਸਨ ਪੈਦਾ ਕਰਕੇ ਉਸ ਨੂੰ ਨਵੇਂ ਪੈਦਾਵਾਰੀ ਢਾਂਚੇ ਦੀ ਸੇਵਾ ਵਿਚ ਲਾਉਣਾ। ਅਜਿਹਾ ਕਰਨ ਲਈ ਕਿਰਤੀ ਬਲਾਂ ਉਪਰ ਲਗਾਤਾਰ ਨਿਗਾਹ ਰੱਖਣ ਦੀ ਲੋੜ ਸੀ। ਜਿਸ ਵਾਸਤੇ ਪੁਲਿਸ ਫੋਰਸ ਦਾ ਗਠਨ ਹੀ ਬਹੁਤ ਨਹੀਂ ਸੀ।

ਉਹਨਾਂ ਦੀਆਂ ਗੈਰ-ਕਾਨੂੰਨੀ ਕਾਰਵਾਈਆਂ, ਅਨੁਸ਼ਾਸਨ ਹੀਣਤਾ ਆਦਿ ਦੀ ਮੁੱਖਬਰੀ ਕਰਨ ਲਈ ਉਹਨਾਂ ਦੇ ਅੰਦਰ ਆਪਣੇ ਟਾਊਟ ਪੈਦਾ ਕਰਨ ਦੀ ਵੀ ਲੋੜ ਸੀ। ਉਹਨਾਂ ਦੀਆਂ ਯੂਨੀਅਨਾਂ ਵਿਚ ਦਾਖਲ ਹੋ ਕੇ ਹਿੰਸਕ ਕਾਰਵਾਈਆਂ ਰਾਹੀਂ ਉਹਨਾਂ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਨੂੰ ਜੁਰਮ ਬਣਾ ਕੇ ਸਜ਼ਾ ਦੇ ਭਾਗੀਦਾਰ ਬਣਾਉਣ ਦੀ ਲੋੜ ਵੀ ਮਹਿਸੂਸ ਹੋਣ ਲੱਗੀ। ਜਿਹੜੇ ਲੋਕਾਂ ਉਪਰ ਵਧੇਰੇ ਨਿਗਾਹ ਰੱਖਣ ਦੀ ਲੋੜ ਸੀ, ਉਹਨਾਂ ਵਿਚ ਮੁਜਰਮਾਂ ਨੂੰ ਵਸਾ ਕੇ ਸਾਰੀ ਬਸਤੀ ਨੂੰ ਕੰਟਰੋਲ ਕਰਨਾ ਸੌਖਾ ਹੋ ਗਿਆ। ਗੱਲ ਕੀ ਕਾਨੂੰਨ ਭੰਗ ਕਰਨ ਵਾਲੇ ਲੋਕਾਂ ਉਪਰ ਦਬਾਅ ਪੈਦਾ ਕਰਨ ਲਈ, ਕਾਨੂੰਨ ਭੰਗ ਕਰਨ ਵਾਲੇ ਮੁਜਰਮਾਂ ਦੀ ਹੀ ਸਹਾਇਤਾ ਲਈ ਜਾਣ ਲੱਗੀ।

ਅੰਗਰੇਜ਼ੀ ਸਾਮਰਾਜ ਨੇ ਭਾਰਤ ਵਿਚ ਆਧੁਨਿਕ ਨਿਆਂ ਪ੍ਰਣਾਲੀ (ਪੁਲਿਸ ਫੋਰਸ ਅਤੇ ਜੇਲ੍ਹ ਸਮੇਤ) ਦੀ ਸਥਾਪਨਾ ਰਾਹੀਂ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਲੋਕਾਂ ਦੀ ਇਕ ਅਜਿਹੀ ਜਮਾਤ ਪੈਦਾ ਕਰਨੀ ਸ਼ੁਰੂ ਕੀਤੀ ਜਿਸ ਨੂੰ ਉਹ ਆਪਣੇ ਰਾਜਸੀ ਢਾਂਚੇ ਵਿਰੁਧ ਬਗਾਵਤ ਕਰਨ ਵਾਲੇ ਅਤੇ ਪੈਦਵਰੀ ਅਨੁਸ਼ਾਸਨ ਵਿਚ ਗੜਬੜ ਕਰਨ ਵਾਲੇ ਲੋਕਾਂ ਉਪਰ ਇਕ ਦਬਾਅ ਪੈਦਾ ਕਰਨ ਲਈ ਵਰਤ ਸਕਣ। ਅਜ਼ਾਦ ਭਾਰਤ ਨੂੰ ਸਾਮਰਾਜੀ ਹਿੱਤਾਂ ਦੀ ਰਾਖੀ ਲਈ ਖੜਾ ਕੀਤਾ ਗਿਆ, ਇਹ ਢਾਂਚਾ ਸ਼ਾਇਦ ਇਸ ਲਈ ਅਪਣਾਉਣਾ ਪਿਆ, ਕਿਉਂਕਿ 1947 ਵਿਚ ਹਿੰਦੂ ਮੁਸਲਿਮ ਦੰਗਿਆਂ, ਪਾਕਿਸਤਾਨ ਤੋਂ ਆਏ ਲੋਕਾਂ ਦੇ ਮੁੜ ਵਸੇਬੇ ਦੀਆਂ ਚੁਣੌਤੀਆਂ, ਕਸ਼ਮੀਰ ਉਪਰ ਹਮਲੇ ਅਤੇ ਮਹਾਤਮਾ ਗਾਧੀ ਦੀ ਹੱਤਿਆ ਵਰਗੇ ਮਸਲਿਆਂ ਨਾਲ ਨਜਿੱਠਣ ਵਾਸਤੇ ਅਜ਼ਾਦ ਭਾਰਤ ਦੇ ਹਾਕਮਾਂ ਕੋਲ ਕੇਵਲ ਦੋ ਹੀ ਹਥਿਆਰ ਸਨ, ਬਿਊਰੋਕਰੇਸੀ (ਆਈ.ਸੀ.ਐਸ.) ਅਤੇ ਨਿਆਂ ਪ੍ਰਣਾਲੀ। ਇਹ ਹਥਿਆਰ ਸਾਨੂੰ ਅੰਗਰੇਜ਼ੀ ਸਾਮਰਾਜ ਤੋਂ ਵਿਰਸੇ ਵਿਚ ਮਿਲੇ ਸਨ। ਇਸ ਸਾਰੇ ਸਿਸਟਮ ਨੂੰ ਜਾਰੀ ਰੱਖਣ ਵਿਚ ਭਾਰਤੀ ਸਟੇਟ ਦਾ ਕੀ ਹਿੱਤ ਹੈ, ਇਹ ਦੱਸਣਾ ਤਾਂ ਸ਼ਾਇਦ ਮੁਸ਼ਕਲ ਹੋਵੇਗਾ ਕਿਉਂਕਿ ਇਸ ਨੇ ਭਾਰਤ ਨੂੰ ਕਿਸੇ ਵੀ ਦਿਸ਼ਾ ਵਿਚ ਅੱਗੇ ਵੱਧਣ ਤੋਂ ਹਮੇਸ਼ਾ ਰੋਕਿਆ ਹੈ, ਵਿਕਾਸ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਹਨ। ਪਰ ਹਾਂ, ਇਹ ਗੱਲ ਜ਼ਰੂਰ ਹੈ ਕਿ ਇਸ ਨਿਆਂ ਪ੍ਰਣਾਲੀ ਦੇ ਬਿਊਰੋਕਰੈਟਿਕ ਢਾਂਚੇ ਨੇ ਆਪਣੀ ਅਤੇ ਆਪਣੀ ਜਮਾਤ ਦੀ ਖੁੱਲ੍ਹ ਕੇ ਸੇਵਾ ਕੀਤੀ ਹੈ। ਭਾਰਤ ਦੇ ਸੱਭੇ ਵਸੀਲਿਆਂ ਨੂੰ ਇਸ ਜਮਾਤ ਨੇ ਵਿਕਾਸ ਦੀ ਥਾਂ ਆਪਣੀ ਸੇਵਾ ਵਿਚ ਲਾਇਆ ਹੋਇਆ ਹੈ। ਉਹ ਕਿਵੇਂ, ਇਹ ਜਾਨਣਾ ਹੀ ਭਾਰਤ ਦੀ ਨਿਆਂ ਪ੍ਰਸ਼ਾਸਨ ਦੀ ਬਿਊਰੋਕਰੈਟਿਕ ਪ੍ਰਣਾਲੀ ਨੂੰ ਸਮਝਣਾ ਹੈ ਜੋ ਇਸ ਨਾਵਲ ਦਾ ਪ੍ਰਯੋਜਨ ਹੈ।

ਇਕ ਸੁਆਲ ਹੋਰ ਕਿ ਵਿਸ਼ਵ ਸਰਮਾਏ ਦੇ ਖੁੱਲ੍ਹੇ ਵਹਾਅ, ਜਿਸਨੇ ਆਪਣੇ ਹਿੱਤਾਂ ਦੇ ਵਾਧੇ ਲਈ ਵੱਡੀਆਂ ਵੱਡੀਆਂ ਹਕੂਮਤਾਂ ਹਿਲਾ ਕੇ ਰੱਖ ਦਿੱਤੀਆਂ, ਉਸਦੇ ਸਾਹਮਣੇ ਭਾਰਤ ਦੀ ਇਹ ਬਿਊਰੋਕਰੇਸੀ ਕਿਵੇਂ ਟਿਕੇਗੀ? ਆਰਥਕ ਸੁਧਾਰਾਂ ਦੇ ਨਵੇਂ ਮਾਹੌਲ ਵਿਚ ਕੀ ਸਾਨੂੰ ਆਪਣੇ ਬਿਊਰੋਕਰੈਟਿਕ ਢਾਂਚੇ ਵਿਚ ਸਿਫਤੀ ਤਬਦੀਲੀਆਂ ਨਹੀਂ ਲਿਆਉਣੀਆਂ ਪੈਣਗੀਆਂ? ਇਹ ਬੜਾ ਦਿਲਚਸਪ ਸੁਆਲ ਹੈ। ਲਗਦਾ ਇੰਞ ਹੈ ਕਿ ਜਿੱਥੋਂ ਤੱਕ ਵਿਸ਼ਵ ਸਰਮਾਏ ਦੇ ਹਿੱਤਾਂ ਦਾ ਸੁਆਲ ਹੈ, ਉਸ ਦੇ ਰਾਹ ਵਿਚ ਤਾਂ ਨਿਆਂ ਅਤੇ ਪ੍ਰਸ਼ਾਸਨ ਦੀ ਕੋਈ ਵੀ ਬਿਊਰੋਕਰੇਸੀ ਖੜ੍ਹੀ ਨਹੀਂ ਹੋ ਸਕੇਗੀ। ਉਸਦੀ ਸੇਵਾ ਆਪਣਾ ਪਰਮ ਧਰਮ ਬਣਾ ਲਵੇਗੀ। ਵਿਸ਼ਵ ਸਰਮਾਏ ਦੀ ਸੇਵਾ ਦਾ ਪਰਮ ਧਰਮ ਹੀ ਉਸਨੂੰ ਬਣਾਈ ਰੱਖੇਗਾ ਤਾਂ ਜੋ ਇਹ ਮੁਜਰਮ ਪੈਦਾ ਕਰਨ ਦੇ ਆਪਣੇ ਧਰਮ ਨੂੰ ਵਧੇਰੇ ਲਗਨ ਨਾਲ ਨਿਭਾ ਸਕੇ। ਵਿਸ਼ਵ ਸਰਮਾਏ ਦੁਆਰਾ ਅਪਣਾਈ ਗਈ ਸੋਚ, ਸਨਅਤੀ ਪੈਦਾਵਾਰ ਵਿਚ ਆਟੋਮੇਸ਼ਨ, ਸੂਚਨਾ ਤਕਨਾਲੋਜੀ ਅਤੇ ਨਵੀਂ ਪ੍ਰਬੰਧਕੀ ਤਕਨਾਲੋਜੀ ਰਾਹੀਂ ਰੁਜ਼ਗਾਰ ਨੂੰ ਬਹੁਤ ਸੱਟ ਮਾਰੇਗੀ। ਅਸਿੱਖਿਅਤ ਮਜ਼ਦੂਰਾਂ ਦੀ ਲੋੜ ਤਾਂ ਸ਼ਾਇਦ ਬਹੁਤ ਹੱਦ ਤੱਕ ਖਤਮ ਹੀ ਹੋ ਜਾਵੇ। ਕੇਵਲ ਮੱਧ ਵਰਗੀ, ਤਕਨੀਕੀ ਅਤੇ ਪ੍ਰਬੰਧਕੀ ਕਾਮਿਆਂ ਦੀ ਹੀ ਲੋੜ ਪਵੇਗੀ। ਕੋਈ ਮਜ਼ਦੂਰ ਵਰਗ ਨਹੀਂ ਹੋਵੇਗਾ। ਮੱਧ ਵਰਗੀ ਤਕਨੀਕੀ/ਪ੍ਰਬੰਧਕੀ ਕਾਮੇ ਹੋਣਗੇ ਤੇ ਜਾਂ ਫੇਰ ਬੇਰੁਜ਼ਗਾਰਾਂ ਦੀ ਫੌਜ। ਬੇਰੁਜ਼ਗਾਰਾਂ ਦੀ ਫੌਜ ਨੂੰ ਸੰਗਠਿਤ ਹੋ ਕੇ ਬਗਾਵਤ ਦੇ ਰਾਹ ਪੈਣ ਤੇ ਰੋਕਣ ਵਾਸਤੇ ਭਾਰਤੀ ਨਿਆਂ ਪ੍ਰਣਾਲੀ ਦੀ ਇਸ ਫੌਜ ਨੂੰ ਮੁਜਰਮਾਂ ਦੀ ਫੌਜ ਨਾਲ ਗਰਭਿਤ ਕਰਕੇ ਕੰਟਰੋਲ ਕਰਨ ਦੀ ਸਟਰੈਟਿਜੀ ਤੋਂ ਵਧੀਆ ਹੋਰ ਕਿਹੜੀ ਸਟਰੈਟਿਜੀ ਹੋ ਸਕਦੀ ਹੈ। ਇਸ ਨਿਆਂ ਪ੍ਰਣਾਲੀ ਅਤੇ ਬਿਊਰੋਕਰੇਸੀ ਨੇ ਜਿਸ ਤਰ੍ਹਾਂ ਅੰਗਰੇਜ਼ੀ ਸਾਮਰਾਜ ਦੀ ਸੇਵਾ ਕੀਤੀ ਸੀ, ਸ਼ਾਇਦ ਉਸ ਤੋਂ ਵੀ ਵਧੀਆ ਨਵ-ਸਾਮਰਾਜ ਦੀ ਸੇਵਾ ਕਰ ਸਕੇਗੀ। ਸੋ ਇਸਨੂੰ ਕੋਈ ਖਤਰਾ ਨਹੀਂ।

# ਸਿਹਤ ਦੀ ਰਾਜਨੀਤੀ

ਇਸ ਨਾਵਲ ਕੌਰਵ ਸਭਾ ਵਿਚ ਮਿੱਤਰ ਸੈਨ ਮੀਤ ਨੇ ਦੋ ਸੰਸਥਾਵਾਂ ਦੀ ਗੱਲ ਕੀਤੀ ਹੈ। ਇਕ ਨਿਆਂ ਪ੍ਰਬੰਧ ਦੀ ਅਤੇ ਦੂਸਰੀ ਸਿਹਤ ਪ੍ਰਬੰਧ ਦੀ। ਇਸ ਲੇਖ ਦੇ ਪਹਿਲੇ ਭਾਗ ਵਿਚ ਆਪਾਂ ਨਿਆਂ ਪ੍ਰਬੰਧ ਬਾਰੇ ਚਰਚਾ ਕੀਤੀ ਸੀ। ਇਹ ਦੇਖਣ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਦੀ ਆਧੁਨਿਕ ਨਿਆਂ ਪ੍ਰਣਾਲੀ, ਜਿਸ ਨੂੰ ਮਿੱਤਰ ਸੈਨ ਮੀਤ ਆਪਣੇ ਇਸ ਨਾਵਲ ਵਿਚ ਬਾਖ਼ੂਬੀ ਪੇਸ਼ ਕਰਦੇ ਹਨ, ਕਿਵੇ ਂ ਸਟੇਟ, ਮੌਜੂਦਾ ਹਾਕਮ ਜਮਾਤ ਅਤੇ ਆਪਣੀ ਹੀ ਬਿਊਰੋਕਰੇਸੀ ਦੇ ਹਿੱਤਾਂ ਦੀ ਪੂਰਤੀ ਲਈ, ਜੁਰਮ ਨੂੰ ਖਤਮ ਕਰਨ ਦੀ ਥਾਂ, ਉਸ ਨੂੰ ਉਤਸਾਹਿਤ ਕਰਦੀ ਹੈ। ਇਸ ਤਰ੍ਹਾਂ ਇਹ ਆਧੁਨਿਕ ਨਿਆਂ ਪ੍ਰਣਾਲੀ, ਇਕ ਨਿਆਂ ਪ੍ਰਣਾਲੀ ਨਾ ਰਹਿ ਕੇ ਜੁਰਮ ਪ੍ਰਬੰਧਕੀ ਸੰਸਥਾ ਬਣ ਜਾਂਦੀ ਹੈ।

ਆਪਣੇ ਇਸ ਨਾਵਲ ਰਾਹੀਂ ਮੌਜੂਦਾ ਨਿਆਂ ਪ੍ਰਣਾਲੀ ਨੂੰ ਰੀਪਰੈਸਿਵ ਸਟੇਟ ਅਪਰੇਟਿਸ ਦੇ ਰੂਪ ਵਿਚ ਪੇਸ਼ ਕਰਕੇ, ਮਿੱਤਰ ਸੈਨ ਮੀਤ ਇਹ ਦਰਸਾਉਣ ਵਿਚ ਤਾਂ ਕਾਮਯਾਬ ਹੋ ਜਾਂਦਾ ਹੈ ਕਿ ਇਸ ਨਿਆਂ ਪ੍ਰਣਾਲੀ ਦਾ ਕਰੱਤਵ ਲੋਕਾਂ ਨੂੰ ਨਿਆਂ ਦੇਣਾ ਜਾਂ ਜੁਰਮ ਨੂੰ ਖਤਮ ਕਰਨਾ ਨਹੀਂ, ਸਗੋਂ ਸਟੇਟ ਦਾ ਦਬਦਬਾ ਕਾਇਮ ਕਰਕੇ ਸਿਵਲ ਸੁਸਾਇਟੀ ਉਪਰ ਸਟੇਟ ਦਾ ਕੰਟਰੋਲ ਮਜ਼ਬੂਤ ਕਰਨਾ ਅਤੇ ਇਸ ਦੀ ਵਿਚਾਰਧਾਰਾ ਦਾ ਪੁਨਰਉਤਪਾਦਨ ਕਰਨਾ ਹੈ।

ਪਰ ਉਹ ਸਟੇਟ ਉਪਰ ਕੰਟਰੋਲ ਕਰਨ ਵਾਲੀ ਜਾਂ ਫੇਰ ਕਿ ਖੁਦ ਹੀ ਸਟੇਟ ਬਣ ਚੁੱਕੀ ਭਾਰਤ/ਪੰਜਾਬ ਦੀ ਹਾਕਮ ਜਮਾਤ ਦੀ ਨਾਂ ਤਾਂ ਨਿਸ਼ਾਨਦੇਹੀ ਕਰ ਸਕਿਆ ਹੈ ਅਤੇ ਨਾ ਹੀ ਇਹ ਦਰਸਾ ਸਕਿਆ ਹੈ ਕਿ ਇਹ ਹਾਕਮ ਜਮਾਤ ਜੁਰਮ ਦੀ ਮੈਨਜਮੈਂਟ ਰਾਹੀਂ ਸਮਾਜ ਉੱਪਰ ਆਪਣਾ ਕੰਟਰੋਲ ਕਿਵੇਂ ਕਾਇਮ ਰੱਖਦੀ ਹੈ।

ਇਹ ਨਾਵਲ ਦੋ ਸੁਆਲ ਹੋਰ ਪੈਦਾ ਕਰਦਾ ਹੈ, ਜਿਹਨਾਂ ਦੇ ਜੁਆਬ ਇਸ ਨਾਵਲ ਵਿੱਚੋਂ ਨਹੀਂ ਮਿਲਦੇ। ਪਹਿਲਾ ਸੁਆਲ ਤਾਂ ਇਹ ਹੈ ਕਿ ਕੀ ਭਾਰਤ/ਪੰਜਾਬ ਦੇ ਪੂੰਜੀਵਾਦੀ ਪ੍ਰਬੰਧ ਨੂੰ ਆਪਣੇ ਅੱਗੇ ਵਧਣ ਲਈ ਜਾਂ ਫੇਰ ਕਿ ਕੀ ਪੂੰਜੀਵਾਦੀ ਜਮਾਤ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਆਪਣੇ ਹੀ ਬਣਾਏ ਹੋਏ ਕਾਨੂੰਨਾਂ ਦੀ ਪਾਲਣਾ ਕਰਵਾਉਣ ਵਾਸਤੇ ਸਾਫ ਸੁਥਰੀ ਨਿਆਂ ਪ੍ਰਣਾਲੀ ਦੀ ਅਵਸ਼ੱਕਤਾ ਨਹੀਂ ਹੈ? ਪੂੰਜੀਵਾਦੀ ਕਾਨੂੰਨ ਦਾ ਮੁਖ ਮੰਤਵ ਆਮ ਜਨਤਾ ਨੂੰ ਇਕ ਅਨੁਸਾਸ਼ਿਤ ਲੇਬਰ ਫੋਰਸ ਵਿਚ ਰੂਪਾਂਤ੍ਰਿਤ ਕਰਨਾ ਹੈ। ਆਧੁਨਿਕ ਨਿਆਂ ਪ੍ਰਣਾਲੀ ਦਾ ਇਹ ਭ੍ਰਿਸ਼ਟ ਰੂਪ ਜਿਸਦਾ ਨਾਵਲਕਾਰ ਨੇ ਬੜੀ ਖੂਬਸੂਰਤੀ ਨਾਲ ਬਿਆਨ ਕੀਤਾ ਹੈ ਅਤੇ ਜੋ ਆਪਣੇ ਕਰਤੂਤੀ ਵਿਹਾਰ ਕਾਰਨ ਸਮਾਜ ਵਿਚ ਪੂੰਜੀਵਾਦੀ ਕਾਨੂੰਨ ਨੂੰ ਲਾਗੂ ਕਰਵਾਉਣ ਵਿਚ ਬੁਰੀ ਤਰ੍ਹਾਂ ਨਾਲ ਫੇਲ੍ਹ ਹੋ ਚੁੱਕਾ ਹੈ, ਪੂੰਜੀਵਾਦੀ ਜਮਾਤ ਲਈ ਕਿੰਝ ਸਹਾਈ ਹੈ? ਜੇਕਰ ਸਾਡੀ ਇਹ ਨਿਆਂ ਪ੍ਰਣਾਲੀ ਪੂੰਜੀਵਾਦੀ ਹਿੱਤਾ ਦੀ ਪੂਰਤੀ ਨਹੀਂ ਕਰਦੀ, ਕੇਵਲ ਆਪਣੇ ਬਿਊਰੋਕਰੈਟਿਕ ਢਾਂਚੇ ਦੇ ਹੀ ਹਿੱਤ ਪੂਰਦੀ ਹੈ, ਤਾਂ ਫੇਰ ਇਹ ਦੇਖਣਾ ਪਵੇਗਾ ਕਿ ਭਾਰਤ ਵਿਚ ਹਾਕਮ ਜਮਾਤ ਦੀ ਕਿਹੋ ਜਿਹੀ ਸੰਰਚਨਾ ਹੈ, ਤੇ ਉਹ ਹਾਕਮ ਜਮਾਤ ਪੂੰਜੀਵਾਦੀ ਜਮਾਤ ਦੇ ਵਿਕਾਸ ਦੇ ਰਾਹ ਵਿਚ ਰੁਕਾਵਟ ਕਿਉਂ ਬਣ ਰਹੀ ਹੈ ਅਤੇ ਉਸ ਹਾਕਮ ਜਮਾਤ ਲਈ ਭਾਰਤ/ਪੰਜਾਬ ਦਾ ਕਾਨੂੰਨ ਅਤੇ ਉਸ ਨੂੰ ਲਾਗੂ ਕਰਨ ਵਾਲੀ ਨਿਆਂ ਪ੍ਰਣਾਲੀ ਅਪ੍ਰਸੰਗਿਕ ਕਿਉਂ ਹੋ ਗਏ ਹਨ?

ਦੂਸਰਾ ਸਵਾਲ ਜੋ ਇਸ ਪਹਿਲੇ ਸੁਆਲ ਨਾਲ ਹੀ ਜੁੜਿਆ ਹੋਇਆ ਹੈ, ਉਹ ਇਹ ਹੈ ਕਿ ਜੇ ਇਸ ਮੌਜੂਦਾ ਨਿਆਂ ਪ੍ਰਣਾਲੀ ਦਾ ਇਹ ਬਿਊਰੋਕਰੈਟਿਕ ਢਾਂਚਾ ਅਤੇ ਇਸ ਦਾ ਭ੍ਰਿਸ਼ਟ ਰੂਪ ਭਾਰਤ ਦੀ ਪੂੰਜੀਪਤੀ ਜਮਾਤ ਦੇ ਕਾਨੂੰਨ ਦੀ ਰਾਖੀ ਨਹੀਂ ਕਰਦਾ ਤਾਂ ਫੇਰ ਇਹ ਕਾਇਮ ਕਿਵੇਂ ਹੈ? ਕੀ ਭਾਰਤ/ਪੰਜਾਬ ਦੀ ਮੌਜੂਦਾ ਹਾਕਮ ਜਮਾਤ ਪੂੰਜੀਪਤੀ ਜਮਾਤ ਨਹੀਂ ਹੈ? ਜੇਕਰ ਨਹੀਂ ਤਾਂ ਕੌਣ ਹੈ, ਉਸਦੀ ਸਰੰਚਨਾ ਕੀ ਹੈ, ਤੇ ਉਹ ਭਾਰਤ ਦੀ ਪੂੰਜੀਪਤੀ ਜਮਾਤ ਨੂੰ ਅੱਗੇ ਵਧਣ ਤੋਂ ਕਿਉਂ ਅਤੇ ਕਿਵੇਂ ਰੋਕ ਰਹੀ ਹੈ? ਤੇ ਸਭ ਤੋਂ ਵੱਡੀ ਗੱਲ ਕਿ ਭਾਰਤ ਦੀ ਜਨਤਾ ਇਸ ਭ੍ਰਿਸ਼ਟ ਨਿਆਂ ਪ੍ਰਣਾਲੀ ਨੂੰ ਤਬਦੀਲ ਕਰਨ ਵਿਚ ਏਨੀ ਅਸਮੱਰਥ ਕਿਉਂ ਹੈ? ਰਾਮ ਨਾਥ, ਹਰੀਸ਼ ਰਾਏ, ਊਧਮ ਸਿੰਘ, ਨਿਹਾ ਵਰਗੇ ਲੋਕ, ਵਿਕਟਮ ਵੈਲਫੇਅਰ ਸੁਸਾਇਟੀ ਵਰਗੀਆਂ ਸੰਸਥਾਵਾਂ ਅਤੇ ਵਿਦਿਆਥੀ ਹੜਤਾਲ ਵਰਗੇ ਅੰਦੋਲਨ ਏਨੇ ਮਜਬੂਰ ਕਿਉਂ ਹਨ? ਇਹ ਪੇਚੀਦਾ ਸੁਆਲ, ਜੋ ਨਾਵਲ ਕੌਰਵ ਸਭਾ ਸਾਡੇ ਲਈ ਪਿੱਛੇ ਛੱਡ ਜਾਂਦਾ ਹੈ, ਇਹਨਾਂ ਦੇ ਹੱਲ ਢੂੰਡਣਾ ਸਾਡੇ ਲਈ ਜ਼ਰੂਰੀ ਹੈ। ਆਪਾਂ ਆਪਣਾ ਇਹ ਫਰਜ਼ ਨਿਭਾਉਣ ਦੀ ਕੋਸ਼ਿਸ਼ ਜ਼ਰੂਰ ਕਰਾਂਗੇ।

ਜਿਵੇਂ ਕਿ ਆਪਾਂ ਪਰਚੇ ਦੇ ਇਸ ਭਾਗ ਨੂੰ ਸ਼ੁਰੂ ਕਰਨ ਲੱਗਿਆ ਗੱਲ ਕੀਤੀ ਸੀ ਕਿ ਇਸ ਨਾਵਲ ਵਿਚ ਮਿੱਤਰ ਸੈਨ ਮੀਤ ਨੇ ਦੋ ਸੰਸਥਾਵਾਂ ਦੀ ਗੱਲ ਕੀਤੀ ਹੈ: ਨਿਆਂ ਪ੍ਰਣਾਲੀ ਦੀ ਅਤੇ ਸਿਹਤ ਪ੍ਰਬੰਧ ਦੀ। ਸਿਹਤ ਪ੍ਰਬੰਧ ਬਾਰੇ ਆਪਾਂ ਹਾਲੇ ਕੋਈ ਗੱਲਬਾਤ ਕੀਤੀ ਨਹੀਂ। ਜੇਕਰ ਆਪਾਂ ਪਹਿਲਾਂ ਇਸ ਸਿਹਤ ਪ੍ਰਬੰਧ ਦੀ ਗੱਲ ਕਰ ਲਈਏ ਤਾਂ ਬਿਨਾ ਸ਼ੱਕ ਇਸ ਨਾਵਲ ਵਿਚ ਪੇਸ਼ ਸਿਹਤ ਪ੍ਰਬੰਧਕੀ ਢਾਂਚੇ ਦਾ ਅਧਿਐਨ ਸਾਨੂੰ ਪੰਜਾਬ ਦੇ ਆਰਥਕ, ਰਾਜਨੀਤਕ ਅਤੇ ਪ੍ਰਬੰਧਕੀ ਢਾਂਚੇ ਨੂੰ ਸਮਝਣ ਵਿਚ ਵੀ ਸਹਾਈ ਹੋਵੇਗਾ ਤੇ ਅਸੀਂ ਉਪਰੋਕਤ ਸੁਆਲਾਂ ਨੂੰ ਵਧੇਰੇ ਸਮਰੱਥਾ ਨਾਲ ਸੰਬੋਧਿਤ ਹੋ ਸਕਾਂਗੇ।

**ਸਰਕਾਰੀ ਹਸਪਤਾਲ**

ਇਸ ਨਾਵਲ ਵਿਚ ਵੇਦ ਦੇ ਭਤੀਜੇ ਪੰਕਜ ਅਤੇ ਨੀਰਜ ਆਪਣੇ ਚਾਚੇ ਨੂੰ ਸਬਕ ਸਿਖਾਉਣ ਲਈ ਪਰਵਾਸੀ ਮਜ਼ਦੂਰਾਂ ਨੂੰ ਇਕ ਲੱਖ ਦੀ ਸੁਪਾਰੀ ਦੇ ਕੇ ਵੇਦ ਦੀ ਕੋਠੀ ਉਪਰ ਹਥਿਆਰ ਬੰਦ ਹਮਲਾ ਕਰਵਾ ਦਿੰਦੇ ਹਨ ਜਿਸ ਵਿਚ ਵੇਦ ਅਤੇ ਉਸਦੀ ਪਤਨੀ ਨੀਲਮ ਦੇ ਗਹਿਰੀਆਂ ਸੱਟਾਂ ਵੱਜਦੀਆਂ ਹਨ, ਉਹਨਾਂ ਦੇ ਪੁੱਤਰ ਕਮਲ ਦਾ ਕਤਲ ਹੋ ਜਾਂਦਾ ਹੈ ਅਤੇ ਧੀ ਨਿਹਾ ਦਾ ਬਲਾਤਕਾਰ। ਚਾਰਾਂ ਨੂੰ ਸਿਵਲ ਹਸਪਤਾਲ ਲਿਜਾਇਆ ਜਾਂਦਾ ਹੈ, ਕਮਲ ਦੀ ਮਿਰਤਕ ਦੇਹ ਨੂੰ ਪੋਸਟ ਮਾਰਟਮ ਲਈ ਅਤੇ ਬਾਕੀ ਤਿੰਨਾਂ ਨੂੰ ਮੁਢੱਲੀ ਡਾਕਟਰੀ ਸਹਾਇਤਾ ਅਤੇ ਇੰਜਰੀ ਰਿਪੋਰਟ ਲਈ। ਵੇਦ, ਨੀਲਮ ਅਤੇ ਨਿਹਾ ਤਿੰਨੇ ਗੰਭੀਰ ਹਨ। ਸਭ ਜਾਣਦੇ ਹਨ ਕਿ ਸਿਵਲ ਹਸਪਤਾਲ ਵਿਚ ਇਲਾਜ ਤਾਂ ਦੂਰ ਦੀ ਗੱਲ, ਉਹਨਾਂ ਨੂੰ ਮੁੱਢਲੀ ਸਹਾਇਤਾ ਵੀ ਨਹੀਂ ਮਿਲ ਸਕਦੀ, ਫੇਰ ਵੀ ਉਹ ਕਈ ਘੰਟੇ ਬਿਨਾਂ ਕਿਸੇ ਡਾਕਟਰੀ ਸਹਾਇਤਾ ਦੇ ਸਿਵਲ ਹਸਪਤਾਲ ਵਿਚ ਪਏ ਰਹਿੰਦੇ ਹਨ ਜਿਸ ਬਾਰੇ ਨਾਵਲਕਾਰ ਕਹਿੰਦਾ ਹੈ: "ਸੱਟਾ ਵੱਜੀਆਂ ਨੂੰ ਪੰਜ ਛੇ ਘੰਟੇ ਹੋ ਚੁੱਕੇ ਸਨ। ਮਰੀਜ਼ਾਂ ਨੂੰ ਹਾਲੇ ਤੱਕ ਡਾਕਟਰਾਂ ਨੇ ਛੂਹਿਆ ਤੱਕ ਨਹੀਂ ਸੀ। ਡਾਕਟਰਾਂ ਦੀ ਅਣਗਹਿਲੀ ਮਰੀਜ਼ਾਂ ਲਈ ਮੁਲਜ਼ਮਾਂ ਨਾਲੋਂ ਵੱਧ ਘਾਤਕ ਸਿੱਧ ਹੋ ਰਹੀ ਸੀ।"

ਸਭ ਜਾਣਦੇ ਸਨ ਕਿ ਸਿਵਲ ਹਸਪਤਾਲ ਵਿਚ ਮਰੀਜਾਂ ਦੀ ਜਾਨ ਨੂੰ ਖਤਰਾ ਹੈ, ਇਸ ਲਈ ਉਹਨਾਂ ਨੂੰ ਤੁਰੰਤ ਕਿਸੇ ਚੰਗੇ ਪਰਾਈਵੇਟ ਹਸਪਤਾਲ ਵਿਚ ਦਾਖਲ ਕਰਵਾ ਦੇਣਾ ਚਾਹੀਦਾ ਹੈ: ''ਏਥੇ ਜਿੰਨੀ ਦੇਰ ਹੋਏਗੀ ਮਰੀਜ਼ਾਂ ਦੀ ਜਾਨ ਨੂੰ ਓਨਾ ਖਤਰਾ ਵਧਦਾ ਜਾਏਗਾ। ਮੇਰੇ ਵਿਚਾਰ ਵਿਚ ਸਾਨੂੰ ਇਹਨਾਂ ਨੂੰ ਇੱਥੋਂ ਫੌਰਨ ਕਿਸੇ ਪਰਾਈਵੇਟ ਹਸਪਤਾਲ ਵਿਚ ਸ਼ਿਫਟ ਕਰ ਦੇਣਾ ਚਾਹੀਦਾ ਹੈ। ਪਰ ਕਾਨੂੰਨ ਵੀ ਕਹਿੰਦਾ ਹੈ? ਇਹ ਤੁਸੀਂ ਦੇਖੋ'' ਡਾਕਟਰ ਦੇਵ ਨੇ ਡਾਕਟਰੀ ਨਜ਼ਰੀਏ ਤੋਂ ਵੇਦ ਦੇ ਮਾਮੇ ਰਾਮ ਨਾਥ ਵਕੀਲ ਨੂੰ ਆਪਣੀ ਇਹ ਰਾਇ ਦਿੱਤੀ। ਉਸ ਨੇ ਰਾਮ ਨਾਥ ਨੂੰ ਇਹ ਗੱਲ ਇਸ ਲਈ ਆਖੀ ਕਿਉਂਕਿ ਡਾਕਟਰ ਅਤੇ ਵਕੀਲ ਦੋਨੋਂ ਇਹ ਗੱਲ ਸਮਝਦੇ ਸਨ ਕਿ ਕਾਨੂੰਨੀ ਨੁਕਤੇ ਤੋਂ ਮਰੀਜ਼ਾਂ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਉਣਾ ਜ਼ਰੂਰੀ ਸੀ ਕਿਉਂਕਿ ਸਿਵਲ ਹਸਪਤਾਲ ਦੇ ਸਰਕਾਰੀ ਡਾਕਟਰਾਂ ਨੇ ਫੱਟੜਾਂ ਦੀਆਂ ਸੱਟਾਂ ਦਾ ਮੁਆਇਨਾ ਕਰਕੇ ਇੰਜਰੀ ਰਿਪੋਰਟ ਦੇਣੀ ਸੀ ਜਿਸ ਦੇ ਅਧਾਰ ਉੱਪਰ ਮੁਕੱਦਮਾ ਦਰਜ ਹੋਣਾ ਸੀ: ''ਇਸੇ ਕਾਨੂੰਨੀ ਮਜ਼ਬੂਰੀ ਕਾਰਨ ਲੜਾਈ ਝਗੜਿਆਂ ਜਾਂ ਹਾਦਸਿਆਂ ਵਿਚ ਜ਼ਖ਼ਮੀ ਹੋਏ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿਚ ਦਾਖਲ ਹੋਣਾ ਪੈਂਦਾ ਸੀ। ਸਰਕਾਰੀ ਡਾਕਟਰ ਫੱਟੜ ਦੀਆਂ ਸੱਟਾਂ ਦਾ ਮੁਆਇਨਾ ਕਰਦੇ ਸਨ। ਲੱਗੀਆਂ ਸੱਟਾਂ ਦੀ ਰਿਪੋਰਟ ਤਿਆਰ ਕਰਕੇ ਪੁਲਿਸ ਨੂੰ ਦਿਦੇ ਸਨ। ਪੁਲਿਸ ਉਸ ਰਿਪੋਰਟ ਦੇ ਅਧਾਰ ਤੇ ਮੁੱਕਦਮੇ ਦਾ ਮੂਹ ਮੱਥਾ ਘੜਦੀ ਸੀ। ਕਾਨੂੰਨ ਦੀ ਇਸ ਲੋੜ ਦਾ ਢਿੱਡ ਭਰਨ ਲਈ ਵੇਦ ਹੋਰਾਂ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ।"

ਭਾਵੇਂ ਸਿਵਲ ਹਸਪਤਾਲ ਬਣਾਏ ਤਾਂ ਬਿਮਾਰਾਂ ਦਾ ਇਲਾਜ ਕਰਨ ਵਾਸਤੇ ਹੀ ਸਨ। ਪਰ ਬਿਮਾਰਾਂ ਦਾ ਇਲਾਜ ਕਰਨ ਵਾਸਤੇ ਪਰਾਈਵੇਟ ਖੇਤਰ ਵਿਚ ਚੰਗੇ ਹਸਪਤਾਲ ਖੁੱਲ੍ਹ ਗਏ ਤੇ ਇਹ ਸਰਕਾਰੀ ਹਸਪਤਾਲ ਪੁਲਿਸ ਤਫਤੀਸ਼ ਦਾ ਜਾਂ ਨਿਆਂ ਪ੍ਰਣਾਲੀ ਦੀ ਬਿਊਰੋਕਰੇਸੀ ਦਾ ਇੱਕ ਭਾਗ ਬਣਕੇ ਹੀ ਰਹਿ ਗਏ ਹਨ। ਨਿਆਂ ਪ੍ਰਣਾਲੀ ਦੀ ਦੂਸਰੀ ਬਿਊਰੋਕਰੇਸੀ ਵਾਂਗ ਸਰਕਾਰੀ ਡਾਕਟਰਾਂ ਦਾ ਕੰਮ ਵੀ ਇੰਜਰੀ ਰਿਪੋਰਟ ਵਿਚ ਦੇਰੀ ਕਰਕੇ ਪੈਸੇ ਕਮਾਉਣਾ ਹੀ ਰਹਿ ਗਿਆ ਹੈ। ਸਿਵਲ ਹਸਪਤਾਲ ਵਿਚ ਨੀਲਮ ਨੂੰ ਸੰਭਾਲ ਰਹੀ ਪੜੋਸਨ ਰਾਮ ਨਾਥ ਨੂੰ ਆਖਦੀ ਹੈ: "ਕਿਸੇ ਨੇ ਕੁਝ ਨਹੀਂ ਕੀਤਾ। ਇੱਕ ਜਮਾਂਦਾਰ ਜਿਹਾ ਆਇਆ ਸੀ। ਵਾਲ ਕੱਟ ਕੇ ਖੂਨ ਪੂੰਝ ਗਿਆ। ਕਹਿੰਦਾ ਪਹਿਲਾਂ ਡਾਕਟਰ ਸੱਟਾ ਦੀ ਗਿਣਤੀ ਅਤੇ ਮਿਣਤੀ ਕਰੇਗਾ। ਫੇਰ ਇਲਾਜ ਸ਼ੁਰੂ ਹੋਊ, ਕੁਝ ਕਰੋ ਭਾਈ। ਇਥੇ ਇਹ ਮਰਜੂ ਵਿਚਾਰੀ।"

ਇੰਜਰੀ ਰਿਪੋਰਟ ਵਿਚ ਦੇਰੀ ਦਾ ਮਤਲਬ ਸੀ, ਮਰੀਜ਼ ਨੂੰ ਮੌਤ ਦੇ ਮੂੰਹ ਵੱਲ ਧਕੇਲਣਾ ਕਿਉਂਕਿ ਹਸਪਤਾਲ ਵਿਚ ਡਾਕਟਰੀ ਸਹਾਇਤਾ ਉਪਲਬਦ ਨਾ ਹੋਣ ਤੋਂ ਇਲਾਵਾ ਹਸਪਤਾਲ ਵਿਚ ਸਫਾਈ ਦੀ ਘਾਟ, ਮਰੀਜ਼ਾਂ ਦੇ ਖੁੱਲ੍ਹੇ ਜ਼ਖ਼ਮ, ਬਹਿ ਰਹੇ ਖੂਨ, ਗੰਦੇ ਕਪੱੜੇ, ਸਿਗਰਟਾਂ ਦੇ ਧੂੰਏ, ਮਿੱਟੀ ਘੱਟੇ ਆਦਿ ਕਾਰਨ ਇਨਫੈਕਸ਼ਨ ਦਾ ਵੀ ਬਹੁਤ ਡਰ ਸੀ। ਇੰਜਰੀ ਰਿਪੋਰਟ ਵਿਚ ਦੇਰੀ ਮੌਤ ਦਾ ਕਾਰਨ ਬਣ ਸਕਦੀ ਸੀ। ਪਰ ਇੰਜਰੀ ਰਿਪੋਰਟ ਲੈਣ ਲਈ ਡਾਕਟਰ ਨੂੰ ਰਿਸ਼ਵਤ ਦੇਣੀ ਜ਼ਰੂਰੀ ਸੀ। ਡਾਕਟਰ ਨੂੰ ਰਿਸ਼ਵਤ ਦੇਣ ਤੋਂ ਪਹਿਲਾਂ ਕਿਸੇ ਟਾਊਟ ਦਾ ਹੋਣਾ ਜ਼ਰੂਰੀ ਹੈ। ਜਦੋਂ ਰਾਮ ਨਾਥ ਨਿਹਾ ਦੀ ਸੰਘਭਾਲ ਕਰ ਰਹੀ ਗੁਆਂਢਣ ਨੂੰ ਪੁੱਛਦਾ ਹੈ ਕਿ ਲੇਡੀ ਡਾਕਟਰ ਕਿਉਂ ਨਹੀਂ ਆਈ, ਤਾਂ ਉਹ ਜੁਆਬ ਦਿੰਦੀ ਹੈ, "ਇਥੇ ਇਕ ਬਾਬੂ ਜਿਹਾ ਫਿਰਦਾ ਸੀ। ਕਹਿੰਦਾ ਸੀ ਡਾਕਟਰ ਦਸ ਵਜੇ ਰਾਊਂਡ ਤੇ ਆਏਗੀ। ਕਹਿੰਦਾ ਸੀ ਪਹਿਲਾਂ ਬਲਾਉਣੀ ਹੈ ਤਾਂ ਦੱਸੋ? ਭਰਾ ਜੀ ਉਸ ਬੰਦੇ ਨੂੰ ਮਿਲ ਕੇ ਡਾਕਟਰ ਨੂੰ ਬੁਲਾਓ। ਮੱਥਾ ਡੰਮੋ ਭੈੜੀ ਡਾਕਟਰਨੀ ਦਾ। ਫੁੱਲ ਵਰਗੀ ਕੁੜੀ ਮੁਰਝਾਈ ਪਈ ਹੈ।" ਰਾਮ ਨਾਥ ਠੇਕੇਦਾਰ ਨਾਲ ਸੰਪਰਕ ਕਰਦਾ ਹੈ। ਠੇਕੇਦਾਰ ਦੱਸਦਾ ਹੈ, ਕਿ ਡਾਕਟਰ ਦੀ ਫੀਸ ਪੰਜ ਹਜ਼ਾਰ ਰੁਪੈ ਸੀ। ਏਥੇ ਕੋਈ ਦੂਸਰੀ ਧਿਰ ਨਹੀਂ ਸੀ। ਫੇਰ ਕੁੜੀ ਦੀ ਇੱਜ਼ਤ ਦਾ ਮਾਮਲਾ ਸੀ। ਇਸ ਲਈ ਉਸਨੇ ਗੱਲ ਚਾਰ ਹਜ਼ਾਰ ਰੁਪੈ ਤੋਂ ਸ਼ੁਰੂ ਕਰਕੇ ਦੋ ਤੇ ਨਿਬੇੜ ਦਿੱਤੀ। ਡਾਕਟਰਾਂ ਨੂੰ ਇਸ ਗੱਲ ਦੀ ਕੋਈ ਸ਼ਰਮ ਨਹੀਂ ਕਿ ਜਿਹੜੇ ਲੋਕਾਂ ਤੋਂ ਉਹ ਰਿਸ਼ਵਤ ਲੈ ਰਹੇ ਹਨ, ਕੁਝ ਘੰਟੇ ਪਹਿਲਾਂ ਹੀ ਉਹਨਾਂ ਦੇ ਨੌਜੁਆਨ ਪੁੱਤਰ ਦੀ ਹੱਤਿਆਂ ਅਤੇ ਧੀ ਦਾ ਬਲਾਤਕਾਰ ਹੋਇਆ ਹੈ। ਆਪ ਜ਼ਖ਼ਮੀ ਪਏ ਹਨ ਅਤੇ ਘਰ ਵਿਚ ਡਾਕਾ ਪਿਆ ਹੈ। ਇਹ ਹੈ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਡਾਕਟਰਾਂ ਦਾ ਹਾਲ।

ਸਰਕਾਰੀ ਹਸਪਤਾਲਾਂ ਦਾ ਇਹ ਹਾਲ ਸਰਕਾਰ ਨੇ ਕੀਤਾ ਹੈ ਜਾਂ ਡਾਕਟਰਾਂ ਨੇ ਆਪ, ਕਿਸੇ ਇੱਕ ਨੂੰ ਘੱਟ ਕਸੂਰਵਾਰ ਠਹਿਰਾਉਣਾ ਠੀਕ ਨਹੀਂ ਹੈ। ਮਕਸਦ ਇੱਕੋ ਹੈ ਡਾਕਟਰੀ ਸਹਾਇਤਾ ਦੇ ਪਰਾਈਵੇਟ ਉਦਯੋਗ ਨੂੰ ਉਤਸਾਹਿਤ ਕਰਨਾ। ਬਿਮਾਰੀ, ਕਮਜ਼ੋਰ ਸਿਹਤ ਅਤੇ ਸੱਟ ਫੇਟ ਵੀ ਇੱਕ ਬਹੁਤ ਵੱਡੀ ਮਾਰਕਿਟ ਹੈ ਜਿਸ

ਉੱਪਰ ਡਾਕਟਰੀ ਸਹਾਇਤਾ ਦਾ ਇਕ ਪਰਾਈਵੇਟ ਉਦਯੋਗ ਉਸਰਿਆ ਹੋਇਆ ਹੈ। ਜੇਕਰ ਡਾਕਟਰੀ ਸਹਾਇਤਾ ਦਾ ਏਨਾ ਵੱਡਾ ਉਦਯੋਗ ਚੱਲ ਰਿਹਾ ਹੈ ਤਾਂ ਫੇਰ ਸਰਕਾਰੀ ਨੈੱਟਵਰਕ ਖੜ੍ਹਾ ਕਰਨ ਦੀ ਕੀ ਜ਼ਰੂਰਤ ਹੈ। ਨਾਲੇ ਫੇਰ ਉਸ ਨੈੱਟਵਰਕ ਨੇ ਤਾਂ ਡਾਕਟਰੀ ਸਹੂਲਤਾਂ ਮੁਹਈਆ ਹੀ ਨਹੀਂ ਕਰਨੀਆਂ। ਡਾਕਟਰੀ ਸਹਾਇਤਾ ਦੇ ਸਰਕਾਰੀ ਨੈੱਟਵਰਕ ਅਤੇ ਪਰਾਈਵੇਟ ਉਦਯੋਗ ਦੇ ਸਿਸਟਮ ਕਿਉਂ ਖੜੇ ਕੀਤੇ ਗਏ ਹਨ, ਇਸ ਪਿੱਛੇ ਕਿਹੜੀ ਸਿਆਸਤ ਕੰਮ ਕਰ ਰਹੀ ਹੈ, ਇਹ ਦੇ ਖਣਾ ਵੀ ਜ਼ਰੂਰੀ ਹੈ।

ਭਾਰਤ ਵਿਚ ਡਾਕਟਰੀ ਸਹਾਇਤਾ ਦਾ ਇਹ ਸਰਕਾਰੀ ਨੈੱਟਵਰਕ ਅੰਗਰੇ ਜ਼ੀ ਹਕੂਮਤ ਨੇ ਸਥਾਪਤ ਕਰਨਾ ਸ਼ੁਰੂ ਕੀਤਾ। ਮੈਡੀਕਲ ਕਾਲਜ ਅਤੇ ਹਸਪਤਾਲ ਸਥਾਪਤ ਕਰਨੇ ਸ਼ੁਰੂ ਕੀਤੇ। ਹੌਲੀ ਹੌਲੀ ਇਹਨਾਂ ਦੀ ਗਿਣਤੀ ਵਧਦੀ ਗਈ ਅਤੇ **1947** ਤੱਕ **22** ਤੇ ਪਹੁੰਚ ਗਈ। ਇਹ ਕਾਲਜ ਅਤੇ ਹਸਪਤਾਲ ਅੰਗਰੇਜ਼ੀ ਹਕੂਮਤ ਨੇ ਆਪਣੇ ਅੰਗਰੇਜ਼ ਅਫਸਰਾਂ ਅਤੇ ਫੌਜੀਆਂ ਲਈ ਬਣਾਏ ਸਨ। ਹੌਲੀ-ਹੌਲੀ ਭਾਰਤ ਦੇ ਪੜ੍ਹੇ ਲਿਖੇ ਇਲੀਟ ਵਰਗ ਲਈ ਵੀ ਇਹ ਡਾਕਟਰੀ ਸਹੂਲਤਾਂ ਉਪਲਭਦ ਕਰਵਾ ਦਿੱਤੀਆਂ ਗਈਆਂ। ਸਿਰਫ ਉਹਨਾਂ ਭਾਰਤੀਆਂ ਲਈ ਹੀ ਜੋ ਅੰਗਰੇਜ਼ੀ ਸਾਮਰਾਜ ਦੀ ਪ੍ਰਸ਼ਾਸਨੀ ਕੰਮਾ ਵਿਚ ਸਹਾਇਤਾ ਕਰਦੇ ਸਨ।

ਭਾਵੇਂ ਬਹੁਤੇ ਡਾਕਟਰ ਤਾਂ ਸਰਕਾਰੀ ਹਸਪਤਾਲਾਂ ਵਿਚ ਹੀ ਕੰਮ ਕਰਦੇ ਸਨ। ਪਰ ਸਨ **1900** ਦੇ ਆਸ ਪਾਸ ਡਾਕਟਰਾਂ ਨੇ ਬੰਬਈ ਅਤੇ ਕਲੱਕਤੇ ਵਿਚ ਪ੍ਰਾਈਵੇ ਟ ਪ੍ਰੈਕਟਿਸ ਵੀ ਸ਼ੁਰੂ ਕਰ ਦਿੱਤੀ ਸੀ। ਇੰਡੀਅਨ ਮੈਡੀਕਲ ਸਰਵਿਸ ਭਾਵ ਸਰਕਾਰੀ ਹਸਪਤਾਲਾਂ ਵਿਚ ਕੰਮ ਕਰਨ ਵਾਲੇ ਬਹੁਤੇ ਡਾਕਟਰ ਅੰਗਰੇਜ਼ ਹੀ ਹੁੰਦੇ ਸਨ। ਭਾਵੇਂ ਹੌਲੀ ਹੌਲੀ ਭਾਰਤੀ-ਡਾਕਟਰ ਵੀ ਆ ਗਏ ਪਰ ਉਪਰਲੀਆਂ ਅਸਾਮੀਆਂ ਅੰਗਰੇਜ਼ ਡਾਕਟਰਾਂ ਕੋਲ ਹੀ ਰਹੀਆਂ। ਪਹਿਲਾਂ ਵਿਸ਼ਵ ਯੁੱਧ ਤੱਕ ਤਾਂ ਪ੍ਰਾਈਵੇਟ ਪ੍ਰੈਕਟਿਸ ਵੀ ਅੰਗਰੇਜ਼ ਡਾਕਟਰਾਂ ਦੇ ਹੀ ਹੱਥ ਰਹੀ। ਸੰਨ **1920** ਦੇ ਆਸ ਪਾਸ ਅੰਗਰੇਜ਼ੀ ਡਾਕਟਰਾਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਡਾਕਟਰੀ ਪਰੋਫੈਸ਼ਨ ਦੇ ਵੱਧਣ ਫੁੱਲਣ ਲਈ ਬਿਮਾਰੀਆਂ ਅਤੇ ਸਿਹਤ ਖਰਾਬੀ ਦੀ ਮਾਰਕਿਟ ਵੱਧਣੀ ਫੁੱਲਣ ਚਾਹੀਦੀ ਹੈ। ਇਸ ਤਰ੍ਹਾਂ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਦੁਆਰਾ ਸਥਾਪਿਤ ਕੀਤੇ ਗਏ ਡਾਕਟਰੀ ਸਹਾਇਤਾ ਦੇ ਮਾਡਲ ਦੀਆਂ ਹੇਠ ਲਿਖੀਆਂ ਪੰਜ ਵਿਸ਼ੇਸ਼ਤਾਵਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ।

ਨੰਬਰ ਇਕ ਅੰਗਰੇਜ਼ੀ ਹਕੂਮਤ ਨੇ ਭਾਰਤ ਵਿਚ ਡਾਕਟਰੀ ਸਹੂਲਤਾਂ ਦਾ ਨੈੱਟਵਰਕ ਆਪਣੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਵਿਕਸਤ ਕੀਤਾ। ਭਾਰਤੀ ਲੋਕਾਂ ਦੀ ਸਿਹਤ ਸੁਰੱਖਿਆ ਨਾਲ ਇਸ ਨੈੱਟਵਰਕ ਦਾ ਕੋਈ ਲੈਣਾ ਦੇਣਾ ਨਹੀਂ ਸੀ। ਸਾਮਰਾਜ ਦੇ ਫੈਲਾਅ ਲਈ ਮਜ਼ਦੂਰਾਂ ਅਤੇ ਫੌਜੀਆਂ ਦੀ ਹਿਜਰਤ ਜ਼ਰੂਰੀ ਸੀ ਜਿਸਦੇ ਨਤੀਜੇ ਵਜੋਂ ਹੈਜੇ ਅਤੇ ਪਲੇਗ ਵਰਗੀਆਂ ਬਿਮਾਰੀਆਂ ਦੇ ਫੈਲਣ ਦੀਆਂ ਸੰਭਾਵਨਾਵਾਂ ਬਹੁਤ ਵੱਧ ਗਈਆਂ। ਇਹਨਾਂ ਬਿਮਾਰੀਆਂ ਤੋਂ ਅੰਗਰੇਜ਼ੀ ਹਾਕਮਾਂ, ਜਰਨੈਲਾਂ ਅਤੇ ਅਫਸਰਾਂ ਨੂੰ ਵੀ ਓਨਾ ਹੀ ਖਤਰਾ ਸੀ, ਜਿੰਨਾ ਕਿ ਆਮ ਜਨਤਾ ਨੂੰ। ਇਸ ਲਈ ਅੰਗਰੇਜ਼ੀ ਹਕੂਮਤ ਨੇ ਆਪਣੇ ਅਧਿਕਾਰੀਆਂ ਦੀ ਸਿਹਤ ਸੁਰੱਖਿਆ ਲਈ ਇਸ ਡਾਕਟਰੀ ਨੈੱਟਵਰਕ ਦੀ ਸਥਾਪਨਾ ਕੀਤੀ।

ਨੰਬਰ ਦੋ ਜਿਵੇਂ ਕਿ ਆਪਾਂ ਪਹਿਲੇ ਨੁਕਤੇ ਵਿਚ ਦੇਖ ਹੀ ਲਿਆ ਹੈ, ਇਹ ਡਾਕਟਰੀ ਪ੍ਰਬੰਧ ਭਾਰਤੀ ਸਮਾਜ ਦੀ ਸਿਹਤ ਸੁੱਰਖਿਆ ਲਈ ਨਹੀਂ, ਅੰਗਰੇਜ਼ ਅਧਿਕਾਰੀਆਂ ਦੀ ਨਿੱਜੀ ਸਿਹਤ ਸੁੱਰਖਿਆ ਲਈ ਵਿਕਸਤ ਕੀਤਾ ਗਿਆ ਸੀ। ਏਥੋਂ ਇਹ ਗੱਲ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਸਿਹਤ ਸੁੱਰਖਿਆ ਪ੍ਰਬੰਧ ਸਮਾਜ ਵਿੱਚ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਨਹੀਂ, ਸਗੋਂ ਹਸਪਤਾਲ ਵਿਚ ਪਹੁੰਚਣ ਵਾਲੇ ਵਿਅਕਤੀਆਂ ਦੀ ਬਿਮਾਰੀ ਦਾ ਇਲਾਜ ਕਰਨ ਲਈ ਸੀ। ਸੋ ਬਿਮਾਰੀ ਸਮਾਜਕ ਮਸਲਾ ਨਾ ਰਹਿ ਕੇ ਇਕ ਵਿਅਕੀਗਤ ਮਸਲਾ ਬਣ ਗਿਆ। ਸਮਾਜਕ ਮਸਲੇ ਨੂੰ ਵਿਅਕਤੀਗਤ ਮਸਲਾ ਇਸ ਲਈ ਬਣਾਇਆ ਗਿਆ ਤਾਂ ਜੋ ਸਿਹਤ ਸੁਰੱਖਿਆ ਦੇ ਖਪਤਕਾਰ ਪੈਦਾ ਕੀਤੇ ਜਾ ਸਕਣ। ਸਿਹਤ ਸੁੱਰਖਿਆ ਇਕ ਸਨਅਤ ਅਤੇ ਵਿਉਪਾਰ ਬਣ ਕੇ ਫੈਲ ਸਕੇ। ਇਸ ਤਰ੍ਹਾਂ ਬਿਮਾਰੀ, ਸਿਹਤ ਸੁਰੱਖਿਆ ਦਾ ਸਮਾਜਕ ਮਸਲਾ ਨਾ ਰਹਿ ਕੇ ਡਾਕਟਰੀ ਉਦਯੋਗ ਦੀ ਮੰਡੀ ਬਣ ਗਈ।

ਨੰਬਰ ਤਿੰਨਃ ਲੋਕਾਂ ਦੀਆਂ ਬਿਮਾਰੀਆਂ ਦੇ ਵਿਅਕਤੀਗਤ ਇਲਾਜ ਲਈ ਸ਼ਹਿਰਾਂ ਵਿਚ ਸਥਿਤ ਡਾਕਟਰ ਕੇਂਦਰਿਤ ਰੋਗਨਾਸ਼ਕ ਹਸਪਤਾਲ ਦੀ ਸਥਾਪਨਾ, ਇਸ ਲਈ ਅੰਗਰੇਜ਼ੀ ਸਮਾਰਾਜ ਦੀ ਕੇਂਦਰੀ ਸਿਹਤ ਨੀਤੀ ਬਣ ਗਈ।

ਨੰਬਰਃ ਚਾਰ : ਬਿਮਾਰੀ ਦੀ ਵਧ ਰਹੀ ਮੰਡੀ ਨੇ ਅੰਗਰੇਜ਼ੀ ਅਫਸਰਸ਼ਾਹੀ ਲਈ ਬਣੇ ਸਰਕਾਰੀ ਹਸਪਤਾਲਾਂ ਦੇ ਨਾਲ ਨਾਲ ਡਾਕਟਰੀ ਦੀ ਰੋਗਨਾਸ਼ਕ ਪ੍ਰੈਕਟਿਸ ਨੂੰ ਵੀ ਉਤਸਾਹਿਤ ਕਰ ਦਿੱਤਾ। ਜਦੋਂ ਬਿਮਾਰ ਵਿਅਕਤੀ ਇਕ ਖਪਤਕਾਰ ਅਤੇ ਡਾਕਟਰੀ ਸਹਾਇਤਾ ਜਿਣਸ ਬਣ ਗਏ ਤਾਂ ਅਜਿਹੀ ਸਥਿਤੀ ਵਿਚ ਡਾਕਟਰੀ ਸਹੂਲਤਾਂ ਦਾ ਇਕ ਪਰਾਈਵੇਟ ਉਦਯੋਗ ਵਜੋਂ ਉਭਰਨਾ ਤਾਂ ਨਿਸ਼ਚਿਤ ਹੀ ਸੀ। ਇਹ ਗੱਲ ਬਰਤਾਨਵੀਂ ਸਾਮਰਾਜ ਨੂੰ ਰਾਸ ਵੀ ਆਉਂਦੀ ਸੀ। ਇਸ ਲਈ ਡਾਕਟਰੀ ਸਹੂਲਤਾਂ ਦਾ ਇੱਕ ਦਵੱਲਾ ਮਾਡਲ ਸਾਹਮਣੇ ਆਇਆ। ਸਰਕਾਰੀ ਸਹੂਲਤਾਂ ਅਤੇ ਪ੍ਰਾਈਵੇਟ ਪਰੈਕਟਿਸ ਦਾ ਦਵੱਲਾ ਬਸਤੀਵਾਦ ਸਿਹਤ ਸੁਰੱਖਿਆ ਪ੍ਰਬੰਧ।

ਨੰਬਰ ਪੰਜਃ ਇਸ ਤਰ੍ਹਾ ਡਾਕਟਰੀ ਪੇਸ਼ਾ/ਵਿਉਪਾਰ/ਉਦਯੋਗ ਬਸਤੀਵਾਦੀ ਸਿਹਤ ਸੁਰੱਖਿਆ ਮਾਡਲ ਦੇ ਕੇਂਦਰ ਵਿਚ ਆ ਗਏ।

**ਆਜ਼ਾਦ ਭਾਰਤ ਵਿਚ ਸਾਮਰਾਜੀ ਮਾਡਲ :**

ਸਿਹਤ ਸੁਰੱਖਿਆ ਦਾ ਇਹ ਬਰਤਾਨਵੀ ਮਾਡਲ ਅੰਗਰੇਜ਼ੀ ਰਾਜ ਦੌਰਾਨ ਭਾਰਤ ਵਿਚ ਪੂਰੀ ਸਫ਼ਲਤਾ ਪੂਰਵਕ ਚੱਲਿਆ। ਬ੍ਰਿਟਿਸ਼ ਮੈਡੀਕਲ ਕੌਂਸਲ ਅਤੇ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ ਨੇ ਇਸ ਬਰਤਾਨਵੀਂ ਮਾਡਲ ਨੂੰ ਭਾਰਤ ਵਿਚ ਲਾਗੂ ਕਰਵਾਉਣ ਲਈ ਪ੍ਰਮੁੱਖ ਭੂਮਿਕਾ ਨਿਭਾਈ। ਪਰ ਇਸ ਮਾਡਲ ਦਾ ਸਿਹਰਾ ਉਹਨਾ ਭਾਰਤੀ ਡਾਕਟਰਾਂ ਸਿਰ ਵੀ ਬੱਝਦਾ ਹੈ ਜੋ ਬਰਤਾਨਵੀ ਰਾਜ

ਦੌਰਾਨ ਇੰਡੀਅਨ ਮੈਡੀਕਲ ਸਰਵਿਸ ਵਿਚ ਦਾਖਲ ਹੋਏ ਅਤੇ ਇਸ ਬਰਤਾਨਵੀਂ ਮਾਡਲ ਦੇ ਪੱਕੇ ਸਮਰਥਕ ਬਣ ਗਏ। ਇਹ ਇਹੋ ਭਾਰਤੀ ਡਾਕਟਰ ਸਨ, ਜਿਹਨਾਂ ਨੇ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਇਸੇ ਬਰਤਾਨਵੀ ਮਾਡਲ ਨੂੰ ਜਾਰੀ ਰੱਖਣ ਦੀ ਜ਼ੋਰਦਾਰ ਵਕਾਲਤ ਕੀਤੀ। ਇਸ ਮਾਡਲ ਦੇ ਖਿਲਾਫ਼ ਰਾਸ਼ਟਰਵਾਦੀਆਂ ਦਾ ਕੇਵਲ ਇੱਕੋ ਹੀ ਇਤਰਾਜ਼ ਸੀ ਕਿ ਆਈ ਐਮ.ਸੀ. ਦੀਆਂ ਉੱਚ ਪਦਵੀਆਂ ਤੇ ਕੇਵਲ ਅੰਗਰੇਜ਼ ਡਾਕਟਰ ਹੀ ਲੱਗ ਸਕਦੇ ਸਨ। ਆਜ਼ਾਦੀ ਤੋਂ ਬਾਅਦ ਇਹ ਇਤਰਾਜ਼ ਤਾ ਆਪਣੇ ਆਪ ਹੀ ਖਤਮ ਹੋ ਗਿਆ ਜਦੋਂ ਬਹੁਤੇ ਅੰਗਰੇਜ਼ੀ ਡਾਕਟਰ ਭਾਰਤ ਛੱਡ ਕੇ ਬਰਤਾਨੀਆਂ ਚਲੇ ਗਏ।

ਸਮਝਦਾਰ ਲੋਕਾਂ ਦਾ ਇੰਤਜ਼ਾਰ ਵਧੇਰੇ ਸਾਰਥਕ ਸੀ। ਉਹ ਕਹਿੰਦੇ ਸਨ ਕਿ ਇਹ ਮਾਡਲ ਸਿਹਤ ਸੁੱਰਖਿਆ ਸਹੂਲਤਾਂ ਨੂੰ ਕੇਵਲ ਸ਼ਹਿਰਾਂ ਤੱਕ ਹੀ ਸੀਮਿਤ ਕਰ ਦਿੰਦਾ ਹੈ। ਇਸ ਮਾਡਲ ਅਨੁਸਾਰ ਪੇਂਡੂ ਲੋਕਾਂ ਨੂੰ ਆਪਣਾ ਇਲਾਜ ਕਰਵਾਉਣ ਲਈ ਇਹਨਾਂ ਸ਼ਹਿਰੀ ਹਸਪਤਾਲਾਂ ਵਿਚ ਜਾ ਕੇ ਦਾਖਲ ਹੋਣਾ ਪੈਂਦਾ ਸੀ। ਪਿੰਡਾਂ ਵਿਚ ਇਸ ਤਰ੍ਹਾਂ ਦੀਆਂ ਆਧੁਨਿਕ ਡਾਕਟਰੀ ਸਹੂਲਤਾਂ, ਤਕਨੀਕੀ ਸਾਜ਼ੋ ਸਮਾਨ, ਟੈਸਟਿੰਗ ਲੈਬਾਰਟੀਆਂ ਅਤੇ ਮਹਿੰਗੀਆਂ ਦੁਆਈਆਂ ਨਾਲ ਲੈਸ ਹਸਪਤਾਲ ਖੋਲ੍ਹਣਾ ਆਰਥਕ ਪੱਖੋਂ ਦਰੁਸਤ ਨਹੀਂ ਸੀ। ਕਿਉਂਕਿ ਇਹ ਬਰਤਾਨਵੀ ਮਾਡਲ ਹੈ ਹੀ ਇਲੀਟ ਵਰਗ ਲਈ ਸੀ, ਇਸ ਲਈ ਜਦੋਂ ਆਜ਼ਾਦ ਭਾਰਤ ਵਿਚ ਇਸ ਬਰਤਾਨਵੀ ਬਸਤੀਵਾਦੀ ਮਾਡਲ ਨੂੰ ਇੰਨ ਬਿੰਨ ਇਸੇ ਰੂਪ ਵਿਚ ਅਪਣਾ ਕੇ ਇਸ ਵਿਚ ਆਮ ਭਾਰਤੀ ਜਨਤਾ ਨੂੰ ਸ਼ਾਮਲ ਕਰਨ ਵਾਸਤੇ ਪਿੰਡਾਂ ਅਤੇ ਸ਼ਹਿਰੀ ਬਸਤੀਆਂ ਵਿਚ ਹੀ ਵੀ ਸਿਹਤ ਸੇਵਾਵਾਂ ਦਾ ਇਹੋ ਨੈੱਟਵਰਕ ਖੜਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਹ ਸਮੁੱਚਾ ਸਿਸਟਮ ਹੀ ਹੌਲੀ ਹੌਲੀ ਬਰਬਾਦ ਹੋ ਗਿਆ ਤੇ ਇਸ ਦੇ ਖੰਡਰਾਂ ਦਾ ਸਿਵਲ ਹਸਪਤਾਲ ਦੇ ਰੂਪ ਵਿਚ ਮਿੱਤਰ ਸੈਨ ਮੀਤ ਨੇ ਬਹੁਤ ਹੀ ਬਰੀਕ ਬੀਨੀ ਨਾਲ ਵਰਨਣ ਕੀਤਾ ਹੈ।

ਅੰਗਰੇਜ਼ੀ ਹਕੂਮਤ ਨੇ ਸਿਹਤ ਸੁਰੱਖਿਆ ਦਾ ਜਿਹੜਾ ਬਸਤੀਵਾਦੀ ਸਿਸਟਮ ਇਕ ਸਦੀ ਵਿਚ ਖੜ੍ਹਾ ਕੀਤਾ ਸੀ, ਕਿਉਂਕਿ ਉਸ ਨੂੰ ਨਵੀਆਂ ਜਮਹੂਰੀ ਲੋੜਾਂ ਅਨੁਸਾਰ ਤਬਦੀਲ ਨਹੀਂ ਕੀਤਾ ਗਿਆ, ਇਸ ਲਈ ਉਹ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਣ ਦੀ ਅਸਮਰੱਥਤਾ ਕਾਰਨ ਪੰਜਾਹ ਸਾਲਾਂ ਵਿਚ ਹੀ ਢਹਿ ਢੇਰੀ ਹੋ ਗਿਆ। ਨਤੀਜੇ ਵਜੋਂ ਬਿਮਾਰ ਸਿਹਤ ਦੀ ਸਾਰੀ ਮੰਡੀ ਪਰਾਈਵੇਟ ਪਰੈਕਟਿਸ ਦੇ ਸਿਹਤ ਸੁਰੱਖਿਆ ਉਦਯੋਗ ਨੇ ਮੱਲ ਲਈ, ਜਿਸਨੂੰ ਮਿੱਤਰ ਸੈਨ ਮੀਤ ਨੇ ਦਇਆ ਨੰਦ ਹਸਪਤਾਲ, ਐਸਕੌਰਟ ਹਸਪਤਾਲ, ਪਰਾਈਵੇਟ ਕਲਿਨਕਾਂ, ਟੈਸਟਿੰਗ ਲੈਬਾਰਟਰੀਆਂ, ਦੁਆਈ ਉਦਯੋਗ ਆਦਿ ਦੇ ਰੂਪ ਵਿਚ ਉਸਾਰਿਆ ਹੈ। ਸੋ ਬਰਤਾਨਵੀ ਸਮਾਰਾਜ ਦੇ ਡਾਕਟਰੀ ਸਹੂਲਤਾਂ ਦੇ ਇਸ ਦਵੱਲੇ ਮਾਡਲ ਦਾ ਸਰਕਾਰੀ ਪਾਸਾਰ ਜਿਸਨੂੰ ਅਜ਼ਾਦ ਭਾਰਤ ਨੇ ਪੇਂਡੂਆਂ ਅਤੇ ਦੂਸਰੀ ਗਰੀਬ ਜਨਤਾ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਇਕ ਸਰਕਾਰੀ ਨੈੱਟਵਰਕ ਦੇ ਰੂਪ ਵਿਚ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ, ਆਪਣੇ ਬਸਤੀਵਾਦੀ ਕਿਰਦਾਰ ਕਾਰਨ ਨਵੀਆਂ ਜਮਹੂਰੀ ਲੋੜਾਂ ਦੇ ਅਨੁਕੂਲ ਨਾ ਹੋਣ ਕਰਕੇ ਪਰਾਈਵੇਟ ਉਦਯੋਗ ਦੇ ਲੋਟੂ ਪਾਸਾਰ ਵਿਚ ਸਿਮਟ ਕੇ ਰਹਿ ਗਿਆ। ਦਇਆਨੰਦ ਹਸਪਤਾਲ ਦੇ ਖਰਚਿਆਂ ਦੇ ਰੂਪ ਵਿਚ ਮਿੱਤਰ ਸੈਨ ਮੀਤ ਨੇ ਇਸ ਨੂੰ ਬਾਖੂਬੀ ਚਿਤਰਿਆ ਹੈ: "ਵਾਰਿਸਾਂ ਲਈ ਮਰੀਜ਼ਾਂ ਦੀ ਹਾਲਤ ਦੇ ਨਾਲ ਨਾਲ ਅਪਰੇਸ਼ਨਾਂ ਉਪਰ ਹੋਣ ਵਾਲਾ ਖਰਚਾ ਵੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਸੀ। ਦੋਹਾਂ ਮਰੀਜ਼ਾਂ ਨੂੰ ਸਰਦਾਰੀ ਲਾਲ ਨੇ ਦਿਆਨੰਦ ਹਸਪਤਾਲ ਵਿਚ ਦਾਖਲ ਕਰਵਾਇਆ ਸੀ। ਇਕ ਮਰੀਜ਼ ਦੀ ਦਾਖਲਾ ਫੀਸ ਪੰਜ ਹਜ਼ਾਰ ਰੁਪੈ ਸੀ। ਦੋਹਾਂ ਉਪਰ ਦਸ ਹਜ਼ਾਰ ਲੱਗ ਗਿਆ। ਸਰਦਾਰੀ ਲਾਲ ਘਰੋਂ ਪੰਜਾਹ ਹਜ਼ਾਰ ਰੁਪੈ ਲੈ ਕੇ ਆਇਅ ਸੀ, ਬਾਕੀ ਬਚਦੇ ਚਾਲੀ ਹਜ਼ਾਰ ਨੀਲਮ ਦੀਆਂ ਦਵਾਈਆਂ, ਔਜ਼ਾਰਾਂ ਅਤੇ ਟੈਸਟਾਂ ਨੇ ਨਿਗਲ ਲਏ। ਮੰਗਤ ਰਾਇ ਪੰਦਰਾਂ ਕੁ ਹਜ਼ਾਰ ਐਮ ਆਰ ਆਈ ਸਕੈਨ ਅਤੇ  ਐਕਸਰੇ ਉੱਪਰ ਖਰਚ ਚੁੱਕਾ ਸੀ। ਪੰਜ ਕੁ ਹਜ਼ਾਰ ਦੀਆਂ ਦੁਆਈਆਂ ਅਤੇ ਗਰਮ ਪੱਟੀਆਂ ਆ ਚੁੱਕੀਆਂ ਸਨ। ਉਸ ਕੋਲ ਤੀਹ ਹਜ਼ਾਰ ਬਾਕੀ ਸੀ। ਇਸ ਦੀਆਂ  ਪਲੇਟਾਂ ਆਉਣੀਆਂ ਸਨ। ਬਾਕੀ ਪੈਸਾ ਕਿੱਥੋਂ ਆਏਗਾ ਇਸ ਦੀ ਉਸਨੂੰ ਚਿੰਤਾ ਲੱਗੀ ਹੋਈ ਸੀ। ਨੀਲਮ ਦੇ ਅਪਰੇਸ਼ਨ ਦੀ ਫੀਸ ਤੀਹ ਹਜ਼ਾਰ ਰੁਪਏ ਸੀ। ਵੀਹ ਹਜ਼ਾਰ ਅਪਰੇਸ਼ਨ ਵੇਲੇ ਦਵਾਈਆਂ ਅਤੇ ਟੀਕਿਆਂ ਦਾ ਲੱਗਣਾ ਸੀ। ਵੇਦ ਦੇ ਅਪਰੇਸ਼ਨ ਦੀ ਫੀਸ ਵੀਹ ਹਜ਼ਾਰ ਰੁਪੈ ਸੀ। ਬਾਕੀ ਪਲੇਟਾਂ ਉੱਪਰ ਖਰਚ ਸੀ। ਕੁਲ ਮਿਲਾ ਕੇ ਇਕ ਲੱਖ ਰੁਪੈ ਦੀ ਹੋਰ ਜ਼ਰੂਰਤ ਸੀ।" ਅਪਰੇਸ਼ਨ ਤੋਂ ਬਾਅਦ ਵੀ ਖਰਚੇ ਘਟੇ ਨਹੀਂ। ਮਿੱਤਰ ਸੈਨ ਮੀਤ ਲਿਖਦਾ ਹੈ: "ਹਸਪਤਾਲ ਦੇ ਕੈਸ਼ੀਅਰ ਦਾ ਮੂੰਹ ਹਰ ਸਮੇਂ ਦੈਂਤ ਵਾਂਗ ਖੁੱਲਾ ਰਹਿੰਦਾ ਸੀ। ਨਿਹਾ ਦੇ ਖਾਤਿਆਂ ਵਿਚਲਾ ਸਾਰਾ ਪੈਸਾ ਇਸ ਦੈਂਤ ਨੇ ਲਿਗਲ ਲਿਆ ਸੀ।"

ਇਸ ਦਵੱਲੇ ਮਾਡਲ ਦੇ ਦੋਨੋਂ ਪੱਖਾਂ ਦਾ ਹਾਲ ਆਪਾਂ ਦੇਖ ਲਿਆ ਹੈ। ਸਰਕਾਰੀ ਨੈੱਟਵਰਕ ਜਿਸਨੂੰ ਅਜ਼ਾਦ ਭਾਰਤ ਵਿਚ ਆਮ ਲੋਕਾਂ ਦੇ ਇਲਾਜ ਲਈ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਭ੍ਰਿਸ਼ਟਾਚਾਰ ਦਾ ਅੱਡਾ ਬਣਿਆ ਹੋਇਆ ਹੈ। ਵਾਰਡ ਨੂੰ ਖਾਲੀ ਪਿਆ ਦੇਖ ਕੇ ਰਾਮ ਨਾਥ ਡਾਕਟਰਾਂ ਦੇ ਰਿਸ਼ਵਤ ਲੈਣ ਲਈ ਰੱਖੇ ਹੋਏ ਟਾਊਟ ਨੂੰ ਪੁੱਛਦਾ ਹੈ ਕਿ ਇਹ ਵਾਰਡ ਖਾਲੀ ਕਿਉਂ ਪਿਆ ਹੈ? ਉਸਦਾ ਜਵਾਬ: "ਇਸ ਵਰਡ ਦੇ ਡਾਕਟਰ ਦੀ ਤਰੱਕੀ ਹੋ ਗਹੀ ਹੈ। ਇਸ ਹਸਪਤਾਲ ਦਾ ਇਹ ਸਭ ਤੋਂ ਅਹਿਮ ਵਾਰਡ ਹੈ। ਲੜਾਈ ਝਗੜਿਆਂ ਵਿਚ ਹੱਡ ਤੁੜਾ ਕੇ ਲੋਕ ਇਸੇ ਵਾਰਡ ਵਿਚ ਆਉਂਦੇ ਹਨ। ਡਾਕਟਰ ਦੋਹਾਂ ਪਾਸਿਆਂ ਤੋਂ ਪੈਸੇ ਝਾੜਦੇ ਹਨ। ਕਈ ਡਾਕਟਰ ਏਥੇ ਆਉਣ ਲਈ ਭੱਜ ਨੱਠ ਕਰ ਰਹੇ ਹਨ। ਇਕ ਜਾਂਦਾ ਹੈ ਆਪਣਾ ਆਰਡਰ ਕਰਵਾ ਲੈਂਦਾ ਹੈ। ਦੂਜਾ ਉਸ ਤੋਂ ਵੱਡਾ ਬਰੀਫ ਕੇਸ ਲੈ ਜਾਂਦਾ ਹੈ। ਉਹ ਪਹਿਲੇ

ਆਰਡਰ ਕੈਂਸਲ ਕਰਵਾ ਕੇ ਆਪਣੇ ਆਰਡਰ ਕਰਵਾ ਲੈਂਦਾ ਹੈ। ਦੋ ਮਹੀਨੇ ਵਿਚ ਪੰਜ ਬਦਲੀਆਂ ਹੋ ਗਈਆਂ। ਇਸੇ ਚੱਕਰ ਕਾਰਨ ਥਾਂ ਖਾਲੀ ਪਈ ਹੈ ''ਫੇਰ ਮਰੀਜ਼ਾਂ ਦਾ ਇਲਾਜ ਕੌਣ ਕਰੇਗਾ?'' ਰਾਮ ਨਾਥ ਪੁੱਛਦਾ ਹੈ ''ਕੋਈ ਨਹੀਂ। ਐਕਸਰੇ ਕਰਵਾਓ। ਮਨ ਮਰਜ਼ੀ ਦੀ ਰਿਪੋਰਟ ਲਓ। ਫੇਰ ਜਿਹੜੇ ਮਰਜ਼ੀ ਚੰਗੇ ਹਸਪਤਾਲ ਵਿਚ ਚਲੇ ਜਾਓ।"

ਚੰਗੇ ਹਸਪਤਾਲ ਦਾ ਹਾਲ ਆਪਾਂ ਦੇਖ ਹੀ ਚੁੱਕੇ ਹਾਂ, ਓਥੋਂ ਦੇ ਖਰਚੇ ਗਰੀਬ ਆਦਮੀ ਤਾਂ ਕੀ ਚੰਗੇ ਚੰਗਿਆਂ ਦੀ ਕਮਰ ਤੋੜ ਦਿੰਦੇ ਹਨ। ਆਮ ਆਦਮੀ ਦਾ ਹਾਲ ਉਹੋ ਹੀ ਹੈ। ਡਾਕਟਰੀ ਸਹਾਇਤਾ ਨਾ ਉਸਨੂੰ ਪਹਿਲਾ ਉਪਲਭਦ ਸੀ। ਨਾ ਹੁਣ। ਪਹਿਲਾਂ ਉਹ ਇਲਾਜ ਪੱਖੋ ਮਰਦਾ ਸੀ। ਹੁਣ ਮਰਦਾ ਵੀ ਹੈ ਅਤੇ ਲੁੱਟਿਆ ਵੀ ਜਾ ਰਿਹਾ ਹੈ। ਡਾਕਟਰੀ ਇਲਾਜ ਦੀ ਆਧੁਨਿਕ ਤਕਨਾਲੋਜੀ ਬਹੁਤ ਮਹਿੰਗੀ ਹੈ। ਨਿੱਤ ਨਵੀਆਂ ਮਸ਼ੀਨਾਂ, ਨਵੇਂ ਟੈਸਟ ਨਵੇਂ ਔਜਾਰ ਅਤੇ ਨਵੀਆਂ ਦਵਾਈਆਂ ਆ ਰਹੀਆਂ ਹਨ। ਜਿੰਨੀ ਇਹ ਮਹਿੰਗੀ ਹੋ ਰਹੀ ਹੈ ਓਨਾ ਹੀ ਸਿਹਤ ਸੁਰੱਖਿਆ ਦੇ ਧੰਦੇ ਵਿਚ ਲੱਗੇ ਡਾਕਟਰਾਂ, ਤਕਨੀਸ਼ੀਅਨਾਂ, ਵਿਉਪਾਰੀਆਂ, ਸਨਅਤਕਾਰਾਂ ਆਦਿ ਲਈ ਮੁਨਾਫੇਯੋਗ ਵੀ ਬਣਦਾ ਜਾ ਰਿਹਾ ਹੈ। ਜਦੋਂ ਡਾਕਟਰਾਂ ਅਤੇ ਡਾਕਟਰੀ ਸਨਅਤ ਦੇ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਸਮਝ ਲਗਦੀ ਹੈ ਕਿ ਉਹ ਆਪਣੇ ਮੁਨਾਫ਼ੇ ਅਤੇ ਕੰਟਰੋਲ ਲਈ ਸਿਹਤ ਸਹੂਲਤਾਂ ਦੇ ਕਾਰੋਬਾਰ ਨੂੰ ਕਿੱਧਰ ਲਿਜਾ ਰਹੇ ਹਨ। ਪਰ ਜਦੋਂ ਸਰਕਾਰ ਅਤੇ ਆਮ ਜਨਤਾ ਵੱਲ ਦੇਖਦੇ ਹਾਂ ਤਾਂ ਸਮਝ ਨਹੀਂ ਪੈਂਦੀ ਕਿ ਆਮ ਜਨਤਾ ਦੀਆਂ ਵੋਟਾਂ ਨਾਲ ਗੱਦੀ ਉਪਰ ਬੈਠਨ ਵਾਲੀਆਂ ਸਰਕਾਰਾਂ ਇਸ ਡਾਕਟਰੀ ਕਾਰੋਬਾਰ ਦੀ ਲੋਕ ਵਿਰੋਧੀ ਦਿਸ਼ਾ ਤਬਦੀਲ ਕਿਉਂ ਨਹੀਂ ਕਰਦੀਆਂ? ਆਮ ਲੋਕ ਇਸਦੇ ਲੋਟੂ ਕਿਰਦਾਰ ਵਿਰੁੱਧ ਆਵਾਜ਼ ਕਿਉਂ ਨਹੀਂ ਉਠਾਉਂਦੇ? ਸਰਕਾਰਾਂ ਹਰਕਤ ਵਿਚ ਕਿਉਂ ਨਹੀਂ ਆਉਂਦੀਆਂ?

### ਸਿਹਤ ਸੁਰੱਖਿਆ ਦਾ ਇਤਿਹਾਸ :

ਇਹਨਾਂ ਸੁਆਲਾਂ ਦੇ ਹੱਲ ਢੂੰਡਣ ਤੋਂ ਪਹਿਲਾਂ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਸਿਹਤ ਸੁਰੱਖਿਆ ਦਾ ਸਿਸਟਮ ਹਮੇਸ਼ਾਂ ਇਸੇ ਤਰ੍ਹਾਂ ਦਾ ਨਹੀਂ ਸੀ। ਬਿਮਾਰੀ ਅਤੇ ਕਮਜ਼ੋਰ ਸਿਹਤ ਹਮੇਸ਼ਾਂ ਡਾਕਟਰੀ ਧੰਦੇ ਦੀ ਮੰਡੀ ਵੀ ਨਹੀਂ ਸੀ। ਸਿਹਤ ਸੁਰੱਖਿਆ ਦੇ ਪਰਾਈਵੇਟ ਉਦਯੋਗ ਬਣਨ ਤੋਂ ਪਹਿਲਾ ਇਹ ਇਕ ਸਮਾਜਕ ਚੁਣੌਤੀ ਸੀ। ਯੂਰਪ ਵਿਚ ਸਨਅਤੀ ਇਨਕਲਾਬ ਦੇ ਆਉਣ ਨਾਲ ਲੋਕਾਂ ਦਾ ਸਿਹਤ ਸਮੱਸਿਆਵਾਂ ਵੱਲ ਧਿਆਨ ਖਿੱਚਿਆ ਗਿਆ ਕਿਉਂਕਿ ਮਸ਼ੀਨ ਉੱਪਰ ਲਗਾਤਾਰ ਕੰਮ ਕਰਨ ਲਈ ਰੋਗ ਰਹਿਤ ਰਿਸ਼ਟ ਪੁਸ਼ਟ ਸਰੀਰ ਦੀ ਜ਼ਰੂਰਤ ਸੀ। ਰੋਗ ਰਹਿਤ ਰਿਸ਼ਟ ਪੁਸ਼ਟ ਲੇਬਰ ਫੋਰਸ ਸਨਅਤੀ ਉਤਪਾਦਨ ਦੀ ਪਹਿਲੀ ਲੋੜ ਬਣ ਗਈ। ਇਸ ਲੋੜ ਨੂੰ ਪੂਰਾ ਕਰਨ ਲਈ ਉਨੀਂਵੀਂ ਸਦੀ ਦੇ ਸ਼ੁਰੂ ਵਿਚ ਹੀ 'ਸੋਸ਼ਲ ਮੈਡੀਸਨ' ਦਾ ਪ੍ਰੋਗਰਾਮ ਸ਼ੁਰੂ ਹੋ ਗਿਆ। ਸੋਸ਼ਲ ਮੈਡੀਸਨ ਦੇ ਸਿਧਾਂਤ ਅਤੇ ਪ੍ਰੈਕਟਿਸ, ਦੋਨਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣ ਲੱਗਾ। ਭਾਵੇਂ ਸੱਟ ਫੇਟ ਜਾ ਹੋਰ ਬਹੁਤ ਸਾਰੀਆਂ ਸਥਿਤੀਆਂ ਵਿਚ ਮਰੀਜ਼ਾਂ ਵੱਲ ਵਿਅਕਤੀਗਤ ਧਿਆਨ ਵੀ ਦਿੱਤਾ ਜਾਦਾ ਸੀ, ਪਰ ਬਿਮਾਰੀ ਦੇ ਆਰਥਕ ਅਤੇ ਸਮਾਜਕ ਪੱਖਾ ਵੱਲ ਵਧੇਰੇ ਧਿਆਨ ਦਿੱਤਾ ਜਾਣ ਲੱਗਾ।

ਆਰਥਕ ਅਤੇ ਸਮਾਜਿਕ ਪੱਖੋਂ ਪਛੜੇ ਹੋਏ ਵਰਗਾਂ ਨੂੰ ਹੀ ਬਿਮਾਰੀ ਵਧੇਰੇ ਪੈਂਦੀ ਹੈ। ਇਹਨਾਂ ਵਰਗਾਂ ਵਿਚੋਂ ਲੇਬਰ ਫੋਰਸ ਤਿਆਰ ਕਰਨ ਵਾਸਤੇ ਇਹਨਾਂ ਵਿਚ ਫੈਲਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਆਰਥਕ ਅਤੇ ਸਮਾਜਕ ਵਸੀਲੇ ਕੀਤੇ ਜਾਂਦੇ ਸਨ। ਉਦਾਹਰਣ ਦੇ ਤੌਰ ਤੇ ਜਦੋਂ ਪਰੂਸ਼ੀਅਨ ਡਾਕਟਰ ਵਰਚੌ ਦਖੱਣੀ ਜਰਮਨੀ ਵਿਚ ਟਾਈਫਸ ਬੁਖਾਰ ਨਾਲ ਹੋਈ ਮਹਾਂਮਾਰੀ ਦਾ ਅਧਿਐਨ ਕਰਕੇ ਵਾਪਿਸ ਮੁੜਿਆ ਤਾਂ ਉਸਨੇ ਆਪਣੀ ਸਰਕਾਰ ਨੂੰ ਸਲਾਹ ਦਿੱਤੀ ਕਿ ਕੇਵਲ ਜ਼ਮੀਨੀ ਸੁਧਾਰਾਂ, ਵਧੇਰੇ ਉਜਰਤਾਂ, ਚੰਗੇ ਰੁਜ਼ਗਾਰ, ਸਾਫ ਪਾਣੀ ਅਤੇ ਸਵੱਛ ਵਾਤਾਵਰਣ ਨਾਲ ਹੀ ਇਸ ਆਫਤ ਦਾ ਟਾਕਰਾ ਕੀਤਾ ਜਾ ਸਕਦਾ ਹੈ। ਵਰਚੌਂ ਨੇ ਇਹ ਨਤੀਜਾ ਕੱਢਿਆ ਸੀ ਕਿ ਗਰੀਬੀ ਹੀ ਬਿਮਾਰੀ ਪੈਦਾ ਕਰਦੀ ਹੈ। ਗਰੀਬੀ ਕਾਰਨ ਹੀ ਬਿਮਾਰੀ ਫੈਲਦੀ ਹੈ। ਭੁੱਖ ਬਿਮਾਰੀ ਦੀ ਜੜ੍ਹ ਹੈ। ਵਿਅਕਤੀਗਤ ਇਲਾਜ ਥੋੜ੍ਹਾ ਬਹੁਤ ਤਾਂ ਸਹਾਈ ਹੋ ਸਕਦੇ ਹਨ, ਪਰ ਸਮਾਜ ਵਿੱਚੋਂ ਬਿਮਾਰੀ ਕੇਵਲ ਸਮਾਜਕ ਅਤੇ ਰਾਜਨੀਤਕ ਐਕਸ਼ਨ ਰਾਹੀਂ ਹੀ ਬਾਹਰ ਕੱਢੀ ਜਾ ਸਕਦੀ ਹੈ।

ਇਹ ਸੱਚ ਸੀ ਕਿਉਂਕਿ ਪੱਛਮੀ ਮੁਲਕਾਂ ਅੰਦਰ ਲੋਕਾਂ ਦੀ ਸਿਹਤ ਸੁਰੱਖਿਆ ਅਤੇ ਬਿਮਾਰੀਆਂ ਦੀ ਰੋਕਥਾਮ ਵਿਚ ਜਿਹੜੀ ਵੱਡੀ ਨਾਟਕੀ ਤਬਦੀਲੀ ਆਈ, ਉਹ ਆਧੁਨਿਕ ਡਾਕਟਰੀ ਧੰਦੇ ਦੀ ਆਮਦ ਤੋਂ ਬਹੁਤ ਪਹਿਲਾਂ ਅਠਾਰਵੀਂ ਅਤੇ ਉਨੀਵੀਂ ਸਦੀ ਦੇ ਸ਼ੁਰੂ ਸ਼ੁਰੂ ਵਿਚ ਸਮਾਜਿਕ ਅਤੇ ਰਾਜਨੀਤਕ ਉਪਰਾਲਿਆਂ ਨਾਲ ਹੀ ਆਈ। ਦੋ ਗੱਲਾਂ ਨੇ ਪ੍ਰਮੁੱਖ ਰੋਲ ਅਦਾ ਕੀਤਾ। ਪਹਿਲਾ ਸੀ ਅਨਾਜ ਉਤਪਾਦਨ ਵਿਚ ਵਾਧਾ ਅਤੇ ਅਨਾਜ ਦੀ ਢੋਆ ਢੁਆਈ ਦੇ ਸਾਧਨਾਂ ਵਿਚ ਤਰੱਕੀ। ਇਸ ਤਰ੍ਹਾਂ ਭੁਖਮਰੀ ਅਤੇ ਅਕਾਲ ਕਾਰਨ ਹੋਣ ਵਾਲੀਆਂ ਮੌਤਾਂ ਵਿਚ ਕਮੀ ਆਈ। ਦੂਸਰੇ ਲੇਬਰ ਰੀਫਾਰਮਾਂ, ਸਾਫ ਪਾਣੀ ਅਤੇ ਸੂੱਛ ਵਾਤਾਵਰਣ ਨੇ ਕਿਰਤੀ ਜਮਾਤ ਦੇ ਰਹਿਣ ਸਹਿਣ ਵਿਚ ਜੋ ਸੁਧਾਰ ਲਿਆਂਦਾ, ਉਸਨੇ ਕਿਰਦੀ ਜਮਾਤ ਦੀ ਸਿਹਤ ਵਿੱਚ ਵੱਡੇ ਪੱਧਰ ਤੇ ਸੁਧਾਰ ਲਿਆ ਕੇ ਉਸਦੀ ਕਿਰਤੀ ਉਤਪਾਦਕਤਾ ਵਿਚ ਵੀ ਵਾਧਾ ਕੀਤਾ। ਇਸ ਤਰ੍ਹਾਂ ਪੱਛਮੀ ਮੁਲਕਾਂ ਵਿਚ ਜੋ ਲੋਕਾਂ ਦੀ ਸਿਹਤ ਵਿਚ ਮਹੱਤਵਪੂਰਨ ਸੁਧਾਰ ਆਇਆ, ਮਹਾਂਮਾਰੀਆਂ ਰੁਕੀਆਂ ਮੌਤ ਦਰ ਵਿਚ ਵੱਡੇ ਪੱਧਰ ਤੇ ਕਮੀ ਆਈ, ਇਹ ਸਭ ਕੁਝ ਆਧੁਨਿਕ ਡਾਕਟਰੀ ਸਹੂਲਤਾਂ ਦੀ ਆਮਦ ਤੋਂ ਪਹਿਲਾਂ ਹੀ ਹੋਇਆ।

ਆਧੁਨਿਕ ਡਾਕਟਰੀ ਸਹੂਲਤਾਂ ਦੀ ਅਮਦ ਨਾਲ ਸਿਹਤ ਸੁਰੱਖਿਆ ਵਿਚ ਉਹ ਚਮਤਕਾਰ ਨਹੀਂ ਹੋਇਆ ਜੋ ਅਠਾਰਵੀਂ ਅਤੇ ਉਨੀਵੀਂ ਸਦੀ ਵਿਚ

ਸੋਸ਼ਲ ਮੈਡੀਸਨ ਨਾਲ ਹੋਇਆ। ਫੇਰ ਅਛੂਤ ਦੇ ਰੋਗਾਂ ਵਿਚ ਜਿਹੜੀ ਕਮੀ ਆਈ ਉਹ ਜਨਸਿਹਤ ਸਹੂਲਤਾਂ ਕਾਰਨ ਆਈ। ਸਮਾਜਕ ਅਨਿਆਂ ਹੀ ਬਿਮਾਰੀ, ਭੁਖਮਰੀ, ਮਹਾਂਮਾਰੀ ਆਦਿ ਦੀ ਜੜ੍ਹ ਹੈ। ਹਸਪਤਾਲਾਂ ਨੂੰ ਜਿੰਨੀਆਂ ਮਰਜ਼ੀ ਦਵਾਈਆਂ, ਵੈਕਸੀਨਾਂ, ਟੈਸਟਿੰਗ ਮਸ਼ੀਨਾਂ, ਔਜ਼ਾਰਾਂ, ਡਾਕਟਰਾਂ, ਫਾਰਮਸਿਸਟਾਂ, ਨਰਸਾਂ ਆਦਿ ਨਾਲ ਭਰ ਲਓ, ਜਿੰਨੀ ਦੇਰ ਤੱਕ ਸਮਾਜਿਕ ਅਨਿਆਂ, ਗਰੀਬੀ, ਬਿਊਰੋਕਰੇਟਾਈਜੇਸ਼ਨ ਆਦਿ ਨੂੰ ਖਤਮ ਕਰਕੇ ਸਮਾਜ-ਆਰਥਕ-ਰਾਜਨੀਤਕ ਸੁਧਾਰਾਂ, ਵਾਤਵਰਣ ਦੀ ਸਫਾਈ, ਰੁਜ਼ਗਾਰ ਅਤੇ ਜਨ ਸਿਹਤ ਉਪਰਾਲਿਆਂ ਵੱਲ ਵਿਸ਼ੇਸ਼ ਧਿਆਨ ਲਹੀਂ ਦਿੱਤਾ ਜਾਂਦਾ, ਬਿਮਾਰੀ ਨਹੀਂ ਜਾ ਸਕਦੀ।

ਦਰਅਸਲ ਆਧੁਨਿਕ ਸਿਹਤ ਸੁਰੱਖਿਆ ਦੇ ਬਸਤੀਵਾਦੀ ਮਾਡਲ ਦੀ ਸਫਲਤਾ ਹੀ ਇਸ ਗੱਲ ਵਿਚ ਹੈ ਕਿ ਵਿਗਿਆਨਿਕ ਆਧਾਰ ਕਾਰਨ ਇਸਦੇ ਨਿਰਵਿਵਾਦ ਰੁਤਬੇ ਨੇ ਸਟੇਟ ਨੂੰ ਸਿਹਤ ਸੁਰੱਖਿਆ ਨਾਲ ਸਬੰਧਿਤ ਉਸਦੀਆਂ ਉਪਰੋਕਤ ਜ਼ਿੰਮੇਵਾਰੀਆਂ ਤੋਂ ਮੁਕਤ ਕਰਵਾ ਕੇ ਇਸ ਨੂੰ ਵਿਅਕਤੀਗਤ ਖ੍ਰੀਦਾਰੀ ਵਾਲਾ ਸੌਦਾ ਬਣਾ ਦਿੱਤਾ। ਹੁਣ ਇਹ ਸਮਾਜਿਕ ਨਿਆਂ ਦਾ ਮਸਲਾ ਨਹੀਂ, ਵਿਅਕਤੀਗਤ ਖਰੀਦ ਦਾ ਮਸਲਾ ਹੈ। ਸਟੇਟ ਦੀ ਜ਼ਿੰਮੇਵਾਰੀ ਨਹੀਂ, ਪਰਾਈਵੇਟ ਵਿਉਪਾਰ ਹੈ। ਰਾਜਨੀਤਕ ਮਸਲਾ ਨਹੀਂ, ਪੈਦਾਵਾਰ ਅਤੇ ਖਪਤ ਦਾ ਪਰਾਈਵੇਟ ਧੰਦਾ ਹੈ।

### ਆਧੁਨਿਕ ਸਿਹਤ ਸੁਰੱਖਿਆ ਪ੍ਰਬੰਧ:

### 1. ਡਾਕਟਰੀ ਪੇਸ਼ਾ :

ਬਰਤਾਨਵੀਂ ਸਾਮਰਾਜ ਵੱਲੋਂ ਤਿਆਰ ਕੀਤਾ ਗਿਆ ਸਿਹਤ ਸੁਰੱਖਿਆ ਦਾ ਮਾਡਲ, ਜਿਸਨੂੰ ਅਜ਼ਾਦੀ ਤੋਂ ਬਾਅਦ ਭਾਰਤ ਨੇ ਉਸੇ ਰੂਪ ਵਿਚ ਅਪਣਾ ਲਿਆ ਸੀ, ਨੇ ਭਾਰਤੀ ਲੋਕਾਂ ਦੀਆਂ, ਖਾਸ ਕਰਕੇ ਪੇਂਡੂ ਅਤੇ ਗਰੀਬ ਜਨਤਾ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਨੂੰ ਸੁਲਝਾਉਣ ਦੀ ਥਾਂ ਹੋਰ ਵੀ ਵਧੇਰੇ ਉਲਝਾ ਦਿੱਤਾ, ਇਹ ਆਪਾ ਦੇਖ ਚੁੱਕੇ ਹਾਂ। ਹੁਣ ਇਹ ਦੇਖਣਾ ਬਾਕੀ ਹੈ ਕਿ ਜੇ ਇਸ ਮਾਡਲ ਨੇ ਅੱਜ ਵੀ ਸਿਹਤ ਸੁਰੱਖਿਆ ਦੇ ਖੇਤਰ ਵਿਚ ਆਪਣੀ ਚੌਧਰ ਸਥਾਪਤ ਕੀਤੀ ਹੋਈ ਹੈ ਤਾਂ ਇਹ ਨਿਸ਼ਚੇ ਹੀ ਕੁਝ ਖਾਸ ਵਰਗਾਂ ਦੇ ਹਿੱਤਾਂ ਦੀ ਪੂਰਤੀ ਕਰਦਾ ਹੋਵੇਗਾ। ਹੁਣ ਆਪਾਂ ਉਹਨਾ ਸਮਾਜਕ ਵਰਗਾਂ ਦੀ ਨਿਸ਼ਾਨ ਦੇਹੀ ਕਰਨ ਦੀ ਕੋਸ਼ਿਸ਼ ਕਰਾਂਗੇ।

ਸਿਹਤ ਸੁਰੱਖਿਆ ਦੇ ਇਸ ਆਧੁਨਿਕ ਪ੍ਰਬੰਧ ਨਾਲ ਸਭ ਤੋਂ ਵਧੇਰੇ ਹਿੱਤ ਤਾਂ ਡਾਕਟਰੀ ਪੇਸ਼ੇ ਦੇ ਹੀ ਜੁੜੇ ਹੋਏ ਹਨ। ਜਦੋਂ ਹਸਪਤਾਲ ਵਿਚ ਪਏ ਮਰੀਜ਼ਾਂ ਦੀ ਹਾਲਤ ਕੁਝ ਸਥਿਰ ਹੋਈ ਤਾਂ ਹਸਪਤਾਲ ਦੇ ਖਰਚਿਆਂ ਤੋਂ ਤੰਗ ਆ ਕੇ ਚੁੱਕੇ ਰਾਮ ਨਾਥ ਨੇ ਸੋਚਿਆ: “ਨੀਲਮ ਨੇ ਜਿੰਨਾ ਠੀਕ ਹੋਣਾ ਸੀ ਹੋ ਚੁੱਕੀ ਸੀ। ਹਸਪਤਾਲ ਰੱਖਣ ਦਾ ਕੋਈ ਫਾਇਦਾ ਨਹੀਂ ਸੀ। ਅੱਠ ਘੰਟਿਆਂ ਬਾਅਦ ਉਸਦੀ ਗੁਲੂਕੋਸ ਦੀ ਬੋਤਲ ਬਦਲੀ ਜਾਂਦੀ ਸੀ। ਨਰਸਾਂ ਦਿਨ ਵਿਚ ਉਸ ਨੂੰ ਤਿੰਨ ਵਾਰ ਦਵਾਈ ਦਿੰਦੀਆਂ ਸਨ। ਇਹ ਕੰਮ ਕਿਸੇ ਨਰਸ ਨੂੰ ਘਰ ਬੁਲਾ ਕੇ ਵੀ ਹੋ ਸਕਦਾ ਸੀ।” ਪਰ ਨਾਵਲਕਾਰ ਦੱਸਦਾ ਹੈ: “ਇਸ ਤਰ੍ਹਾਂ ਦੇ ਕਈ ਮਰੀਜ਼ ਸਾਲ ਸਾਲ ਤੋਂ ਇਸ ਵਾਰਡ ਵਿਚ ਪਏ ਸਨ। ਡਾਕਟਰਾਂ ਨੇ ਓਨਾ ਚਿਰ ਉਸ ਨੂੰ ਛੁੱਟੀ ਨਹੀਂ ਦੇਣੀ ਜਿੰਨਾ ਚਿਰ ਉਹਨਾ ਨੇ ਮੰਗਣੀ ਨਹੀਂ। ਪਰਾਈਵੇਟ ਹਸਪਤਾਲ ਸੀ। ਫੀਸਾਂ ਵਿਚੋਂ ਡਾਕਟਰਾਂ ਨਰਸਾਂ ਨੂੰ ਹਿੱਸਾ ਮਿਲਦਾ ਸੀ। ਕੋਈ ਆਪਣੇ ਰੁਜ਼ਗਾਰ ਵਿਚ ਲੱਤ ਕਿਉਂ ਮਾਰੇਗਾ?” ਖੈਰ ਜਦੋਂ ਉਹ ਡਾਕਟਰਾਂ ਦੀ ਰਾਇ ਦੇ ਵਿਰੁੱਧ ਹਸਪਤਾਲੋਂ ਘਰ ਆ ਗਏ ਤਾਂ “ਘਰ ਮੁੜਦਿਆਂ ਹੀ ਨੀਲਮ ਦੀ ਹਾਲਤ ਸੁਧਰ ਗਈ। ਚਮਚੇ ਨਾਲ ਦੁਆਈ ਉਸਦੇ ਅੰਦਰ ਜਾਣ ਲੱਗੀ। ਡ੍ਰਿਪ ਉਤਰ ਗਈ। ਨਿਹਾ ਨੂੰ ਹੁਣ ਘੜੀ ਮੁੜੀ ਡ੍ਰਿਪ ਵੱਲ ਝਾਕਣ ਦੀ ਜ਼ਰੂਰਤ ਨਹੀਂ ਸੀ। ਨਿਹਾ ਨੂੰ ਸੌਖ ਹੋ ਗਈ।” ਪਰ ਹਫ਼ਤੇ ਕੁ ਬਾਅਦ ਘਰ ਵਿਚ ਸਫਾਈ ਅਤੇ ਸਾਂਭ ਸੰਭਾਲ ਦੀ ਘਾਟ ਕਾਰਨ ਨੀਲਮ ਨੂੰ ਇਨਫੈਕਸ਼ਨ ਹੋ ਗਈ ਅਤੇ ਹਿਲਜੁਲ ਕਾਰਨ ਵੇਦ ਦੀਆਂ ਰਾਡਾਂ ਹਿੱਲ ਗਈਆਂ। ਮਰੀਜ਼ਾ ਦੀ ਸੰਭਾਲ ਅਤੇ ਘਰ ਦੀ ਸਾਫ ਸਫਾਈ ਵੱਲ ਵਧੇਰੇ ਧਿਆਨ ਦੇਣ ਲਈ ਆਖਣ ਦੀ ਥਾਂ ਡਾਕਟਰ ਉਹਨਾਂ ਨੂੰ ਮੁੜ ਹਸਪਤਾਲ ਵਿਚ ਦਾਖਲ ਹੋਣ ਦੀ ਰਾਇ ਦਿੰਦੇ ਹਨ: “ਹਫਤਾ ਠੀਕ ਰਹਿ ਕੇ ਕਦੇ ਨੀਲਮ ਨੂੰ ਬੁਖਾਰ ਹੋਣ ਲੱਗਾ ਕਦੇ ਇਨਫੈਕਸ਼ਨ। ਕਦੇ ਕਬਜ਼ ਹੋ ਜਾਂਦੀ, ਕਦੇ ਪਿਸ਼ਾਬ ਰੁਕ ਜਾਂਦਾ। ਨੀਲਮ ਸੰਭਲਦੀ ਤਾਂ ਵੇਦ ਦੀਆਂ ਰਾਡਾਂ ਖਿਸਕ ਜਾਂਦੀਆਂ। ਸਾਰੇ ਸਰੀਰ ਵਿਚ ਚੀਸਾਂ ਪੈਣ ਲੱਗਦੀਆਂ। ਉਸ ਨੂੰ ਐਂਬੂਲੈਂਸ ਵਿਚ ਪਾ ਕੇ ਹਸਪਤਾਲ ਲਿਜਾਣਾ ਪੈਂਦਾ। ਕਦੇ ਐਕਸਰੇ ਹੁੰਦੇ ਕਦੇ ਸਕੈਨ। ਡਾਕਟਰ ਰਾਇ ਦਿੰਦੇ, ਮਰੀਜ਼ਾਂ ਨੂੰ ਹਸਪਤਾਲ ਦਾਖਲ ਕਰਵਾ ਦਿਓ।” ਗੱਲ ਕੀ ਡਾਕਟਰੀ ਦੇ ਇਸ ਆਧੁਨਿਕ ਧੰਦੇ ਦਾ ਸਿਹਤ ਸੁਰੱਖਿਆ ਦੇ ਪ੍ਰਬੰਧ ਉਪਰ ਸੰਪੂਰਨ ਕੰਟਰੋਲ ਹੈ, ਚਾਹੇ ਉਹ ਸਿਹਤ ਸੁਰੱਖਿਆ ਹਸਪਤਾਲ ਵਿਚ ਦਿੱਤੀ ਜਾ ਰਹੀ ਹੋਵੇ ਤੇ ਚਾਹੇ ਘਰ ਵਿਚ। ਪੜ੍ਹੇ ਲਿਖੇ ਲੋਕਾਂ ਨੂੰ ਵੀ ਡਾਕਟਰੀ ਦੇ ਧੰਦੇ ਵਿਚ ਦਖਲ ਦੇਣ ਦੀ ਇਜ਼ਾਜਤ ਨਹੀਂ।

ਇਨਫੇਕਸ਼ਨ ਤੋਂ ਬਚਣ ਲਈ ਜਾਂ ਪਲਸਤਰ ਕੀਤੇ ਹੋਏ ਅੰਗਾਂ ਦੀ ਦੇਖਭਾਲ ਲਈ ਕੀ ਕੁਝ ਕਰਨਾ ਹੈ, ਮਰੀਜ਼ਾਂ ਨੂੰ ਜਾਂ ਮਰੀਜ਼ਾਂ ਦੇ ਪੜ੍ਹੇ ਲਿਖੇ ਰਿਸ਼ਤੇਦਾਰਾਂ ਨੂੰ ਇਸ ਤਰ੍ਹਾਂ ਦੀ ਟਰੇਨਿੰਗ ਦੇਣ ਦੀ ਥਾਂ, ਮਰੀਜ਼ਾਂ ਨੂੰ ਹਸਪਤਾਲ, ਟੈਸਟ ਲੈਬਾਰਟੀਆਂ, ਐਕਸਰੇ ਮਸ਼ੀਨਾਂ, ਐਂਟੀਬਾਇਟਿਕ ਦਵਾਈਆਂ ਵੱਲ ਨੂੰ ਹੀ ਖਿੱਚਿਆ ਜਾਂਦਾ ਹੈ। ਇਹੋ ਕਾਰਨ ਹੈ ਕਿ ਛੋਟੀਆਂ ਮੋਟੀਆਂ ਬਿਮਾਰੀਆਂ ਤੋਂ ਬਚਣ ਲਈ ਆਮ ਜਨਤਾ ਨੂੰ ਟਰੇਨਿੰਗ ਦੇਣ ਦਾ ਵੀ ਡਾਕਟਰ ਲੋਕ ਵਿਰੋਧ ਕਰਦੇ ਹਨ। ਕੇਵਲ ਏਨਾ ਹੀ ਨਹੀਂ ਕਿ ਆਮ ਲੋਕਾਂ ਨੂੰ ਦਵਾਈਆਂ ਅਤੇ ਸਿਹਤ ਸੁਰੱਖਿਆ ਦੀ ਵਿਗਿਆਨਕ ਜਾਣਕਾਰੀ ਤੋਂ ਵਾਂਝਿਆਂ ਰੱਖਿਆ ਜਾਦਾ ਹੈ, ਸਗੋਂ ਇਸ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨ ਨੂੰ ਹਾਨੀਕਾਰਕ ਵੀ

ਦੱਸਿਆ ਜਾਦਾ ਹੈ।

**2. ਡਾਕਟਰੀ ਸਨਅਤ :**

ਡਾਕਟਰੀ ਪੇਸ਼ੇ ਦੇ ਨਾਲ ਹੀ ਦੂਸਰਾ ਨੰਬਰ ਆਉਂਦਾ ਹੈ ਡਾਕਟਰੀ ਸਨਅਤ ਦਾ। ਸਿਹਤ ਸੁਰੱਖਿਆ ਦੇ ਇਸ ਆਧੁਨਿਕ ਧੰਦੇ ਵਿਚੋਂ ਸਭ ਤੋਂ ਵੱਧ ਮੁਨਾਫਾ ਸਿਹਤ ਸੁਰੱਖਿਆ ਦੀ ਸਨਅਤ ਅਤੇ ਵਿਉਪਾਰ ਨੂੰ ਹੁੰਦਾ ਹੈ। ਆਪਾਂ ਇਹ ਸਭ ਜਾਣਦੇ ਹਾਂ ਕਿ ਇਸ ਸਨਅਤ ਦੁਆਰਾ ਤਿਆਰ ਕੀਤੀਆਂ ਦਵਾਈਆਂ ਹਜ਼ਾਰਾਂ ਲੋਕਾਂ ਦੀ ਹਰ ਰੋਜ਼ ਜਾਨ ਬਚਾਉਂਦੀਆਂ ਹਨ, ਪਰ ਇਸਦੇ ਨਾਲ-ਨਾਲ ਇਸ ਸਨਅਤ ਨੇ ਆਪਣਾ ਲੋਟੂ ਪ੍ਰੋਗਰਾਮ ਵੀ ਬਰਾਬਰ ਹੀ ਚਲਾਇਆ ਹੋਇਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜੀਵਨ ਦਾਨ ਦੇਣ ਵਾਲੀਆਂ ਦਵਾਈਆਂ ਦੇ ਨਿਰਮਾਣ ਦੀ ਆੜ ਵਿਚ ਹੀ ਇਹਨਾਂ ਨੇ ਆਪਣਾ ਲੋਟੂ ਪ੍ਰੋਗਰਾਮ ਚਾਲੂ ਰੱਖਿਆ ਹੋਇਆ ਹੈ। ਉਦਾਹਰਣ ਦੇ ਤੌਰ ਤੇ ਜਦੋਂ ਇਕ ਗਰੀਬ ਮਜ਼ਦੂਰ ਦੀ ਕਮਜ਼ੋਰੀ ਦੂਰ ਕਰਨ ਲਈ ਕੋਈ ਡਾਕਟਰ ਉਸਨੂੰ ਵਿਟਾਮਿਨ ਟਾਨਿਕ ਦੀ ਸਿਫਾਰਸ਼ ਕਰਦਾ ਹੈ, ਉਸ ਵਿਟਾਮਿਨ ਟਾਨਿਕ ਦੀ ਜਿਸਦੀ ਇਕ ਬੋਤਲ ਦੀ ਕੀਮਤ ਉਸਦੀਆਂ ਦੋ ਤਿੰਨ ਦਿਹਾੜੀਆਂ ਦੇ ਬਰਾਬਰ ਹੁੰਦੀ ਹੈ, ਜਦੋਂ ਕਿ ਉਹੋ ਵਿਟਾਮਿਨ ਉਸ ਨੂੰ ਮੁਫ਼ਤ ਵਰਗੇ ਹਰੇ ਪੱਤਿਆਂ ਵਿਚੋਂ ਵੀ ਮਿਲ ਸਕਦੇ ਹਨ, ਤਾਂ ਸਾਨੂੰ ਟਾਨਿਕ ਦੀ ਸਿਫਾਰਸ਼ ਕਰਨ ਵਾਲੇ ਡਾਕਟਰਾਂ ਅਤੇ ਟਾਨਿਕ ਦਾ ਨਿਰਮਾਣ ਕਰਨ ਵਾਲੀ ਸਨਅਤ ਦੀ ਆਮ ਜਨਤਾ ਵਿਰੁੱਧ ਰਚੀ ਜਾ ਰਹੀ ਸਾਜ਼ਿਸ਼ ਦਾ ਪਤਾ ਚਲਦਾ ਹੈ। ਉਹਨਾਂ ਦੀ ਲੋਟੂ ਨੀਤੀ ਦਾ ਪਤਾ ਲੱਗਦਾ ਹੈ।

**3. ਉਚ ਤਕਨੀਕੀ ਇਲਾਜ ਪ੍ਰਣਾਲੀ :**

ਇਸਦੇ ਨਾਲ ਹੀ ਜੁੜੀ ਹੋਈ ਹੈ ਉੱਚ ਤਕਨੀਕੀ ਇਲਾਜ ਪ੍ਰਣਾਲੀ। ਡਾਕਟਰੀ ਸਿੱਖਿਆ ਦੌਰਾਨ ਵਿਦਿਆਰਥੀਆਂ ਨੂੰ ਨਵੀਂ ਵਿਕਸਤ ਹੋ ਰਹੀ ਉੱਚ ਤਕਨਾਲੋਜੀ ਦਾ ਗਿਆਨ ਦਿੱਤਾ ਜਾਂਦਾ ਹੈ। ਉਹਨਾਂ ਦੀ ਇਹਨਾਂ ਤਕਨੀਕਾਂ ਵਿਚ ਦਿਲਚਸਪੀ ਵੱਧਦੀ ਹੈ ਅਤੇ ਉਹ ਉਹਨਾਂ ਸੰਸਥਾਵਾਂ ਵਿਚ ਕੰਮ ਕਰਨ ਨੂੰ ਤਰਜੀਹ ਦੇਣ ਲਗਦੇ ਹਨ, ਜਿੱਥੇ ਇਸ ਉੱਚ ਤਕਨਾਲੋਜੀ ਦਾ ਇਸਤੇਮਾਲ ਹੁੰਦਾ ਹੈ। ਇਹ ਉੱਚ ਤਕਨੀਕੀ ਇਲਾਜ ਡਾਕਟਰਾਂ ਅਤੇ ਡਾਕਟਰੀ ਸਨਅਤ ਲਈ ਬਹੁਤ ਹੀ ਮੁਨਾਫ਼ੇ ਵਾਲਾ ਧੰਦਾ ਹੈ।

ਸਮਾਜ ਦੇ ਪਤਵੰਤੇ ਵਰਗਾਂ ਨੂੰ ਵੀ ਇਹੋ ਇਲਾਜ ਪਸੰਦ ਹੈ। ਅਜਿਹੀਆਂ ਸਹੂਲਤਾਂ ਨਾਲ ਲੈਸ ਹਸਪਤਾਲ ਵਿਚ ਦਾਖਲ ਹੋਣਾ, ਜਾਂ ਫੇਰ ਓਥੋਂ ਟੈਸਟ ਕਰਵਾਉਣੇ, ਇਹਨਾਂ ਪਤਵੰਤੇ ਲੋਕਾਂ ਦੇ ਰੁਤਬੇ ਦੇ ਪ੍ਰਤੀਕ ਬਣ ਗਏ ਹਨ। ਇਸੇ ਲਈ ਮਾਇਆ ਨਗਰ ਵਿਚ ਰਹਿਣ ਵਾਲੇ ਪੰਕਜ ਨੂੰ ਜਦੋਂ ਇਹ ਵਹਿਮ ਹੋ ਜਾਦਾ ਹੈ ਕਿ ਕਿਤੇ ਉਸ ਨੂੰ ਦਿਲ ਦੀ ਬਿਮਾਰੀ ਹੀ ਨਾ ਹੋ ਜਾਵੇ ਤਾਂ ਉਹ ਮਾਇਆ ਨਗਰ ਦੇ ਦਿਆਨੰਦ ਹਸਪਤਾਲ ਵਰਗੇ ਉੱਚ ਕੋਟੀ ਦੇ ਹਸਪਤਾਲ ਨੂੰ ਛੱਡ ਕੇ ਦਿੱਲੀ ਦੇ ਅਤੀ ਆਧੁਨਿਕ ਐਸਕਾਰਟ ਹਸਪਤਾਲ ਵਿਚ ਆਪਣੇ ਟੈਸਟ ਕਰਵਾਉਣ ਲਈ ਜਾਂਦਾ ਹੈ: "ਪੰਜ ਵਜੇ ਤੱਕ ਐਸਕਾਰਟ ਹਸਪਤਾਲ ਵਿਚ ਪੰਕਜ ਦੇ ਟੈਸਟ ਹੁੰਦੇ ਰਹੇ। ਖੂਨ ਤੋਂ ਲੈ ਕੇ ਗੁਰਦੇ ਤੱਕ ਦੀ ਜਾਂਚ ਹੋਈ। ਹਰ ਟੈਸਟ ਦੀ ਰਿਪੋਰਟ ਠੀਕ ਆ ਰਹੀ ਸੀ। ਡਾਕਟਰ ਟੈਸਟਾਂ ਦੀ ਲਿਸਟ ਲੰਬੀ ਕਰਦੇ ਗਏ। ਪੰਕਜ ਬਿਨਾ ਝਿਜਕ ਪੈਸੇ ਭਰਦਾ ਰਿਹਾ। ਅਗਲੇ ਦਿਨ ਇੱਕ ਵਾਰ ਫੇਰ ਆਉਣ ਲਈ ਆਖਿਆ ਗਿਆ।" ਉੱਚ ਤਕਨੀਕੀ ਸਹੂਲਤਾਂ ਨਾਲ ਲੈਸ ਹਸਪਤਾਲ ਦਾ ਨਿਰਮਾਣ ਡਾਕਟਰੀ ਪੇਸ਼ੇ ਜਾਂ ਡਾਕਟਰੀ ਸਨਅਤ ਨਾਲ ਜੁੜੇ ਹੋਏ ਲੋਕਾਂ ਲਈ ਹੀ ਨਹੀਂ, ਸਰਕਾਰਾਂ, ਸਰਕਾਰੀ ਅਫਸਰਾਂ ਅਤੇ ਉੱਚ ਵਰਗ ਦੇ ਲੋਕਾਂ ਲਈ ਵੀ ਮਾਣ ਵਾਲੀ ਗੱਲ ਬਣ ਗਈ ਹੈ। ਪਰ ਦੇਖਣ ਵਾਲੀ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਕੌਣ ਲੋਕ ਹਨ, ਜਾਂ ਫੇ ਰ ਕਿ ਉਹ ਕਿਹੜੇ ਵਰਗਾਂ ਦੇ ਲੋਕ ਹਨ, ਜਿਹਨਾਂ ਦੀ ਸੇਵਾ ਵਿਚ ਇਹ ਆਧੁਨਿਕ ਸਿਹਤ ਸੁਰੱਖਿਆ ਪ੍ਰਬੰਧ ਨਿਰਮਿਤ ਹੋਇਆ ਹੈ।

**4. ਬਿਊਰੋਕਰੈਟਿਕ ਕੰਟਰੋਲ**

ਇਹ ਤਾਂ ਆਪਾਂ ਦੇਖ ਹੀ ਚੁੱਕੇ ਹਾਂ ਕਿ ਇਹ ਆਧੁਨਿਕ ਸਿਹਤ ਸੁਰੱਖਿਆ ਪ੍ਰਬੰਧ ਸਭ ਤੋਂ ਵੱਧ ਫਾਇਦਾ ਸਿਹਤ ਸੁਰੱਖਿਆ ਸੰਸਥਾਪਨਾ ਜਿਸ ਵਿਚ ਡਾਕਟਰੀ ਪਰੋਫੈਸ਼ਨ ਅਤੇ ਡਾਕਟਰੀ ਉਦਯੋਗ ਦੋਨੋਂ ਸ਼ਾਮਲ ਹਨ ਨੂੰ ਪਚਾਉਂਦਾ ਹੈ। ਭਾਵੇਂ ਸਿਹਤ ਸੁਰੱਖਿਆ ਦੇ ਸਰਕਾਰੀ ਨੈੱਟਵਰਕ ਉੱਪਰ ਤਾਂ ਸਰਕਾਰੀ ਅਫਸਰਸ਼ਾਹੀ ਅਤੇ ਸਿਆਸੀ ਪਤਵੰਤਿਆਂ ਦਾ ਹੀ ਕੰਟਰੋਲ ਹੈ, ਜਿਸ ਕੰਟਰੋਲ ਰਾਹੀਂ ਉਹ ਸਿਹਤ ਸੁਰੱਖਿਆ ਦੇ ਪਰਾਈਵੇਟ ਸੰਸਥਾਪਨ ਲਈ ਬਿਮਾਰ ਸਿਹਤ ਦੀ ਉਹ ਮਾਰਕਿਟ ਵੀ ਜੋ ਪਰਾਈਵੇਟ ਹਸਪਤਾਲਾਂ ਦੇ ਖ਼ਰਚਿਆਂ ਕਾਰਨ ਬੰਦ ਪਈ ਸੀ, ਖੋਹਲ ਦਿੰਦੀ ਹੈ। ਸਰਕਾਰ ਅਤੇ ਸਰਕਾਰੀ ਮਸ਼ੀਨਰੀ ਸਿਹਤ ਸੁਰੱਖਿਆ ਨੂੰ ਤਿੰਨ ਪਾਸਿਆਂ ਤੋਂ ਕੰਟਰੋਲ ਕਰਦੀ ਹੈ : ਨੰਬਰ ਇਕ, ਸਿਹਤ ਸੁਰੱਖਿਆ ਦਾ ਸਰਕਾਰੀ ਨੈੱਟਵਰਕ ਖੜ੍ਹਾ ਕਰਕੇ। ਨੰਬਰ ਦੋ, ਆਮ ਜਨਤਾ ਵਿਚ ਸਸਤੀ ਸਿਹਤ ਸੁਰੱਖਿਆ ਦਾ ਭਰਮ ਪੈਦਾ ਕਰਕੇ ਅਤੇ ਨੰਬਰ ਤਿੰਨ, ਸਿਹਤ ਸੁਰੱਖਿਆ ਦੇ ਪਰਾਈਵੇਟ ਸੰਸਥਾਪਨ ਅੰਦਰ ਭ੍ਰਿਸ਼ਟਾਚਾਰ ਫੈਲਾਅ ਕੇ ਉਸ ਉਪਰ ਕੰਟਰੋਲ ਰਾਹੀਂ।

ਭਾਵੇਂ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਡਾਕਟਰਾਂ ਦਾ ਭ੍ਰਿਸ਼ਟਾਚਾਰ ਤਾਂ ਜੱਗ ਜਾਹਰਾ ਹੈ, ਪਰ ਦਯਾਨੰਦ ਹਸਪਤਾਲ ਦੇ ਮਾਹਿਰ ਵੀ ਨੀਰਜ ਹੁਰਾਂ ਕੋਲ ਵਿਕ ਜਾਣਗੇ, ਇਸ ਦਾ ਰਾਮ ਨਾਥ ਨੂੰ ਵਿਸ਼ਵਾਸ਼ ਨਹੀਂ ਸੀ ਆ ਰਿਹਾ। ਦਯਾਨੰਦ ਦੇ ਪੰਜ ਡਾਕਟਰਾਂ ਨੇ ਚੰਗੇ ਭਲੇ ਤੰਦਰੁਸਤ ਬੰਦਿਆਂ ਨੇ ਕਿਹੜੇ ਲਾਲਚ ਅਧੀਨ ਸਖਤ ਬਿਮਾਰ ਘੋਸ਼ਿਤ ਕੀਤਾ, ਇਹ ਜਾਨਣਾ ਦਿਲਚਸਪ ਹੈ। ਨਾਵਲਕਾਰ ਦੱਸਦਾ ਹੈ: "ਦਯਾਨੰਦ ਹਸਪਤਾਲ ਦਾ ਪ੍ਰਬੰਧ ਮਾਇਆ ਨਗਰ

ਦੇ ਕੁਝ ਸਨਅਤਕਾਰਾਂ ਦੇ ਹੱਥ ਵਿਚ ਸੀ। ਸਨਅਤਕਾਰ ਇਨਕਮ ਟੈਕਸ ਕਮਿਸ਼ਨਰ ਦੀਆਂ ਕਠਪੁਤਲੀਆਂ ਸਨ। ਕਮਿਸ਼ਨਰ ਨੇ ਸਨਅਤਕਾਰਾਂ ਨੂੰ ਆਪਣੀਆਂ ਉਂਗਲੀਆਂ ਤੇ ਨਚਾਇਆ, ਸਨਅਤਕਾਰਾਂ ਨੇ ਡਾਕਟਰਾਂ ਨੂੰ। ਕਮਿਸ਼ਨਰ ਡਾਕਟਰਾਂ ਨੂੰ ਸਿੱਧਾ ਵੀ ਦਬਕਾ ਮਾਰ ਸਕਦਾ ਸੀ। ਪਰ ਇਹ ਦਬਕਾ ਉਸਨੇ ਉਚਿਤ ਸਮੇਂ ਲਈ ਸੰਭਾਲ ਕੇ ਰੱਖ ਲਿਆ ਸੀ।"

ਸਪੱਸ਼ਟ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿਹਤ ਸੁਰੱਖਿਆ ਪ੍ਰਬੰਧ ਉਸ ਵਰਗ ਦੀ ਸੇਵਾ ਲਈ ਨਿਰਮਿਤ ਹੋਇਆ ਹੈ ਜਿਹੜਾਂ ਵਰਗ ਇਸ ਦੇ ਵਸੀਲਿਆਂ ਦਾ ਜਾਂ ਤਾਂ ਸਿੱਧਾ ਮਾਲਕ ਹੈ ਤੇ ਜਾਂ ਫੇਰ ਸਰਕਾਰੀ ਮਸ਼ੀਨਰੀ ਰਾਹੀਂ ਇਸ ਉੱਪਰ ਕੰਟਰੋਲ ਕਰਦਾ ਹੈ। ਇਹ ਚਾਰ ਤਰ੍ਹਾਂ ਦੇ ਲੋਕ ਹਨ: ਡਾਕਟਰ, ਪੂੰਜੀਪਤੀ, ਸਿਆਸਤਦਾਨ ਅਤੇ ਸਰਕਾਰੀ ਅਫਸਰ। ਡਾਕਟਰਾਂ, ਪੂੰਜੀਪਤੀਆਂ, ਸਿਆਸਦਾਨਾ ਅਤੇ ਸਰਕਾਰੀ ਅਫਸਰਾਂ ਨੂੰ ਕਿਸੇ ਇਕ ਸਮਾਜਕ ਵਰਗ ਵਿਚ ਬੰਨ ਕੇ ਦੇਖਣਾ ਬੜਾ ਅਜੀਬ ਲਗਦਾ ਹੈ। ਜੇਕਰ ਇਸ ਵਰਗ ਨੂੰ ਆਪਾਂ ਹਾਕਮ ਜਮਾਤ ਦੇ ਰੂਪ ਵਿਚ ਦੇਖ ਰਹੇ ਹਾਂ ਤਾਂ ਸਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਇਹ ਹੀ ਉਹ ਲੋਕ ਹਨ ਜਿਹਨਾਂ ਦਾ ਪੰਜਾਬ ਦੇ ਪੈਦਾਵਾਰੀ ਵਸੀਲਿਆਂ ਉਪਰ ਕੰਟਰੋਲ ਹੈ। ਅੱਜ ਦੇ ਸਮੇਂ ਵਿਚ ਮਲਕੀਅਤ ਸ਼ਬਦ ਨਾਲੋਂ ਕੰਟਰੋਲ ਸ਼ਬਦ ਵਧੇਰੇ ਢੁਕਵਾਂ ਹੈ। ਕਿਸੇ ਫੈਕਟਰੀ ਦੇ ਅਨੇਕਾਂ ਹਿੱਸੇਦਾਰ ਹੋ ਸਕਦੇ ਹਨ, ਪਰ ਮਹੱਤਵ ਉਸ ਦਾ ਹੈ ਜਿਸ ਕੋਲ ਉਸ ਫੈਕਟਰੀ ਦਾ ਕੰਟਰੋਲ ਹੈ। ਮਾਲਕ ਤਾਂ ਸਰਕਾਰ ਵੀ ਹੋ ਸਕਦੀ ਹੈ, ਪਰ ਮਹੱਤਵ ਅਫਸਰਸ਼ਾਹੀ ਦਾ ਹੈ, ਜਿਸ ਦਾ ਸਰਕਾਰ ਉਪਰ ਕੰਟਰੋਲ ਹੈ। ਜਿਵੇਂ ਅਜੋਕੀਆਂ ਪ੍ਰਸਥਿਤੀਆਂ ਵਿਚ ਮਲਕੀਅਤ ਨਾਲੋਂ ਕੰਟਰੋਲ ਸ਼ਬਦ ਵਧੇਰੇ ਢੁਕਵਾਂ ਹੈ, ਇਸੇ ਤਰ੍ਹਾਂ ਪੈਦਾਵਰੀ ਵਸੀਲਿਆਂ ਦੀ ਪਰਿਭਾਸ਼ਾ ਵੀ ਫੈਲ ਗਈ ਹੈ। ਕੇਵਲ ਜ਼ਮੀਨਾਂ, ਫੈਕਟਰੀਆਂ ਆਦਿ ਹੀ ਪੈਦਾਵਾਰੀ ਵਸੀਲੇ ਨਹੀਂ, ਤਕਨੀਕੀ ਗਿਆਨ, ਪ੍ਰਬੰਧਕੀ ਗਿਆਨ, ਸਿਹਤ ਸੁਰੱਖਿਆ ਗਿਆਨ ਆਦਿ ਦੀ ਵਿੱਦਿਆ ਵੀ ਪੈਦਾਵਾਰੀ ਵਸੀਲਾ ਹੈ।

ਤਕਨੀਕੀ ਗਿਆਨ, ਜਿਵੇਂ ਕਿ ਆਪਾ ਸਿਹਤ ਸੁਰੱਖਿਆ ਦੇ ਸੰਦਰਭ ਵਿਚ ਗੱਲ ਕਰ ਰਹੇ ਸੀ, ਉੱਪਰ ਡਾਕਟਰਾਂ ਦਾ ਕੰਟਰੋਲ ਹੈ। ਸਿਹਤ ਸੁਰੱਖਿਆ ਉਦਯੋਗ ਉੱਪਰ ਪੂੰਜੀਪਤੀਆਂ ਦਾ ਅਤੇ ਇਸ ਸਮੁੱਚੇ ਸਿਹਤ ਸੁਰੱਖਿਆ ਪ੍ਰਬੰਧ ਉੱਪਰ ਬਿਊਰੋਕਰੇਸੀ ਦਾ ਅਤੇ ਬਿਊਰੋਕਰੇਸੀ ਉੱਪਰ ਸਿਆਸੀ ਹਾਕਮ ਭਾਵ ਮੁੱਖ ਮੰਤਰੀ ਦਾ। ਇਸ ਤਰ੍ਹਾਂ ਉਹ ਟੀਸੀ ਦੇ ਵਰਗ ਜੋ ਰਾਜਸੀ, ਵਿੱਤੀ ਅਤੇ ਤਕਨੀਕੀ ਫੈਸਲੇ ਕਰਨ ਦਾ ਅਧਿਕਾਰ ਰੱਖਦੇ ਹਨ, ਹੀ ਮਿਲਕੇ ਹਾਕਮ ਜਮਾਤ ਵਿਚ ਸੰਗਠਿਤ ਹੁੰਦੇ ਹਨ। ਏਥੇ ਇਕ ਹੋਰ ਅੰਤਰ ਕਰਨ ਦੀ ਵੀ ਲੋੜ ਹੈ। ਉਹ ਹੈ ਕੰਟਰੋਲ ਅਤੇ ਵਿਸ਼ੇਸ਼ ਅਧਿਕਾਰਾਂ ਵਿਚਲਾ ਅੰਤਰ। ਜਿਵੇਂ ਕਿ ਸਿਹਤ ਸੁਰੱਖਿਆ ਸਹੂਲਤਾਂ, ਜਿਸ ਵਿਚ ਡਾਕਟਰੀ ਨੈਟੱਵਰਕ ਅਤੇ ਡਾਕਟਰੀ ਸਨਅਤ ਸ਼ਾਮਲ ਹਨ, ਵਿਚ ਡਾਕਟਰਾਂ ਦੇ ਵਿਸ਼ੇਸ਼ ਅਧਿਕਾਰ ਤਾਂ ਹਨ, ਪਰ ਇਸ ਉਪਰ ਕੰਟਰੋਲ ਭਾਵ ਅੰਤਮ ਫੈਸਲੇ ਲੈਣ ਦਾ ਅਧਿਕਾਰ ਤਾਂ ਕੇਵਲ ਸਬੰਧਤ ਸਨਅਤ ਵਿਚ ਪੈਸੇ ਨਿਵੇਸ਼ ਕਰਨ ਵਾਲੇ ਪੂੰਜੀਪਤੀਆਂ ਅਤੇ ਰਾਜਸੀ ਬਿਊਰੋਕਰੇਸੀ ਦਾ ਹੀ ਹੈ। ਜੇਕਰ ਪੰਜਾਬ ਵਿਚ ਡਾਕਟਰੀ ਸਨਅਤ ਵੱਲ ਧਿਆਨ ਮਾਰੀਏ ਤਾਂ ਦਵਾਈਆਂ ਅਤੇ ਡਾਕਟਰੀ ਔਜ਼ਾਰਾਂ/ਮਸ਼ੀਨਾਂ ਦੀ ਸਨਅਤ ਪਹਿਲੀ ਗੱਲ ਤਾਂ ਪੰਜਾਬ ਵਿਚ ਹੈ ਹੀ ਨਹੀਂ, ਜਿਹੜੀ ਹੈ, ਉਹ ਰਾਸ਼ਟਰੀ/ਅੰਤਰ-ਰਾਸ਼ਟਰੀ ਕੰਪਨੀਆਂ ਦੁਆਰਾ ਸਥਾਪਤ ਕੀਤੀ ਗਈ ਹੈ। ਸੋ ਸਿਹਤ ਸੁਰੱਖਿਆ ਸਹੂਲਤਾਂ ਨਾਲ ਸਬੰਧਤ ਵਿੱਤੀ ਨਿਵੇਸ਼ ਦੇ ਫੈਸਲੇ ਲੈਣ ਦਾ ਅਧਿਕਾਰ ਪੰਜਾਬ ਤੋਂ ਬਾਹਰ ਬੈਠੀਆਂ ਕੰਪਨੀਆਂ ਕੋਲ ਹੈ। ਸਿਹਤ ਸੁਰੱਖਿਆ ਦੇ ਸਰਕਾਰੀ ਨੈਟੱਵਰਕ ਉਪਰ ਤਾਂ ਸਰਕਾਰ ਦਾ ਭਾਵ ਬਿਊਰੋਕਰੇਸੀ ਦਾ ਹੀ ਕੰਟਰੋਲ ਹੈ, ਪਰਾਈਵੇਟ ਪ੍ਰੈਕਟਿਸ ਅਤੇ ਪਰਾਈਵੇਟ ਹਸਪਤਾਲ ਵੀ ਇਸ ਬਿਊਰੋਕਰੇਸੀ ਦੇ ਕੰਟਰੋਲ ਤੋਂ ਮੁਕਤ ਨਹੀਂ ਹਨ। ਭਾਵੇਂ ਪਰਾਈਵੇਟ ਪ੍ਰੈਕਟਿਸ ਉੱਪਰ ਇਸ ਬਿਊਰੋਕਰੈਟਿਕ ਕੰਟਰੋਲ ਦਾ ਮੰਤਵ ਸਿਫਰ ਭ੍ਰਿਸ਼ਟਾਚਾਰ ਤੱਕ ਹੀ ਸੀਮਤ ਹੁੰਦਾ ਹੈ।

ਜਿੱਥੋਂ ਤੱਕ ਰਾਜਨੀਤਕ ਪਤਵੰਤਿਆਂ ਦੇ ਕੰਟਰੋਲ ਦਾ ਸਬੰਧ ਹੈ, ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦਿਆਂ ਦਾ ਕੰਮ ਆਮ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਕੇਵਲ ਸਰਕਾਰੀ ਅਫਸਰਾਂ ਤੱਕ ਪਚਾਉਣਾ ਹੀ ਰਹਿ ਗਿਆ ਹੈ। ਪਿਛਲੇ ਕੁਝ ਦਹਾਕਿਆਂ ਤੋਂ ਖਾਸ ਕਰਕੇ ਖਾੜਕੂਵਾਦ ਦੇ ਗਵਰਨਰੀ ਰਾਜ ਵੇਲੇ ਦੇ ਸਾਲਾਂ ਤੋਂ ਪੰਜਾਬ ਦੀਆਂ ਜਮਹੂਰੀ ਸੰਸਥਾਵਾਂ ਅਤੇ ਪਰੰਪਰਾਵਾਂ ਦਾ ਲਗਭਗ ਸਫਾਇਆ ਹੀ ਹੋ ਚੁੱਕਾ ਹੈ। ਇਹ ਕੇਵਲ ਦਿਖਾਵੇ ਮਾਤਰ ਹੀ ਰਹਿ ਗਈਆਂ ਹਨ। ਅਫਸਰਸ਼ਾਹੀ ਦਾ ਕੰਟਰੋਲ ਬਹੁਤ ਮਜ਼ਬੂਤ ਹੋਇਆ ਹੈ। ਮੰਤਰੀਆਂ ਨੂੰ ਪਾਸੇ ਕਰਕੇ ਇਹ ਬਿਊਰੋਕਰੇਸੀ ਸਿੱਧੀ ਮੁੱਖ ਮੰਤਰੀ ਨੂੰ ਜੁਆਬਦੇਹ ਬਣਦੀ ਜਾ ਰਹੀ ਹੈ। ਪੰਜਾਬ ਵਿਚ ਮੁੱਖ ਮੰਤਰੀ ਦੀ ਕਮਾਨ ਹੇਠ ਕੰਮ ਕਰਨ ਵਾਲੀ ਬਿਊਰੋਕਰੇਸੀ ਦਾ ਹੀ ਰਾਜ ਹੈ। ਇਸੇ ਦਾ ਹੀ ਕੰਟਰੋਲ ਹੈ। ਇਹੋ ਹੀ ਇਥੋਂ ਦੀ ਹਾਕਮ ਜਮਾਤ ਬਣ ਕੇ ਰਹਿ ਗਈ ਹੈ। ਪੂੰਜੀਪਤੀ ਜਮਾਤ ਦੀ ਅਣਹੋਂਦ/ਕਮਜ਼ੋਰੀ ਅਤੇ ਜਮਹੂਰੀ ਸੰਸਥਾਵਾਂ/ਪ੍ਰੰਪਰਾਵਾਂ ਨੂੰ ਲੱਗੇ ਖੋਰੇ ਕਾਰਨ ਪੰਜਾਬ ਦਾ ਇਹ ਹਾਲ ਹੋਇਆ ਹੈ। ਪੰਜਾਬ ਦੇ ਪੜ੍ਹੇ ਲਿਖੇ ਪਰੋਫੈਸ਼ਨਲ ਵਰਗ ਜਿਸ ਵਿਚ ਡਾਕਟਰ, ਇੰਜੀਨੀਅਰ ਸਾਇੰਸਦਾਨ, ਖੋਜੀ ਆਦਿ ਆਉਂਦੇ ਹਨ, ਪੰਜਾਬ ਦੇ ਪਾਵਰ ਸਟਰਚਕਰ ਵਿਚ ਉਹਨਾ ਦੀ ਕੀ ਸਥਿਤੀ ਹੈ, ਇਹ ਵੀ ਦੇਖਣ ਵਾਲੀ ਗੱਲ ਹੈ।

**ਵਿਕਾਸ ਦੀ ਰਾਜਨੀਤੀ :**

ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ 'ਕੌਰਵ ਸਭਾ' ਵਿਚ ਜਿਥੇ ਮੈਡੀਕਲ ਪਰੋਫੈਸ਼ਨ ਬਾਰੇ ਵਿਸਤਾਰ ਵਿਚ ਗੱਲ ਕੀਤੀ ਹੈ, ਓਥੇ ਇਕ ਇੰਜੀਨੀਅਰ ਮੋਹਨ ਲਾਲ ਦੀ ਜੀਵਨ ਕਥਾ ਦੇ ਬਿਆਨ ਰਾਹੀਂ ਪੈਦਾਵਾਰ ਅਤੇ ਵਿਕਾਸ ਦੇ

ਬਿਊਰੋਕਰੈਟਿਕ ਮੋਡ ਬਾਰੇ ਚਾਨਣਾ ਪਾਉਂਦੇ ਹੋਏ ਇਕ ਉਦਯੋਗਪਤੀ ਦੇ ਉਦਭਵ ਅਤੇ ਵਿਕਾਸ ਦੀ ਵੀ ਗੱਲ ਕੀਤੀ ਹੈ। ਇਕ ਛੋਟੀ ਜੇਹੀ ਕਰਿਆਨੇ ਦੀ ਦੁਕਾਨ ਤੋਂ ਵੱਡੇ ਉਦਯੋਗ ਤੱਕ ਦੇ ਸਫ਼ਰ ਦੀ ਕਥਾ ਰਾਹੀਂ ਬਿਊਰੋਕਰੇਸੀ ਦੇ ਪੂਰੇ ਵਿਵਹਾਰ ਨੂੰ ਹੀ ਨੰਗਿਆ ਕਰ ਦਿੱਤਾ ਹੈ। ਤਕਨੀਕੀ ਗਿਆਨ ਦੇ ਮਹੱਤਵ ਨੂੰ ਵੀ ਦਰਸਾਇਆ। ਪੂਰੇ ਬਿਊਰੋਕਰੈਟਿਕ ਢਾਂਚੇ ਵਿਚ ਤਕਨੀਕੀ ਪਰੋਫੈਸ਼ਨ ਦੀ ਸਥਿਤੀ ਵੀ ਬਿਆਨ ਕੀਤੀ। ਗੱਲ ਕੀ, ਮੋਹਨ ਲਾਲ ਦੀ ਕਥਾ ਰਾਹੀਂ ਪੰਜਾਬ ਦੇ ਪਾਵਰ ਸਟਰਕਚਰ ਦੀ ਬਣਤਰ ਅਤੇ ਕਾਰਜ ਵਿਧੀ ਨੂੰ ਪਾਠਕਾਂ ਦੇ ਰੂਬਰੂ ਕਰਵਾ ਦਿੱਤਾ।

ਬਿਊਰੋਕਰੈਟਿਕ ਉਤਪਾਦਨ ਪਰਣਾਲੀ :

ਇਸ ਨਾਵਲ ਦੀ ਕਹਾਣੀ ਮੋਹਨ ਲਾਲ ਨਾਲ ਹੀ ਸ਼ੁਰੂ ਹੁੰਦੀ ਹੈ। ਮੋਹਨ ਲਾਲ ਅਤੇ ਵੇਦ ਦੋ ਭਰਾ ਸਨ। ਉਹਨਾਂ ਦਾ ਬਾਪ ਇਕ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਕਰਦਾ ਸੀ। ਮੋਹਨ ਲਾਲ ਪੜ੍ਹਨ ਨੂੰ ਹੁਸ਼ਿਆਰ ਸੀ। ਸਿਵਲ ਇੰਜੀਨੀਅਰਰਿੰਗ ਦੀ ਡਿਗਰੀ ਕਰਕੇ ਪੀ.ਡਬਲਯੂ.ਡੀ. ਦੇ ਮਹਿਕਮੇ ਵਿਚ ਐਸ. ਡੀ.ਓ. ਲੱਗ ਗਿਆ। ਉਸ ਦੀ ਪਹਿਲੀ ਨਿਯੁਕਤੀ ਬਠਿੰਡੇ ਸ਼ਹਿਰ ਵਿਚ ਹੋਈ ਜੋ ਨਾਵਲਕਾਰ ਦੇ ਕਹਿਣ ਅਨੁਸਾਰ ਉਹਨੀਂ ਦਿਨੀ "ਤਰੱਕੀ ਦੀਆਂ ਮੰਜ਼ਿਲਾਂ ਛਾਲੀਂ ਤਹਿ ਕਰ ਰਿਹਾ ਸੀ। ਕਿਧਰੇ ਥਰਮਲ ਪਲਾਂਟ ਉਸਰ ਰਿਹਾ ਸੀ, ਕਿਧਰੇ ਖਾਦ ਫੈਕਟਰੀ। ਕਿਧਰੇ ਫੌਜੀ ਛਾਉਣੀ ਦਾ ਵਿਸਥਾਰ ਹੋ ਰਿਹਾ ਸੀ। ਹੋਟਲ, ਸਿਨਮੇ ਘਰ, ਉਸਰ ਰਹੇ ਸਨ। ਸੜਕਾਂ ਦਾ ਜਾਲ ਵਿਛ ਰਿਹਾ ਸੀ। ਸਰਕਾਰੀ ਇਮਾਰਤਾਂ ਧਰਤੀ ਦੀ ਹਿੱਕ ਤੇ ਖੁੰਬਾਂ ਵਾਂਗ ਉੱਗ ਰਹੀਆਂ ਸਨ।"

ਮੋਹਨ ਲਾਲ ਨੇ ਦੱਬ ਕੇ ਮਿਹਨਤ ਕੀਤੀ। ਸੜਕਾਂ ਅਤੇ ਸਰਕਾਰੀ ਇਮਾਰਤਾਂ ਮਿਥੇ ਟੀਚੇ ਤੋਂ ਪਹਿਲਾਂ ਤਿਆਰ ਹੋਣ ਲੱਗ ਪਈਆਂ। ਉਸ ਦੇ ਕੰਮ ਦੀਆਂ ਚਾਰੇ ਪਾਸੇ ਧੁੰਮਾਂ ਸਨ। ਪਹਿਲਾਂ ਪਹਿਲਾਂ ਤਾਂ ਉਹ ਠੇਕੇਦਾਰਾਂ ਤੋਂ ਕਮਿਸ਼ਨ ਲੈਂਦਾ ਰਿਹਾ, ਫੇਰ ਉਸ ਨੇ ਠੇਕਿਆਂ ਵਿਚ ਹਿੱਸੇਦਾਰੀ ਪਾਉਣੀ ਸ਼ੁਰੂ ਕਰ ਦਿੱਤੀ। ਆਲੀਸ਼ਾਨ ਸ਼ੋਅ ਰੂਮ ਬਣਾ ਲਏ। ਜਦੋਂ ਮੋਹਨ ਲਾਲ ਦੀ ਤਰੱਕੀ ਤੋਂ ਬਾਅਦ ਮਾਇਆ ਨਗਰ ਵਿਚ ਬਦਲੀ ਹੋਈ ਤਾਂ ਉਸ ਨੇ ਆਪਣੇ ਰੁਤਬੇ ਦਾ ਫਾਇਦਾ ਉਠਾਉਂਦੇ ਹੋਏ, ਕਈ ਹੋਰਨਾਂ ਅਫਸਰਾਂ ਦਾ ਹਿੱਸਾ ਪੱਤੀ ਰੱਖਕੇ ਸੜਕਾਂ ਲਈ ਲੁੱਕ ਤਿਆਰ ਕਰਨ ਵਾਲਾ ਮਿਕਸ ਪਲਾਂਟ ਲਗਾ ਲਿਆ। ਇਸ ਦੀ ਕਮਾਈ ਵਿਚੋਂ ਦੋ ਭੱਠੇ ਅਤੇ ਇੱਕ ਸ਼ੈਲਰ ਖਰੀਦ ਲਿਆ। ਕੋਲੇ ਦਾ ਡੀਪੂ ਲੈ ਲਿਆ। ਪੈਸੇ ਮੀਂਹ ਵਾਂਗ ਵਰ੍ਹਨ ਲੱਗੇ।

ਏਨੀ ਬਲੈਕ ਮਨੀ ਕਿੱਥੇ ਖਪਾਈ ਜਾਵੇ, ਇਹ ਸੋਚ ਕੇ ਪਲਾਟਾਂ ਦੀ ਖਰੀਦੋ ਫਰੋਖਤ ਸ਼ੁਰੂ ਕਰ ਦਿੱਤੀ। ਇਹ ਨਿਰਾ ਲੁੱਟ ਦਾ ਧੰਦਾ ਸੀ। ਪੁਲਸ ਮਹਿਕਮੇ ਅਤੇ ਮਾਲ ਮਹਿਕਮੇ ਦੇ ਅਫਸਰਾਂ ਨਾਲ ਮਿਲ ਕੇ ਮਰਿਆਂ ਖਪਿਆਂ ਅਤੇ ਲਾਵਾਰਸਾਂ ਦੀਆਂ ਜ਼ਮੀਨਾਂ ਮਿੱਟੀ ਦੇ ਭਾਅ ਖ੍ਰੀਦ ਕੇ ਸੋਨੇ ਦੇ ਭਾਅ ਵੇਚਣੀਆਂ ਸ਼ੁਰੂ ਕੀਤੀਆਂ। ਪੈਸੇ ਹੋਰ ਵਧੇਰੇ ਇਕੱਠੇ ਹੋਣ ਲੱਗੇ। ਕਲੋਨੀਆਂ ਕੱਟਣੀਆਂ ਸ਼ੁਰੂ ਕਰ ਦਿੱਤੀਆਂ। ਇਸ ਬਾਰੇ ਨਾਵਲਕਾਰ ਲਿਖਦਾ ਹੈ: "ਮੋਹਨ ਲਾਲ ਜਦੋਂ ਕੋਈ ਨਵੀਂ ਕਲੋਨੀ ਉਸਾਰਦਾ ਹੈ ਤਾਂ ਕੁਝ ਢੁਕਵੇਂ ਪਲਾਟ ਅਫਸਰਾਂ ਲਈ ਰਾਖਵੇਂ ਰੱਖਦਾ ਸੀ। ਪਹਿਲਾ ਕਿਸੇ ਸੈਸ਼ਨ ਜੱਜ ਲਈ, ਦੂਜਾ ਪੁਲਿਸ ਕਪਤਾਨ ਜਾਂ ਉਸ ਤੋਂ ਕਿਸੇ ਵੱਡੇ ਅਫਸਰ ਲਈ, ਤੀਜਾ ਤਹਿਸੀਲਦਾਰ, ਐਸ.ਡੀ.ਐਮ ਜਾਂ ਡੀ.ਸੀ. ਲਈ। ਚੌਥਾ ਇਨਕਮ ਟੈਕਸ ਦੇ ਕਿਸੇ ਅਫਸਰ ਅਤੇ ਪੰਜਵਾਂ ਮਿਊਂਸਪਲ ਕਾਰਪੋਰੇਸ਼ਨ ਦੇ ਮੇਅਰ ਜਾਂ ਕਮਿਸ਼ਨਰ ਲਈ। ਇਸ ਤਰ੍ਹਾਂ ਇਕ ਤਾਂ ਅਫਸਰਾਂ ਦਾ ਕਾਲਾ ਧਨ ਖਪ ਜਾਂਦਾ ਸੀ। ਦੂਸਰੇ ਮੁਨਾਫਾ ਵੀ ਚੰਗਾ ਹੋ ਜਾਂਦਾ ਸੀ ਕਿਉਂਕਿ ਮੋਹਨ ਲਾਲ ਅਫਸਰਾਂ ਕੋਲੋਂ ਕੇਵਲ ਜ਼ਮੀਨ ਦੀ ਲਾਗਤ ਹੀ ਲੈਂਦਾ ਸੀ।"

ਪੈਸਿਆਂ ਦੇ ਬੋਰੇ ਭਰ ਕੇ ਆਉਣ ਲੱਗੇ। ਲੱਗਾ ਲਗਾਇਆ ਪੈਟਰੋਲ ਪੰਪ ਖਰੀਦ ਲਿਆ। ਅਫਸਰਾਂ ਅਤੇ ਸਿਆਸਤਦਾਨਾਂ ਨਾਲ ਦੋਸਤੀ ਵਧਾਉਣੀ ਸ਼ੁਰੂ ਕੀਤੀ: "ਆਈ.ਏ.ਐਸ. ਅਫਸਰਾਂ ਦੇ ਵਿਆਹਾਂ ਵਿਚ ਉਹ ਇੱਕ ਲੱਖ ਰੁਪੈ ਦਾ ਸ਼ਗਨ ਦਿੰਦਾ ਸੀ। ਪੀ ਸੀ ਐਸ ਅਫਸਰਾਂ ਨੂੰ ਪੰਜਾਹ ਹਜ਼ਾਰ ਦਾ। ਸਰਦੀਆਂ ਵਿਚ ਦੋ ਕੋਟੀਆਂ 'ਮੋਨਟੀ ਕਾਰਲੋ' ਸਾਹਿਬ ਲਈ ਅਤੇ ਇਕ ਪਸ਼ਮੀਨੇ ਦਾ ਸ਼ਾਲ ਮੈਡਮ ਲਈ।" ਇਸ ਨਾਲ ਉਸਨੇ ਸਰਕਾਰੀ ਕੋਟਿਆਂ ਦਾ ਲਾਭ ਲੈਣਾ ਸ਼ੁਰੂ ਕੀਤਾ। ਨਵੇਂ ਕੰਮਾਂ ਲਈ ਸਰਕਾਰੀ ਕੀਮਤ ਤੇ ਪਲਾਟ ਅਲਾਟ ਕਰਾਉਣੇ ਸ਼ੁਰੂ ਕਰ ਦਿੱਤੇ: "ਅਫਸਰਾਂ ਨੂੰ ਦਾਣੇ ਪਾ ਕੇ ਮੋਹਨ ਲਾਲ ਨੇ ਨਵੇਂ ਪੈਟਰੋਲ ਪੰਪ ਲਈ ਇਸ ਪਲਾਟ ਦੀ ਅਲਾਟਮੈਂਟ ਦਾ ਜੁਗਾੜ ਸ਼ੁਰੂ ਕੀਤਾ। ਜੋ ਜਿਸ ਤਰ੍ਹਾਂ ਪਿਜਿਆ, ਉਸ ਨੂੰ ਉਸੇ ਤਰ੍ਹਾਂ ਪਿਜਾਇਆ। ਪੈਸੇ ਵਾਲੇ ਨੂੰ ਪੈਸਾ, ਸ਼ਰਾਬ ਵਾਲੇ ਨੂੰ ਸ਼ਰਾਬ। ਦੋ ਕਰੋੜ ਦਾ ਪਲਾਟ ਉਸਨੇ ਦਸ ਲੱਖ ਵਿਚ ਨੱਬੇ ਸਾਲਾ ਪਟੇ ਤੇ ਲਿਖਵਾ ਲਿਆ।"

ਹੌਲੀ ਹੌਲੀ ਫੈਕਟਰੀਆਂ ਲਗਾ ਲਈਆਂ। ਫੇਰ ਸ਼ਹਿਰ ਦੇ ਐਮ.ਪੀ. ਦੀ ਸਹਾਇਤਾ ਨਾਲ ਵਿਦੇਸ਼ੀ ਕੰਪਨੀਆਂ ਨਾਲ ਸੰਬਧ ਸਥਾਪਤ ਕਰਨੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਉਹ ਮਾਇਆ ਨਗਰ ਦੇ ਗਿਣਵੇਂ ਸਨਅਤਕਾਰਾਂ ਵਿਚ ਸ਼ਾਮਲ ਹੋ ਗਿਆ। ਅੱਠ ਦਸ ਕਰੋੜ ਦੀ ਜਾਇਦਾਦ ਦਾ ਮਾਲਕ ਅਲੱਗ। ਇਹ ਹੈ ਪੰਜਾਬ ਦੀ ਪੈਦਾਵਾਰ ਅਤੇ ਵਿਕਾਸ ਦਾ ਬਿਊਰੋਕਰੈਟਿਕ ਮੋਡ। ਇਹ ਨਾ ਤਾਂ ਪੈਦਾਵਾਰ ਦੀ ਜਗੀਰੂ ਪਰਣਾਲੀ ਹੈ ਅਤੇ ਨਾ ਹੀ ਪੂੰਜੀਵਾਦੀ। ਇਹ ਬਿਊਰੋਕਰੈਟਿਕ ਆਫ਼ ਅਤੇ ਪਰੋਡਕਸ਼ਨ ਹੈ, ਜਿਸਦੀ ਰੂਪ ਰੇਖਾ ਮੋਹਨ ਲਾਲ ਦੀ ਉਪ੍ਰੋਕਤ ਕਹਾਣੀ ਵਿਚੋਂ ਉਭਰਦੀ ਦਿਖਾਈ ਦਿੰਦੀ ਹੈ। ਇਹੋ ਕਾਰਣ ਹੈ ਕਿ ਪੰਜਾਬ ਵਿਚ ਉਸ ਤਰ੍ਹਾਂ ਦਾ ਸਨਅਤੀ ਨਿਵੇਸ਼ ਨਹੀਂ ਹੋ ਰਿਹਾ, ਜਿਸ ਤਰ੍ਹਾਂ ਦਾ ਬੈਂਗਲੌਰ, ਹੈਦਰਾਬਾਦ, ਪੂਨੇ ਜਾਂ ਇਸ ਤਰ੍ਹਾਂ ਦੇ ਹੋਰ ਸ਼ਹਿਰਾਂ ਵਿਚ ਹੋ ਰਿਹਾ ਹੈ। ਏਥੇ ਸਨਅਤੀ ਨਿਵੇਸ਼ ਨਹੀਂ ਹੁੰਦਾ, ਕਾਲੇ ਧਨ ਨੂੰ ਛਪਾਉਣ ਦੇ ਜੁਗਾੜ ਹੁੰਦੇ ਹਨ। ਇਹਨਾਂ ਜੁਗਾੜਾਂ ਵਿਚੋਂ ਪੈਦਾ ਹੋਣ ਵਾਲੇ ਉਤਪਾਦਨ ਨੂੰ ਕੈਪੀਟਲਿਸਟ

ਮੋਡ ਆਫ਼ ਪਰੋਫਕਸ਼ਨ ਦੇ ਘੇਰੇ ਵਿਚ ਰੱਖਣਾ ਜਾਇਜ਼ ਨਹੀਂ ਹੋਵੇਗਾ। ਭਾਵੇ ' ਮੋਹਨ ਲਾਲ ਤਾਂ ਆਪਣਾ ਕੁਝ ਪੈਸਾ ਸਨਅਤ ਵਿਚ ਵੀ ਲਗਾਉਂਦਾ ਹੈ ਪਰ ਵਧੇਰੇ ਕਰਕੇ ਇਸ ਤਰ੍ਹਾਂ ਕਮਾਇਆ ਪੈਸਾ ਗੈਰ ਉਤਪਾਦਕ ਧਧਿਆਂ ਵਿਚ ਹੀ ਲਗਦਾ ਹੈ। ਵੇਦ ਦੇ ਸੁਪਨੇ ਇਸ ਦੀ ਬਹੁਤ ਵਧੀਆ ਉਦਾਹਰਣ ਪੇਸ਼ ਕਰਦੇ ਹਨ: ''ਅੱਧੇ ਪਲਾਟ ਵਿਚ ਉਸਨੇ ਕਮਲ ਦੀ ਕੋਠੀ ਉਸਾਰਨ ਦਾ ਸੁਪਨਾ ਲਿਆ ਸੀ ਅਤੇ ਅੱਧਾ ਵੇਚ ਕੇ ਨਿਹਾ ਦਾ ਸ਼ਾਨਦਾਰ ਵਿਆਹ ਕਰਨ ਦਾ।'' ਕੋਠੀਆਂ ਅਤੇ ਵਿਆਹਾਂ ਉੱਪਰ ਖਰਚ ਕੀਤਾ ਪੈਸਾ ਰਾਜ ਦੇ ਵਿਕਾਸ ਵਿਚ ਕਿਸੇ ਤਰ੍ਹਾਂ ਵੀ ਸਹਾਈ ਨਹੀਂ ਹੋ ਸਕਦਾ।

ਇਹ ਤਾਂ ਰਹੀ ਪੰਜਾਬ ਦੇ ਇਕ ਸਨਅਤਕਾਰ ਦੇ ਉਦਭਵ ਦੀ ਕਹਾਣੀ। ਹੁਣੇ ਗੱਲ ਕਰਦੇ ਹਾਂ ਪੰਜਾਬ ਦੇ ਸਨਅਤੀ ਮਜ਼ਦੂਰ ਦੀ। ਪੰਜਾਬ ਦੀ ਪਰੋਲੇ ਤਾਰੀ ਬਾਰੇ ਨਾਵਲਕਾਰ ਲਿਖਦਾ ਹੈ: "ਪੱਚੀ ਲੱਖ ਦੀ ਅਬਾਦੀ ਵਾਲੇ ਇਸ ਮਾਇਆ ਨਗਰ ਵਿਚ ਪਰਵਾਸੀਆਂ ਦੀ ਗਿਣਤੀ ਛੇ ਤੋਂ ਸੱਤ ਲੱਖ ਵਿਚਕਾਰ ਮੰਨੀ ਜਾਂਦੀ ਸੀ। ਇਹਨਾਂ ਵਿਚੋਂ ਪੰਜ ਲੱਖ ਪਰਵਾਸੀ ਇੱਕਲੇ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਆ ਕੇ ਵਸੇ ਸਨ। ਸ਼ਹਿਰ ਦੇ ਬਾਹਰ ਹਰ ਪਾਸੇ ਇਹਨਾਂ ਪਰਵਾਸੀਆਂ ਦੀਆਂ ਕਲੋਨੀਆਂ ਸਨ। ਫੋਕਲ ਪੁਆਇੰਟ ਵਾਲੀ ਦਿਸ਼ਾ ਮਿੰਨੀ ਬਿਹਾਰ ਜਾਪਦੀ ਸੀ।" ਫੋਕਲ ਪੁਆਇੰਟ ਵਾਲੀ ਦਿਸ਼ਾ ਇਸ ਲਈ ਮਿੰਨੀ ਬਿਹਾਰ ਜਾਪਦੀ ਸੀ ਕਿਉਂਕਿ ਫੋਕਲ ਪੁਆਇੰਟ ਸਨਅਤੀ ਇਲਾਕਾ ਹੈ। ਕਿਉਂਕਿ ਇਹਨਾਂ ਸਨਅਤਾਂ ਵਿਚ ਵਧੇਰੇ ਕਰਕੇ ਪਰਵਾਸੀ ਮਜ਼ਦੂਰ ਹੀ ਕੰਮ ਕਰਦੇ ਹਨ, ਇਸ ਲਈ ਇੱਥੇ ਕੇਵਲ ਇਹਨਾਂ ਦੀਆਂ ਹੀ ਬਸਤੀਆਂ ਹਨ: "ਇਹਨਾਂ ਕਲੋਨੀਆਂ ਦੇ ਦੁਕਾਨਦਾਰ ਵੀ ਭਈਏ ਸਨ ਅਤੇ ਮੁੱਹਲਿਆਂ ਦੇ ਪ੍ਰਧਾਨ ਵੀ।" ਕਿਉਂਕਿ ਇਹ ਪਰਵਾਸੀ ਲੇਬਰ ਸਸਤੀ ਹੈ, ਨਿੱਤ ਨਵੀਆਂ ਮੰਗਾਂ ਲਈ ਅੰਦੋਲਨ ਕਰਨ ਦੇ ਵੀ ਸਮੱਰਥ ਨਹੀਂ, ਇਸ ਲਈ ਇਸ ਪਰਵਾਸੀ ਲੇਬਰ ਨੇ ਪੰਜਾਬ ਦੀ ਸਥਾਨਕ ਲੇਬਰ ਨੂੰ ਪੰਜਾਬ ਦੀ ਸਨਅਤ 'ਚੋਂ ਲਗਭਗ ਬਾਹਰ ਹੀ ਕਰ ਦਿੱਤਾ ਹੈ।

ਇਸ ਪਰਵਾਸੀ ਲੇਬਰ ਨੇ ਵਧੇਰੇ ਉਜਰਤਾ ਅਤੇ ਸਹੂਲਤਾਂ ਲਈ ਸੰਘਰਸ਼ ਕੀ ਕਰਨਾ ਹੈ, ਇਹ ਤਾਂ ਇੱਕ ਕਿਸਮ ਦੀ ਬੰਧੂਆ ਮਜ਼ਦੂਰਾਂ ਦੀ ਫੌਜ ਹੈ। ਇਹਨਾਂ ਨੂੰ ਕਿਸਨੇ ਬੰਦੀ ਬਣਾਇਆ ਹੋਇਆ ਹੈ। ਇਹ ਬੜੀ ਦੁਖਦਾਈ ਕਹਾਣੀ ਹੈ। ਜੇਕਰ ਪੰਜਾਬ ਦੀ ਸਨਅਤ ਉੱਪਰ ਬਿਊਰੋਕਰੇਸੀ ਦਾ ਕੰਟਰੋਲ ਹੈ, ਤਾਂ ਇਸ ਸਨਅਤ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਉੱਪਰ ਲੇਬਰ ਦੇ ਠੇਕਾਦਰਾਂ ਦਾ। ਉਹਨਾਂ ਦੇ ਮਾਫੀਏ ਦਾ। ਜੁਰਮ ਦਾ। ਪੁਲਿਸ ਦਾ। ਲੇਬਰ ਕੰਟਰੋਲ ਦੀ ਇਹ ਕਹਾਣੀ ਠੇਕੇਦਾਰ ਰਾਮ ਲੁਭਾਇਆ ਦੀ ਜੀਵਨ ਕਥਾ, ਜੋ ਨਾਵਲਕਾਰ ਮਿੱਤਰ ਸੈਨ ਮੀਤ ਨੇ 'ਕੌਰਵ ਸਭਾ' ਵਿਚ ਬਿਆਨ ਕੀਤੀ ਹੈ, ਦੇ ਅਧਿਐਨ ਰਾਹੀਂ ਸਮਝੀ ਜਾ ਸਕਦੀ ਹੈ।

ਅੱਜ ਤੋਂ ਵੀਹ ਸਾਲ ਪਹਿਲਾਂ ਰਾਮ ਲੁਭਾਇਆ ਦੇ ਪਿੰਡ ਦਾ ਇਕ ਮਿਸਤਰੀਆਂ ਉਸ ਨੂੰ ਇੱਧਰ ਲੈ ਕੇ ਆਇਆ ਸੀ। ਪਹਿਲਾਂ ਤਾ ਰਾਮ ਲੁਭਾਏ ਨੇ ਮਜ਼ਦੂਰੀ ਕੀਤੀ, ਪਰ ਪੰਜਾਬ ਵਿੱਚ ਮਿਸਤਰੀਆਂ ਦੀ ਘਾਟ ਹੋਣ ਕਾਰਨ, ਉਹ ਸਾਲ ਵਿਚ ਹੀ ਥੋੜਾ ਬਹੁਤ ਮਿਸਤਰੀ ਪੁਣਾ ਸਿਖ ਕੇ, ਮਿਸਤਰੀ ਬਣ ਗਿਆ। ਸਰੀਰ ਦਾ ਹੱਟਾ ਕੱਟਾ ਹੋਣ ਕਾਰਨ ਉਸਨੇ ਅੱਠ ਦੀ ਥਾਂ ਬਾਰਾਂ ਘੰਟੇ ਕੰਮ ਕਰਕੇ ਦੁੱਗਣੇ ਪੈਸੇ ਕਮਾਉਣੇ ਸ਼ੁਰੂ ਕਰ ਦਿੱਤੇ। ਆਪਣੇ ਉਸਤਾਦ ਤੋਂ ਕੋਠੀਆਂ ਦੇ ਪਲਸਤਰ ਦੇ ਠੇਕੇ ਲੈ ਕੇ ਠੇਕੇਦਾਰੀ ਵਿਚ ਪੈਰ ਧਰਿਆ। ਫੇਰ ਹੌਲੀ ਹੌਲੀ ਪੂਰੀ ਕੋਠੀ ਦੀ ਉਸਾਰੀ ਦਾ ਠੇਕਾ ਸ਼ੁਰੂ ਕਰ ਦਿੱਤਾ। ਮੋਟਰ ਸਾਈਕਲ ਲੈ ਕੇ ਉਸ ਨੇ ਕਈ ਕਈ ਕੋਠੀਆਂ ਦੀ ਉਸਾਰੀ ਦੇ ਠੇਕੇ ਲੈਣੇ ਸ਼ੁਰੂ ਕਰ ਦਿੱਤੇ। ਮੁੰਡੇ ਨੂੰ ਕਰਿਆਨੇ ਦੀ ਦੁਕਾਨ ਖੋਲ੍ਹ ਦਿੱਤੀ। ਘਰ ਵਾਲੀ ਕੋਠੀਆਂ ਵਿਚ ਸਫਾਈ ਦਾ ਕੰਮ ਕਰਦੀ ਸੀ। ਜਿਉਂ ਜਿਉਂ ਪੈਸੇ ਆਉਂਦੇ ਗਏ ਤਿਉਂ ਤਿਉਂ ਉਹ ਖੇਤਾਂ ਵਿਚ ਸੌ ਸੌ ਗਜ਼ ਦੇ ਪਲਾਟ ਖਰੀਦ ਕੇ ਪੁਰਾਣੇ ਮਲਬੇ ਨਾਲ ਭਈਆਂ ਲਈ ਕਮਰੇ ਖੜ੍ਹੇ ਕਰਦਾ ਰਿਹਾ। ਨਾਵਲਕਾਰ ਦੱਸਦਾ ਹੈ: "ਉਹ ਕੋਠੀਆਂ ਦੀ ਥਾਂ ਫੈਕਟਰੀਆਂ ਦੀ ਉਸਾਰੀ ਕਰਨ ਲੱਗਾ। ਸਨਅਤਕਾਰਾਂ ਨਾਲ ਵਾਹ ਪਿਆ ਤਾਂ ਉਸਨੂੰ ਫੈਕਟਰੀਆਂ ਵਿਚ ਮਜ਼ਦੂਰ ਭਰਤੀ ਕਰਵਾਉਣ ਦਾ ਵੱਲ ਆ ਗਿਆ। ਉਸਾਰੀ ਦੀ ਠੇਕੇ ਦਾਰੀ ਦੇ ਨਾਲ ਨਾਲ ਫੈਕਟਰੀਆਂ ਨੂੰ ਲੇਬਰ ਸਪਲਾਈ ਕਰਨ ਲੱਗਾ। ਖੇ ਤਾਂ ਵਿਚ ਥਾ ਲੈ ਕੇ ਜਿਹੜੇ ਉਸ ਨੇ ਕਮਰੇ ਉਸਾਰੇ ਸਨ, ਉਸ ਨਾਲ ਤਿੰਨ ਸੌ ਮਜ਼ਦੂਰਾਂ ਦੀ ਕਲੋਨੀ ਉਸਦੀ ਰਿਆਸਤ ਬਣ ਗਈ ਸੀ।" ਸਿਆਸੀ ਰੈਲੀਆਂ ਲਈ ਬੰਦੇ ਸਪਲਾਈ ਕਰਨ ਦੀ ਸਮੱਰਥਾ ਕਾਰਨ, ਸਿਆਸੀ ਬੰਦਿਆਂ ਨਾਲ ਸੰਪਰਕ ਵੱਧ ਗਏ।

ਕਿਉਂਕਿ ਇਹਨਾਂ ਪਰਵਾਸੀ ਮਜ਼ਦੂਰਾਂ ਵਿਚ ਨਾਵਲਕਾਰ ਦੇ ਕਹਿਣ ਮੁਤਾਬਕ "ਲੜਨ ਝਗੜਣ ਅਤੇ ਛੋਟੇ ਮੋਟੇ ਜੁਰਮ ਕਰਨ ਦੀ ਪੈਦਾਇਸ਼ੀ ਆਦਤ ਸੀ,'' ਇਸ ਲਈ ਆਪਣੇ ਸਿਆਸੀ ਕੁਨੈਕਸ਼ਨਾਂ ਕਾਰਨ ਪੁਲਿਸ ਅਤੇ ਇਹਨਾਂ ਛੋਟੇ ਮੋਟੇ ਮੁਜਰਮਾਂ ਵਿਚਕਾਰ ਇੱਕ ਲਿੰਕ ਬਣ ਕੇ ਉਸਨੇ ਪੁਲਿਸ ਨਾਲ ਸੌਦੇ ਕਰਕੇ ਬੰਦੇ ਛੁਡਾਉਣੇ ਸ਼ੁਰੂ ਕਰ ਦਿੱਤੇ। ਪੁਲਿਸ ਉਸਦੀ ਸਿਫਾਰਸ਼ 'ਤੇ ਫੁੱਲ ਚੜ੍ਹਾਉਣ ਲੱਗੀ ਤੇ ਉਹ ਪੁਲਿਸ ਦਾ ਖਾਸ ਆਦਮੀ ਬਣ ਗਿਆ।

ਰਾਮ ਲੁਭਾਇਆ ਗੁੰਡਾ ਸੀ ਜਾਂ01 ਨਹੀਂ ਇਸ ਗੱਲ ਦਾ ਤਾਂ ਪਤਾ ਨਹੀਂ, ਪਰ ਨਾਵਲਕਾਰ ਦੇ ਕਹਿਣ ਮੁਤਾਬਕ ਫੈਕਟਰੀਆਂ ਦੇ ਮਾਲਕ ਅਤੇ ਮਜ਼ਦੂਰ ਰਾਮ ਲੁਭਾਇਆ ਨੂੰ ਗੁੰਡਾ ਹੀ ਸਮਝਦੇ ਸਨ। ਜਦੋਂ ਪੁਲਿਸ ਕਪਤਾਨ ਨੇ ਰਾਮੂ ਤੋਂ ਰਾਮ ਲੁਭਾਇਆ ਬਾਰੇ ਪੁੱਛਿਆ ਤਾਂ ਉਸਨੇ ਦੱਸਿਆ: "ਉਹ ਰਾਮੂ ਦੇ ਜ਼ਿਲ੍ਹੇ ਦੇ ਰਹਿਣ ਵਾਲਾ ਸੀ। ਰਾਮੂ, ਰਾਮੂ ਦੇ ਚਾਚੇ ਅਤੇ ਆਪਣੇ ਦੇਸ਼ ਦੇ ਹੋਰ ਬਹੁਤ ਸਾਰੇ ਬੰਦਿਆਂ ਨੂੰ ਇਧਰ ਲੈ ਕੇ ਆਇਆ ਸੀ। ਜਿਹੜੇ ਉਸਦੀ ਈਨ ਵਿਚ ਰਹਿੰਦੇ ਸਨ, ਉਹਨਾਂ ਨੂੰ ਉਹ ਮੌਜ ਕਰਵਾਉਂਦਾ ਸੀ। ਜਿਹੜੇ ਬਾਗੀ ਹੋਣ ਦਾ ਯਤਨ ਕਰਦੇ ਸਨ, ਉਹਨਾਂ 'ਤੇ ਉਹ ਕੁਟਾਪਾ ਚਾੜ੍ਹਦਾ ਸੀ। ਪੁਲਿਸ ਨਾਲ

ਮਿਲਕੇ ਝੂਠੇ ਮੁਕੱਦਮਿਆਂ ਵਿਚ ਫਸਾ ਦਿੰਦਾ ਸੀ। ਉਸਦੇ ਦੇਸ਼ ਵਿਚ ਇਹ ਗੱਲ ਫੈਲੀ ਹੋਈ ਸੀ ਕਿ ਰਾਮ ਲੁਭਾਏ ਨੇ ਕਈ ਜਿਉਂਦੇ ਮਜ਼ਦੂਰਾਂ ਨੂੰ ਕਾਰਖਾਨਿਆਂ ਦੀਆਂ ਭੱਠੀਆਂ ਵਿਚ ਸਾੜਿਆ ਸੀ। ਡਰਦਾ ਕੋਈ ਉਸ ਅੱਗੇ ਸਾਹ ਨਹੀਂ ਸੀ ਕੱਢਦਾ।"

ਸੋ ਇਹਨਾਂ ਮਜ਼ਦੂਰਾਂ ਨੂੰ ਗੰਦੀਆਂ ਕਲੋਨੀਆਂ ਅੰਦਰ ਬਹੁਤ ਹੀ ਭੈੜੀ ਹਾਲਤ ਵਿਚ ਪਸ਼ੂਆਂ ਵਾਂਗ ਰੱਖਿਆ ਜਾਂਦਾ ਹੈ। ਇਹਨਾਂ ਨੂੰ ਛੋਟੇ ਮੋਟੇ ਜੁਰਮ ਦੀ ਲੱਤ ਲਾ ਕੇ, ਠੇਕੇਦਾਰ ਰਾਮ ਲੁਭਾਏ ਵਰਗੇ ਟਾਊਟਾਂ ਰਾਹੀਂ ਪੁਲਿਸ ਇਹਨਾਂ ਨੂੰ ਆਪਣੇ ਕੰਟਰੋਲ ਵਿਚ ਰੱਖਦੀ ਹੈ। ਜਿਸ ਤਰ੍ਹਾਂ ਸਨਅਤਕਾਰਾਂ ਉੱਪਰ ਬਿਊਰੋਕਰੇਸੀ ਦਾ ਕੰਟਰੋਲ ਹੈ, ਉਸੇ ਤਰ੍ਹਾਂ ਇਹਨਾਂ ਮਜ਼ਦੂਰਾਂ ਉਪਰ ਜੁਰਮ ਰਾਹੀਂ ਪੁਲਿਸ ਦਾ ਕੰਟਰੋਲ ਹੈ। ਇਹਨਾਂ ਮਜ਼ਦੂਰਾਂ ਉੱਪਰ ਹੀ ਕਿਉਂ ਇਹਨਾਂ ਮਜ਼ਦੂਰਾਂ ਰਾਹੀਂ ਟੇਢੇ ਢੰਗ ਨਾਲ ਸਨਅਤਕਾਰਾਂ ਉੱਪਰ ਵੀ ਕੰਟਰੋਲ ਹੋ ਜਾਂਦਾ ਹੈ। ਸੋ ਦੋਨੋਂ ਸਿਰਿਆਂ ਤੋਂ ਪੰਜਾਬ ਦੀ ਸਨਅਤ ਉੱਪਰ ਬਿਊਰੋਕਰੇਸੀ ਦਾ ਹੀ ਸੰਪੂਰਨ ਕੰਟਰੋਲ ਹੈ। ਬਿਊਰੋਕਰੇਸੀ ਦੇ ਕੰਟਰੋਲ ਤੋਂ ਭਾਵ ਹੈ ਸਨਅਤੀ ਪੈਦਾਵਾਰ ਵਿਚ ਸਹਾਈ ਹੋਏ ਬਿਨਾ, ਸਨਅਤੀ ਪੈਦਾਵਾਰ ਦੇ ਮੁਨਾਫ਼ੇ ਦਾ ਇੱਕ ਵੰਡਾ ਹਿੱਸਾ, ਸਨਅਤੀ ਪੈਦਾਵਾਰ ਵਿਚੋਂ ਬਾਹਰ ਕੱਢ ਕੇ ਅਯਾਸ਼ੀ ਅਤੇ ਗ਼ੈਰ ਉਤਪਾਦਕ ਕੰਮਾਂ ਵਿਚ ਲਗਾਉਣਾ। ਇਸੇ ਨੂੰ ਭ੍ਰਿਸ਼ਟਾਚਾਰ ਆਖਦੇ ਹਨ। ਇਹ ਸਾਰਾ ਨਾਵਲ ਇਸ ਕਿਸਮ ਦੀਆਂ ਕਹਾਣੀਆਂ ਨਾਲ ਹੀ ਭਰਿਆ ਪਿਆ ਹੈ ਜਿਥੇ ਬਿਊਰੋਕਰੇਸੀ ਪੈਦਾਵਾਰ ਨੂੰ ਖੋਰਾ ਲਾਉਂਦੀ ਹੈ।

ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ ਕੌਰਵ ਸਭਾ ਵਿਚ ਕਾਰੋਬਾਰ ਦੇ ਤਿੰਨ ਲੈਵਲ ਸਥਾਪਿਤ ਕੀਤੇ ਹਨ। ਪਹਿਲਾ ਹੈ ਰਾਮ ਲੁਭਾਏ ਦੇ ਪੱਧਰ ਦੀ ਠੇਕੇਦਾਰੀ ਦਾ ਲੈਵਲ। ਦੂਸਰਾ ਹੈ ਮੋਹਨ ਲਾਲ ਦੇ ਪੱਧਰ ਦਾ ਕਾਰੋਬਾਰ। ਤੀਸਰਾ ਵੱਡਾ ਉਦਯੋਗ, ਜੋ ਪੰਕਜ ਹੋਰੀ ਸਥਾਪਤ ਕਰਨਾ ਚਾਹੁੰਦੇ ਹਨ। ਪਹਿਲੇ ਲੈਵਲ ਲਈ ਸ਼ਹਿਰ/ਜ਼ਿਲ੍ਹੇ ਪੱਧਰ ਦਾ ਜੁਗਾੜ ਚਾਹੀਦਾ ਹੈ। ਦੂਸਰੇ ਲੈਵਲ ਲਈ ਸੂਬੇ ਪੱਧਰ ਦਾ ਅਤੇ ਤੀਸਰੇ ਲਈ ਕੌਮੀ ਪੱਧਰ ਦਾ। ਉਦਾਹਰਣ ਦੇ ਤੌਰ 'ਤੇ ਜਦੋਂ ਮੋਹਨ ਦੇ ਪੈਸੇ ਕਮਾਉਣ ਦੀ ਭੁੱਖ ਦੂਰ ਹੋ ਜਾਂਦੀ ਹੈ ਤਾਂ ਅੱਗੇ ਵਧਣ ਦੀ ਕਾਮਨਾ ਉਸਨੂੰ ਵੱਡੇ ਉਦਯੋਗ ਦੇ ਸੁਪਨੇ ਦਿਖਾਉਂਦੀ ਹੈ: "ਮੋਹਨ ਨੇ ਪੈਸਾ ਵਥੇਰਾ ਕਮਾਇਆ ਸੀ ਪਰ ਰੁਲ ਖੁਲ੍ਹ ਕੇ। ਕਦੇ ਸੜਕਾਂ 'ਤੇ ਖੜੋ ਕੇ ਧੂੜਾਂ ਫੱਕ ਕੇ ਅਤੇ ਕਦੇ ਸੜਦੀ ਲੁਕ ਦੇ ਧੂਏਂ ਨਾਲ ਫੇਫੜੇ ਗਾਲ ਕੇ। ਕਦੇ ਦਫ਼ਤਰਾਂ ਦੀ ਖਾਕ ਛਾਂਣੀ, ਕਦੀ ਅਫਸਰਾਂ ਦੇ ਹੁੱਕੇ ਭਰੇ। ਮੋਹਨ ਚਾਹੁੰਦਾ ਸੀ ਕਿ ਉਸ ਦੇ ਬੱਚੇ ਇਸ ਇਤਿਹਾਸ ਨੂੰ ਨਾ ਦੁਹਰਾਉਣ। ਉਹ ਉਨ੍ਹਾਂ ਲਈ ਕੋਈ ਵੱਡਾ ਉਦਯੋਗ ਸਥਾਪਿਤ ਕਰਨਾ ਚਾਹੁੰਦਾ ਸੀ। ਉਹ ਲੋਹੇ ਦੀ ਮਿੱਲ ਦੇ ਸੁਪਨੇ ਦੇਖਣ ਲੱਗਾ: ਦੋ ਏਕੜ ਦਾ ਪਲਾਟ। ਚਾਰੇ ਪਾਸੇ ਉੱਚੀ ਉੱਚੀ ਦੀਵਾਰ। ਪਲਾਟ ਦੇ ਵਿਚਕਾਰ ਵੱਡਾ ਸਾਰਾ ਪਲਾਂਟ। ਇਕ ਪਾਸੇ ਵੱਡਾ ਸਾਰਾ ਏਅਰ ਕੰਡੀਸ਼ਨਡ ਦਫਤਰ। ਦੂਸਰੇ ਪਾਸੇ ਨੌਕਰਾਂ ਦੇ ਕੁਆਟਰਾਂ ਦੀ ਕਤਾਰ। ਚਾਰ ਚਾਰ ਗੇਟ। ਹਰ ਗੇਟ 'ਤੇ ਪਹਿਰਾ। ਵੱਡੀਆਂ ਵੱਡੀਆਂ ਕਾਰਾਂ। ਨੋਟ। ਮਾਲਕ। ਸਲੂਟ"।

**3.3.1**

ਭੁੱਖ ਤਾਂ ਪੂਰੀ ਹੋ ਸਕਦੀ ਹੈ। ਪਰ ਕਾਮਨਾ ਉਹ ਚੀਜ਼ ਹੈ ਜੋ ਕਦੇ ਵੀ ਪੂਰੀ ਨਹੀਂ ਹੋ ਸਕਦੀ। ਰਾਮ ਲੁਭਾਇਆ ਆਪਣੀ ਕਾਮਨਾ ਦੇ ਪਿੱਛੇ ਲੱਗ ਕੇ ਇਕ ਦਿਹਾੜੀਦਾਰ ਮਜ਼ਦੂਰ ਤੋਂ ਵੱਡਾ ਠੇਕੇਦਾਰ ਬਣ ਗਿਆ। ਮੋਹਨ ਰਾਮ ਲੁਭਾਏ ਵਰਗੇ ਠੇਕੇਦਾਰਾਂ ਤੋਂ ਕਮਿਸ਼ਨ ਲੈਂਦਾ ਲੈਂਦਾ ਸ਼ਹਿਰ ਦਾ ਮੰਨਿਆ ਪ੍ਰਮੰਨਿਆ ਕਾਲੋਨਾਈਜ਼ਰ ਬਣ ਗਿਆ। ਭਾਵੇਂ ਆਪਣੀ ਅੱਗੇ ਵਧਣ ਦੀ ਕਾਮਨਾ ਪੂਰੀ ਕਰਨ ਲਈ ਉਸਨੂੰ ਕਿੰਨੀ ਵੀ ਕਮੀਨਗੀ, ਚਲਾਕੀ, ਕੱਪਟਤਾ ਅਤੇ ਜੁਗਾੜਬਾਜ਼ੀ ਕਿਉਂ ਨਹੀਂ ਕਰਨੀ ਪਈ ਹੋਵੇ। ਏਥੋਂ ਤੱਕ ਪਹੁੰਚ ਕੇ ਵੀ ਉਸਦੀ ਕਾਮਨਾ ਪੂਰੀ ਨਹੀਂ ਹੋਈ। ਅਗਲੇ ਸੁਪਨੇ ਦੇਖ ਰਿਹਾ ਹੈ। ਕਾਮਨਾ ਇਕ ਅਨੰਤ ਦੌੜ ਦਾ ਨਾਮ ਹੈ। ਜਿੰਨੀ ਪਦਾਰਥਕ ਤਰੱਕੀ ਅਸੀਂ ਆਪਣੇ ਆਲ਼ੇ ਦੁਆਲ਼ੇ ਦੇਖ ਰਹੇ ਹਾਂ ਅਤੇ ਜਿਸ ਮਾਇਆ ਜਾਲ ਵਿਚ ਅਸੀਂ ਫਸੇ ਹੋਏ ਹਾਂ, ਇਹ ਸਭ ਇਸ ਅਨੰਤ ਕਾਮਨਾ ਦੀ ਹੀ ਬਦੌਲਤ ਹੈ। ਇਹ ਕਾਮਨਾ ਹੀ ਵਿਕਾਸ ਦਾ ਮੂਲ ਸਰੋਤ ਹੈ।

ਭਾਵੇਂ ਵੇਦ ਦਾ ਇਕ ਛੋਟੇ ਜਿਹੇ ਸ਼ਹਿਰ ਦੀ ਛੋਟੀ ਜਿਹੀ ਨੌਕਰੀ ਵਿਚ ਹੀ ਦਿਲ ਲੱਗਾ ਹੋਇਆ ਸੀ ਅਤੇ ਉਸ ਨੂੰ ਮਾਇਆ ਦੀ ਬਹੁਤੀ ਭੁੱਖ ਨਹੀਂ ਸੀ। ਪਰ ਜਦੋਂ ਉਸਦੀ ਪਤਨੀ ਨੇ ਉਸ ਨੂੰ ਮਾਇਆ ਨਗਰ ਦੇ ਸੁਪਨੇ ਦਿਖਾਏ ਤਾਂ ਉਸਦੀ ਕਾਮਨਾ ਜਾਗ ਪਈ ਅਤੇ ਉਹ ਨਾਵਲਕਾਰ ਦੇ ਦੱਸਣ ਮੁਤਾਬਕ, "ਬੱਚਿਆਂ ਦੇ ਭਵਿੱਖ ਲਈ ਕੁਝ ਵੀ ਕਰਨ ਨੂੰ ਤਿਆਰ ਸੀ।" ਉਹ ਮਾਇਆ ਨਗਰ ਦੀ ਦੌੜ ਵਿਚ ਸ਼ਾਮਲ ਹੋ ਗਿਆ। ਨਾਵਲਕਾਰ ਦੱਸਦਾ ਹੈ: "ਜਦੋਂ ਵੇਦ ਮਾਇਆ ਨਗਰ ਆਇਆ ਸੀ ਤਾਂ ਉਸ ਦਾ ਸਾਰਾ ਸਮਾਨ ਇਕੋ ਫੋਰਵੀਲਰ ਵਿਚ ਆ ਗਿਆ ਸੀ। ਹੁਣ ਉਸ ਕੋਲ ਸਭ ਕੁਝ ਸੀ। ਪੌਸ਼ ਕਲੋਨੀ ਵਿਚ ਪੰਜ ਸੌ ਗਜ ਦੀ ਕੋਠੀ। ਦੋ ਹੋਰ ਪਲਾਟ ਉਸ ਦੇ ਨਾਂ ਸਨ। ਮੋਹਨ ਦੀਆਂ ਕਈ ਫ਼ਰਮਾਂ ਵਿੱਚ ਉਹ ਹਿੱਸੇ ਦਾਰ ਸੀ। ਪ੍ਰਾਪਰਟੀ ਡੀਲਰ ਦਾ ਉਸਦਾ ਆਪਣਾ ਵੱਖਰਾ ਕੰਮ ਸੀ। ਦਫ਼ਤਰ ਏਅਰ ਕੰਡੀਸ਼ਨਡ ਸੀ। ਏਅਰ ਕੰਡੀਸ਼ਨਡ ਕਾਰ ਵੀ ਸੀ। ਪਤਨੀ ਕੋਲ ਕਿਲੋ ਦੇ ਲਗਭਗ ਸੋਨਾ ਸੀ। ਦੋਹਾਂ ਬੱਚਿਆਂ ਦੇ ਨਾਂ ਵੱਡੇ-ਵੱਡੇ ਫਿਕਸਡ ਡਿਪਾਜਿਟ ਸਨ।"

ਮੋਹਨ ਤੇ ਵੇਦ ਜੋ ਵਿਉਪਾਰ ਜਾਂ ਕਾਰੋਬਾਰ ਜਾਂ ਠੇਕੇਦਾਰੀ ਕਰ ਰਹੇ ਸਨ, ਉਸਦੀਆਂ ਸਾਰੀਆਂ ਚਲਾਕੀਆਂ ਅਤੇ ਤਿਕੜਮਬਾਜੀਆਂ ਉਹਨਾਂ ਨੂੰ ਆਉਂਦੀਆਂ ਸਨ। ਇਸ ਲਈ ਉਹ ਇਸ ਲੈਵਲ ਦੇ ਕਾਰੋਬਾਰ ਦੀ ਸਫ਼ਲਤਾ ਦੀਆਂ ਟੀਸੀਆਂ ਛੋਹ ਰਹੇ ਸਨ। ਪਰ ਅੱਗੇ ਵੱਧਣ ਦੀ ਕਾਮਨਾ ਤੋਂ ਤਾਂ ਪਿੱਛਾ ਨਹੀਂ ਸੀ ਛੁਡਾਇਆ ਜਾ ਸਕਦਾ। ਉਹ ਹੋਰ ਅੱਗੇ ਵਧਣਾ ਚਾਹੁੰਦੇ ਸਨ। ਪਰ ਅੱਗੇ ਵੱਧਣ ਲਈ ਉਹਨਾਂ ਨੂੰ ਤੀਸਰੇ ਲੈਵਲ ਦੇ ਕਾਰੋਬਾਰ ਭਾਵ ਵੱਡੇ ਉਦਯੋਗ ਵਿਚ ਸ਼ਾਮਲ ਹੋਣਾ ਪੈਣਾ ਸੀ। ਇਸ ਲੈਵਲ ਦਾ ਕਾਰੋਬਾਰ ਪਹਿਲੇ ਜਾਂ ਦੂਸਰੇ ਲੈਵਲ ਦੇ

ਕਾਰੋਬਾਰ ਨਾਲੋਂ ਬਿਲਕੁਲ ਵੱਖਰਾ ਸੀ।

**3.3.2**

ਪਹਿਲੇ ਅਤੇ ਦੂਸਰੇ ਲੈਵਲ ਦਾ ਕਾਰੋਬਾਰ ਜੋ ਉਹ ਕਰ ਰਹੇ ਸਨ, ਉਹ ਪੰਜਾਬ ਦੀ ਅਫਸਰਸ਼ਾਹੀ ਨਾਲ ਮਿਲ ਕੇ ਠੱਗੀਆਂ ਠੋਰੀਆਂ ਅਤੇ ਚਲਾਕੀਆਂ ਰਾਹੀਂ ਜੁਗਾੜ ਖੜ੍ਹੇ ਕਰਨ ਦਾ ਕਾਰੋਬਾਰ ਸੀ। ਪਰ ਹੁਣ ਉਹ ਜਿਸ ਕਾਰੋਬਾਰ ਵਿਚ ਦਾਖਲ ਹੋਣ ਜਾ ਰਹੇ ਸਨ, ਉਹ ਪੰਜਾਬ ਸਰਕਾਰ ਦੀਆਂ ਬਿਊਰੋਕਰੈਟਿਕ ਕਦਰਾਂ ਕੀਮਤਾਂ ਉਪਰ ਨਹੀਂ, ਪੂੰਜੀਵਾਦੀ ਕਦਰਾਂ ਕੀਮਤਾਂ ਉਪਰ ਉੱਸਰਨਾ ਸੀ। ਜਦੋਂ ਮੋਹਨ-ਵੇਦ ਇਸ ਭਾਰੀ ਉਦਯੋਗ ਦੇ ਕਾਰੋਬਾਰ ਵਿਚ ਦਾਖਲ ਹੋ ਰਹੇ ਸਨ: "ਕੇਂਦਰ ਵਿਚ ਨਵੀਂ ਸਰਕਾਰ ਨੇ ਸਖ਼ਤੀ ਕਰ ਦਿੱਤੀ ਸੀ। ਸਬਸਿਡੀਆਂ ਘਟ ਗਈਆਂ। ਟੈਕਸਾਂ ਵਿਚ ਮਿਲਦੀਆਂ ਛੋਟਾ ਬੰਦ ਹੋ ਗਈਆਂ। ਆਮਦ ਦਰਾਮਦ ਦੀਆਂ ਸ਼ਰਤਾਂ ਢਿੱਲੀਆਂ ਹੋ ਗਈਆਂ। ਬਾਹਰੋਂ ਆਉਂਦਾ ਮਾਲ ਸਸਤਾ ਪੈਣ ਲੱਗਾ। ਹੇਰਾ ਫੇਰੀਆਂ ਦੇ ਰਸਤੇ ਬੰਦ ਹੋ ਗਏ।''

**3.3.3**

ਦਰਅਸਲ ਕੇਂਦਰ ਸਰਕਾਰ ਨੇ ਲਾਇਸੈਂਸ-ਕੋਟਾ ਖ਼ਤਮ ਕਰਕੇ ਅਤੇ ਅਫਸਰਸ਼ਾਹੀ ਨਿਯੰਤਰਣ ਘਟਾ ਕੇ ਖੁੱਲੇ ਕੰਪੀਟੀਸ਼ਨ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਪਰ ਮੋਹਨ ਹੁਰੀ ਜੋ ਰਿਸ਼ਵਤ, ਕਪਟਤਾ ਅਤੇ ਜੁਗਾੜ ਬਾਜ਼ੀਆਂ ਰਾਹੀਂ ਹੀ ਕਾਰੋਬਾਰ ਕਰਨਾ ਜਾਣਦੇ ਸਨ, ਉਹਨਾਂ ਲਈ ਇਸ ਤਰ੍ਹਾਂ ਦੇ ਕੰਪੀਟੀਸ਼ਨ ਵਿਚ ਟਿਕ ਸਕਣਾ ਸੰਭਵ ਹੀ ਨਹੀਂ ਸੀ। ਇਸ ਲਈ ਉਹਨਾਂ ਨੇ ਮਿੱਲ ਦੀ ਉਸਾਰੀ ਰੋਕ ਕੇ ਉਸ ਨੂੰ ਵਿਕਰੀ 'ਤੇ ਲਗਾ ਦਿੱਤਾ। ਉਹ ਹਾਰ ਗਏ ਸਨ। ਉਹਨਾਂ ਦੀ ਇਹ ਹਾਰ ਪੰਜਾਬ ਦੇ ਸਨਅਤੀ ਵਿਕਾਸ ਦੀ ਹਾਰ ਦੀ ਹੀ ਪ੍ਰਤੀਕ ਹੈ। ਪੰਜਾਬ ਦੇ ਭ੍ਰਿਸ਼ਟ ਅਫਸਰਸ਼ਾਹੀ ਮਾਹੌਲ ਵਿਚ ਨਵੇਂ ਉਦਯੋਗ ਟਿਕ ਨਹੀਂ ਸਕਦੇ। ਪਾਰ ਰਾਸ਼ਟਰੀ ਸਰਮਾਇਆ ਅਜਿਹੇ ਮਾਹੌਲ ਤੋਂ ਦੂਰ ਦੌੜਦਾ ਹੈ।

ਜਿੰਨੀ ਦੇਰ ਤੱਕ ਪੰਜਾਬ ਸਰਕਾਰ ਕੇਂਦਰ ਸਰਕਾਰ ਦੀ ਤਰ੍ਹਾਂ ਆਪਣੇ ਅਫਸਰਸ਼ਾਹੀ ਨਿਯੰਤਰਣ ਨੂੰ ਖਤਮ ਕਰਕੇ ਪੂੰਜੀਵਾਦੀ ਕਦਰਾਂ-ਕੀਮਤਾਂ ਨੂੰ ਨਹੀਂ ਅਪਨਾਉਂਦੀ, ਓਨੀ ਦੇਰ ਤੱਕ ਪੰਜਾਬ ਦਾ ਸਨਅਤੀ ਵਿਕਾਸ ਸੰਭਵ ਹੀ ਨਹੀਂ ਹੈ। ਸਨਅਤੀ ਵਿਕਾਸ ਨਾਲ ਹੀ ਸੇਵਾ ਸੈਕਟਰ ਦਾ ਵਿਕਾਸ ਜੁੜਿਆ ਹੋਇਆ ਹੈ। ਜੇਕਰ ਸਨਅਤੀ ਸੈਕਟਰ ਅਤੇ ਸੇਵਾ ਸੈਕਟਰ ਵਿਕਸਤ ਹੋਣਗੇ ਤਾਂ ਹੀ ਰੁਜ਼ਗਾਰ ਦੇ ਨਵੇਂ ਵਸੀਲੇ ਪੈਦਾ ਹੋਣਗੇ ਅਤੇ ਖੇਤੀ ਸੈਕਟਰ ਉੱਪਰ ਨਿਰਭਰ ਜਨਸੰਖਿਆ ਦਾ ਬੋਝ ਘਟੇਗਾ। ਪੰਜਾਬ ਦੇ ਕਿਸਾਨਾਂ ਦੀਆਂ ਆਮਦਨਾਂ ਕੇਵਲ ਇਸ ਤਰੀਕੇ ਨਾਲ ਹੀ ਵਧ ਸਕਦੀਆਂ ਹਨ।

ਸਨਅਤੀ ਸੈਕਟਰ ਅਤੇ ਸੇਵਾ ਸੈਕਟਰ ਵਿਚ ਨਵਾਂ ਰੁਜ਼ਗਾਰ ਪੈਦਾ ਕਰਕੇ ਜੇ ਪਿੰਡਾਂ ਦੇ ਮੁੰਡੇ ਕੁੜੀਆਂ ਨੂੰ ਇਸ ਵਿਚ ਜਜ਼ਬ ਕੀਤਾ ਜਾਵੇ ਤਾਂ ਅਜਿਹਾ ਕਰਨ ਨਾਲ ਇਕ ਤਾਂ ਨਵੇਂ ਰੁਜ਼ਗਾਰ ਰਾਹੀਂ ਪੇਂਡੂ ਪਰਿਵਾਰਾਂ ਦੀਆਂ ਆਮਦਨਾਂ ਵਧਣਗੀਆਂ ਅਤੇ ਦੂਸਰੇ ਪ੍ਰਤੀ ਏਕੜ ਜਨਸੰਖਿਆ ਦਾ ਭਾਰ ਘਟਣ ਨਾਲ ਉਹਨਾਂ ਦੀਆਂ ਆਮਦਨਾਂ ਵਿਚ ਉਸੇ ਅਨੁਪਾਤ ਨਾਲ ਵਾਧਾ ਹੋਵੇਗਾ। ਫੇਰ ਅਫਸਰਸ਼ਾਹੀ ਨਿਯੰਤਰਣ ਦੇ ਖਤਮ ਹੋਣ ਨਾਲ ਪੇਂਡੂ ਅਤੇ ਖੇਤੀ ਸੈਕਟਰ ਵਿੱਚ ਵੀ ਪੂੰਜੀ ਨਿਵੇਸ਼ ਦੀਆਂ ਸੰਭਾਵਨਾਵਾਂ ਵਧਣਗੀਆਂ। ਸੋ ਪੰਜਾਬ ਦਾ ਅਜੋਕਾ ਬਿਊਰੋਕਰੈਟਿਕ ਮਾਹੌਲ, ਜਿਸਦੀ ਮਿੱਤਰ ਸੈਨ ਮੀਤ ਨੇ ਆਪਣੇ ਇਸ ਨਾਵਲ ਵਿਚ ਵਿਸਤਾਰ ਸਹਿਤ ਪੇਸ਼ਕਾਰੀ ਕੀਤੀ ਹੈ, ਵਿਚ ਮੋਹਨ ਹੁਰਾਂ ਦਾ ਨਵਾਂ ਆਧੁਨਿਕ ਉਦਯੋਗ ਸਥਾਪਿਤ ਕਰਨ ਦਾ ਸੁਪਨਾ ਕਿਸੇ ਵੀ ਹਾਲਤ ਵਿਚ ਪੂਰਾ ਨਹੀਂ ਸੀ ਹੋ ਸਕਦਾ। ਉਹਨਾਂ ਦਾ ਫੇਲ੍ਹ ਹੋਣਾ ਤਹਿ ਸੀ, ਸੋ ਉਹ ਹੋਏ।

ਜੇ ਕਾਮਨਾ ਪਦਾਰਥਕ ਤਰੱਕੀ ਦਾ ਇੰਜਨ ਹੈ, ਤਾਂ ਉਹ ਕੀ ਹੈ ਜਿਸਨੇ ਮੋਹਨ ਪਰਿਵਾਰ ਅਤੇ ਵੇਦ ਪਰਿਵਾਰ ਵਿਚ ਤ੍ਰੇੜ ਪੈਦਾ ਕੀਤੀ? ਭਾਵੇਂ ਹਜ਼ਾਰ ਗਜ ਦੇ ਪਲਾਟ ਦੇ ਝਗੜੇ ਤੋਂ ਤਾਂ ਇਹੋ ਹੀ ਲੱਗਦਾ ਹੈ ਪਰ ਇਹ ਦੋ ਭਰਾਵਾਂ ਵਿਚ ਜਾਇਦਾਦ ਦੀ ਵੰਡ ਦਾ ਮਸਲਾ ਨਹੀਂ। ਮੋਹਨ ਅਤੇ ਉਸਦੇ ਬੇਟੇ ਜਿਵੇਂ ਕਿ ਆਪਾਂ ਪਹਿਲਾਂ ਦੇਖ ਆਏ ਹਾਂ ਅੱਗੇ ਵਧਣ ਦੀ ਕਾਮਨਾ ਅਧੀਨ ਲੋਹੇ ਦੀ ਮਿੱਲ ਲਗਾਉਂਦੇ ਹਨ। ਪਰ ਵੇਦ ਆਪਣੇ ਆਪ ਨੂੰ ਏਨੇ ਵੱਡੇ ਕੰਮ ਦੇ ਕਾਬਲ ਨਹੀਂ ਸੀ ਸਮਝਦਾ। ਆਪਣੀ ਪੂੰਜੀ ਦੇ ਡੁੱਬਣ ਤੋਂ ਡਰਦਾ ਸੀ: "ਕਰੋੜਾਂ ਰੁਪਏ ਦੇ ਇਸ ਖਲਜਗਣ ਵਿਚ ਵੇਦ ਪੈਣਾ ਨਹੀਂ ਸੀ ਚਾਹੁੰਦਾ। ਮਿੱਲ ਤੇ ਪਲਾਟ ਦੀ ਕੀਮਤ ਪੰਜਾਹ ਲੱਖ ਸੀ। ਮਸ਼ੀਨ ਦੀ ਕੀਮਤ ਦੋ ਕਰੋੜ। ਕਰੋੜ ਰੁਪਿਆ ਕੋਲੋਂ ਲੱਗਣਾ ਸੀ। ਕਈ ਕਰੋੜ ਦਾ ਸਰਕਾਰ ਕੋਲੋਂ ਕਰਜ਼ਾ ਲੈਣਾ ਸੀ। ਵੇਦ ਸੀ ਅਨਪੜ੍ਹ ਗਵਾਰ। ਇਹ ਪੇਚੀਦਾ ਕੰਮ ਉਸ ਦੇ ਵੱਸ ਦਾ ਨਹੀਂ ਸੀ।" ਮੋਹਨ ਦਾ ਵੱਡਾ ਲੜਕਾ ਪੰਕਜ ਅਮਰੀਕਾ ਐਮ ਬੀ ਏ ਕਰ ਕੇ ਆਇਆ ਸੀ। ਛੋਟੇ ਨੀਰਜ ਨੇ ਰੁੜਕੀ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਸੀ। ਉਹ ਆਪਣੀ ਕਾਬਲੀਅਤ ਦੇ ਸਿਰ 'ਤੇ ਆਪਣੇ ਹਾਣ ਦਾ ਕਾਰੋਬਾਰ ਕਰਨ ਲਈ ਇਕ ਰਿਸਕ ਲੈ ਰਹੇ ਸਨ।

ਪਰ ਵੇਦ ਨੇ ਇਹ ਰਿਸਕ ਕਿਉਂ ਲਿਆ? ਸਿਰਫ਼ ਇਸ ਲਈ ਕਿ ਇਹ ਪੇਸ਼ਕਸ਼ ਸੁਣ ਕੇ ਵੇਦ ਦੀ ਪਤਨੀ ਨੀਲਮ ਦੇ ਮੂੰਹ ਵਿਚ ਪਾਣੀ ਆ ਗਿਆ ਸੀ। ਸਿਰਫ਼ ਇਕ ਲਾਲਚ ਅਧੀਨ ਉਸਨੇ ਇਸ ਮਿੱਲ ਵਿਚ ਹਿੱਸਾ ਪਾਇਆ। ਇਸ ਲਈ ਜਦੋਂ ਮਿੱਲ ਵਿੱਚ ਘਾਟਾ ਪੈਣ ਕਾਰਨ ਮਿੱਲ ਬੰਦ ਹੋ ਜਾਂਦੀ ਹੈ ਤਾਂ ਉਹ ਆਪਣੇ ਭਤੀਜਿਆਂ ਉੱਪਰ ਸ਼ੱਕ ਕਰਦੀ ਹੈ। ਨਾਵਲਕਾਰ ਅਨੁਸਾਰ ਪੰਕਜ ਅਤੇ ਨੀਰਜ ਨੂੰ ਘਾਟੇ ਦੀਆਂ ਬਰੀਕੀਆਂ ਦਾ ਪਤਾ ਸੀ। ਵੇਦ ਨੂੰ ਉਹਨਾਂ ਉੱਪਰ ਵਿਸ਼ਵਾਸ ਸੀ ਅਤੇ ਵੇਦ ਨੇ ਅੱਜ ਤੱਕ ਜੋ ਕੁਝ ਬਣਾਇਆ ਸੀ ਉਹ ਇਸ ਵਿਸ਼ਵਾਸ ਅਤੇ ਮਿਹਨਤ ਸਦਕਾ ਹੀ ਬਣਾਇਆ ਸੀ। ''ਪਰ ਨੀਲਮ ਵੇਦ ਨਾਲ ਸਹਿਮਤ ਨਹੀਂ ਸੀ। ਉਹ ਸਵੇਰੇ ਸ਼ਾਮ ਵੇਦ ਨੂੰ ਤੁੰਨਣ ਲੱਗੀ ਕਿ ਉਹ ਭਤੀਜਿਆਂ ਕੋਲੋਂ ਹਿਸਾਬ

ਲਵੇ।'' ਜਦੋਂ ਵੇਦ ਨੇ ਉਸਦੀ ਨਾ ਸੁਣੀ ਤਾਂ ਉਸਨੇ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਕੋਲ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਭਤੀਜਿਆਂ ਨੇ ਉਹਨਾਂ ਨਾਲ ਹੇਰਾ-ਫੇਰੀ ਕੀਤੀ ਹੈ। ਇਹ ਗੱਲ ਪੰਕਜ ਦੇ ਸੌਹਰਿਆਂ ਤੱਕ ਵੀ ਪਹੁੰਚੀ। ਭਾਵੇਂ ਮੋਹਨ ਨੇ ਤਾਂ ਇਸ ਗੱਲ 'ਤੇ ਵਥੇਰਾ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਮੁੰਡੇ ਇਹ ਤੋਹਮਤ ਸਹਿਣ ਨਾ ਕਰ ਸਕੇ ਅਤੇ ਉਹਨਾਂ ਨੇ ਹਿਸਾਬ ਕਿਤਾਬ ਕਰਨ ਦਾ ਫ਼ੈਸਲਾ ਕਰ ਲਿਆ।

ਨੀਲਮ ਦੀ ਗ਼ਲਤੀ ਅਤੇ ਮੁੰਡਿਆਂ ਦੇ ਫ਼ੈਸਲੇ ਨੇ ਮੋਹਨ ਲਾਲ ਦੀ ਜਾਨ ਲੈ ਲਈ। ਨਾਵਲਕਾਰ ਅਨੁਸਾਰ ਇਸ ਸਾਰੇ ਘਟਨਾ ਕ੍ਰਮ ਦਾ ਅਸਰ ਇਹ ਹੋਇਆ ਕਿ, ''ਮਿੱਲ ਵਿਚ ਪਏ ਘਾਟੇ, ਲੱਗੀ ਤੋਹਮਤ ਅਤੇ ਬਾਪ ਦੀ ਬੇਵਕਤੀ ਮੌਤ ਨੇ ਦੋਹਾਂ ਭਰਾਵਾਂ ਦੇ ਮਨਾਂ ਨੂੰ ਜ਼ਹਿਰ ਨਾਲ ਭਰ ਦਿੱਤਾ। ਸਾਰਾ ਦਿਨ ਉਹ ਇੱਕੋ ਨੁਕਤੇ ਤੇ ਸੋਚਦੇ ਰਹਿੰਦੇ। ਵੇਦ ਪਰਿਵਾਰ ਨੂੰ ਨੀਚਾ ਕਿਸ ਤਰ੍ਹਾਂ ਦਿਖਾਇਆ ਜਾਵੇ। ਮੋਹਨ ਲਾਲ ਦੇ ਭੋਗ 'ਤੇ ਹੋਏ ਇਕੱਠ ਵਿੱਚ ਹਿਸਾਬ ਕਿਤਾਬ ਪੇਸ਼ ਕੀਤਾ ਗਿਆ। ਪਹਿਲਾਂ ਪੰਕਜ ਹੋਰਾਂ ਨੇ ਕੋਈ ਹੇਰਾ-ਫ਼ੇਰੀ ਨਹੀਂ ਸੀ ਕੀਤੀ। ਪਰ ਹੁਣ ਵਾਧਾ ਘਾਟਾ ਕਰਕੇ ਪਿਆ ਘਾਟਾ ਦੁੱਗਣਾ ਕਰਕੇ ਦਿਖਾਇਆ। ਪਹਿਲਾਂ ਪਏ ਘਾਟੇ ਦੀ ਵੰਡ ਵੀ ਨਹੀਂ ਸੀ ਹੋਈ। ਹੁਣ ਪਾਈ ਪਾਈ ਦਾ ਭੁਗਤਾਨ ਮੰਨਿਆ ਗਿਆ।''

ਸੋ ਸਪਸ਼ਟ ਹੈ ਕਿ ਇਹ ਦੋ ਭਰਾਵਾਂ ਦੀ ਜਾਇਦਾਦ ਦੀ ਵੰਡ ਦਾ ਮਸਲਾ ਨਹੀਂ ਸੀ। ਇਕ ਪਾਸੇ ਨੀਲਮ ਦਾ ਸ਼ੱਕ ਸੀ ਅਤੇ ਦੂਸਰੇ ਪਾਸੇ ਭਤੀਜਿਆਂ ਦੇ ਸਵੈ-ਮਾਣ ਨੂੰ ਪਹੁੰਚੀ ਠੇਸ ਕਾਰਨ ਜਾਗੀ ਬਦਲੇ ਦੀ ਭਾਵਨਾ ਸੀ। ਵੰਡ ਵੰਡਈਏ ਤੋਂ ਬਾਅਦ ਸਾਰੀ ਗੱਲ ਇਕ ਹਜ਼ਾਰ ਗਜ਼ ਦੇ ਪਲਾਟ 'ਤੇ ਆ ਕੇ ਰੁਕ ਜਾਂਦੀ ਹੈ। ਨੀਲਮ ਅਤੇ ਵੇਦ ਇਹ ਪਲਾਟ ਬਚਾਉਣ ਲਈ ਲਾਲਚ ਵੱਸ ਹੋ ਜਾਂਦੇ ਹਨ। ਤੇ ਦੂਸਰੇ ਪਾਸੇ ਭਤੀਜੇ ਇਸ ਪਲਾਟ 'ਤੇ ਕਬਜ਼ਾ ਕਰਕੇ ਵੇਦ ਪਰਿਵਾਰ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਇਹ ਉਹਨਾਂ ਦਾ ਹੰਕਾਰ ਸੀ।

ਸੋ ਇਹ ਚਾਚੇ ਦੇ ਲਾਲਚ ਅਤੇ ਭਤੀਜਿਆਂ ਦੇ ਹੰਕਾਰ ਦਾ ਟਕਰਾਅ ਸੀ। ਜਾਇਦਾਦ ਦੀ ਵੰਡ ਦਾ ਝਗੜਾ ਨਹੀਂ। ਅਤੇ ਨਾ ਹੀ ਪਦਾਰਥਕ ਤਰੱਕੀ ਦੀ ਕਾਮਨਾ।

ਸੋ ਇਹ ਝਗੜਾ ਉਹਨਾਂ ਸਭਿਆਚਾਰਕ ਕਦਰਾਂ ਕੀਮਤਾਂ ਅਤੇ ਮੁੱਲ ਪ੍ਰਬੰਧਾਂ ਦੀ ਦੇਣ ਹੈ ਜੋ ਪੰਜਾਬ ਦੇ ਅਜੋਕੇ ਸਮਾਜ ਆਰਥਕ-ਰਾਜਨੀਤਿਕ ਪ੍ਰਬੰਧ, ਜਿਸ ਦੀ ਆਪਾਂ ਗੱਲ ਕਰ ਰਹੇ ਹਾਂ, ਨੇ ਆਪਣੇ ਬੰਦਿਆਂ ਅੰਦਰ ਬੀਜੇ ਹਨ। ਪਰ ਏਥੇ ਦੇਖਣ ਵਾਲੀ ਗੱਲ ਇਹ ਹੈ ਕਿ ਜਿੰਨੀ ਦੇਰ ਤੱਕ ਮੋਹਨ-ਵੇਦ ਦਾ ਕਾਰੋਬਾਰ ਵਧਦਾ ਫੁੱਲਦਾ ਰਿਹਾ, ਉਹਨਾ ਦੀ ਕਾਮਨਾ ਦੀ ਦਿਸ਼ਾ ਵਿਚ ਚੱਲਦਾ ਰਿਹਾ, ਓਨੀ ਦੇਰ ਤੱਕ ਉਹਨਾ ਵਿਚ ਨਾ ਤਾਂ ਇਹੋ ਜਿਹੀਆਂ ਕਦਰਾਂ ਕੀਮਤਾਂ ਜਾਂ ਮੁੱਲ ਪ੍ਰਬੰਧ ਹੀ ਪੈਦਾ ਹੋਏ ਅਤੇ ਨਾ ਹੀ ਕੋਈ ਤ੍ਰੇੜਾਂ ਵਿਕਸਤ ਹੋਈਆਂ। ਜ਼ਿੰਮੇਵਾਰੀ, ਮਿਹਨਤ, ਇਮਾਨਦਾਰੀ ਵਰਗੀਆਂ ਕਦਰਾਂ ਕੀਮਤਾਂ ਨੇ ਇਹਨਾਂ ਦੋਹਾਂ ਪਰਿਵਾਰਾਂ ਨੂੰ ਇਕ ਵਿਉਪਾਰਕ ਸਾਂਝ ਵਿੱਚ ਬੰਨ੍ਹੀ ਰੱਖਿਆ: ''ਮੋਹਨ ਵੇਦ ਨੂੰ ਜੋ ਜ਼ਿੰਮੇਵਾਰੀ ਸੌਂਪਦਾ ਉਹ ਉਸ ਨੂੰ ਪੂਰੀ ਇਮਾਨਦਾਰੀ ਨਾਲ ਸਿਰੇ ਚੜ੍ਹਾਉਂਦਾ। ਮੋਹਨ ਜਿੱਥੇ ਆਖਦਾ ਵੇਦ ਅੱਖਾਂ ਮੀਚ ਕੇ ਦਸਤਖ਼ਤ ਕਰ ਦਿੰਦਾ। ਬਦਲੇ ਵਿਚ ਮੋਹਨ ਉਸਨੂੰ ਹਿੱਸੇ ਆਉਂਦਾ ਮੁਨਾਫ਼ਾ ਬਿਨਾ ਕਿਸੇ ਘਾਟ ਵਾਧ ਦੇ ਦਿੰਦਾ ਰਿਹਾ।'' ਦੋਨੋਂ ਪਰਿਵਾਰ ਰੰਗਾਂ ਵਿਚ ਵਸਦੇ ਸਨ।

ਪਰ ਜਦੋਂ ਮਿੱਲ ਦੇ ਫ਼ੇਲ ਹੋ ਜਾਣ ਕਾਰਨ ਉਹਨਾਂ ਨੂੰ ਘਾਟਾ ਪਿਆ, ਤਾਂ ਹੀ ਇਹਨਾਂ ਦੋਹਾਂ ਪਰਿਵਾਰਾਂ ਵਿਚ ਇਹੋ ਜਿਹੀਆਂ ਕਦਰਾਂ ਕੀਮਤਾਂ ਪੈਦਾ ਹੋਣੀਆਂ ਸ਼ੁਰੂ ਹੋਈਆਂ ਜਿਹਨਾ ਨੇ ਇਹਨਾਂ ਅੰਦਰ ਤ੍ਰੇੜਾਂ ਪੈਦਾ ਕਰਕੇ ਇਹਨਾਂ ਨੂੰ ਤਬਾਹ ਕਰ ਦਿੱਤਾ। ਸੋ ਸਪਸ਼ਟ ਹੈ ਕਿ ਜਦੋਂ ਤੱਕ ਤਾਂ ਮੋਹਨ-ਵੇਦ ਦਾ ਕਾਰੋਬਾਰ ਉਹਨਾਂ ਦੀ ਅੱਗੇ ਵਧਣ ਦੀ ਦਿਸ਼ਾ ਵਿਚ ਵਧਦਾ ਫੁੱਲਦਾ ਰਿਹਾ, ਸਭ ਠੀਕ ਰਿਹਾ, ਭਾਵ ਕਿ ਜਦੋਂ ਤੱਕ ਤਾਂ ਪੰਜਾਬ ਦਾ ਬਿਊਰੋਕਰੈਟਿਕ ਢਾਂਚਾ ਉਹਨਾਂ ਦੀ ਅਕਾਂਖਿਆ ਦੀ ਪੂਰਤੀ ਕਰਦਾ ਰਿਹਾ, ਉਹ ਜੁੜੇ ਰਹੇ। ਪਰ ਜਦੋਂ ਉਹ ਵਿਉਪਾਰਕ ਸੂਝ ਜਾਂ ਸਟਰੈਟਿਜੀ ਜੋ ਪੰਜਾਬ ਦੇ ਬਿਊਰੋਕਰੈਟਿਕ ਢਾਂਚੇ ਨੇ ਉਹਨਾਂ ਅੰਦਰ ਪੈਦਾ ਕੀਤੀ ਸੀ, ਉਹਨਾਂ ਦੇ ਕਾਰੋਬਾਰ ਨੂੰ ਅਗਾਂਹ ਲਿਜਾਣ ਵਿਚ ਅਸਮਰੱਥ ਸਾਬਤ ਹੋਣ ਲੱਗੀ, ਤਾਂ ਪੰਜਾਬ ਦੇ ਬਿਊਰੋਕਰੈਟਿਕ ਢਾਂਚੇ ਵਿਚ ਪਲੇ ਇਹ ਲੋਕ, ਪੰਜਾਬ ਦੇ ਬਿਊਰੋਕਰੈਟਿਕ ਢਾਂਚੇ ਨਾਲ ਤਾਂ ਪੰਗਾ ਲੈ ਨਹੀਂ ਸਨ ਸਕਦੇ, ਇਸ ਲਈ ਆਪਣੀ ਇਸ ਵਿਉਪਾਰਕ ਹਾਰ/ਘਾਟੇ ਨੂੰ ਆਪਣੇ ਲਾਲਚ/ ਹੰਕਾਰ ਦਾ ਅਖਾੜਾ ਬਣਾ ਲਿਆ।

ਪੰਜਾਬ ਅਤੇ ਪੰਜਾਬ ਦੀ ਆਰਥਿਕਤਾ ਦਾ ਵੀ ਇਹੋ ਹੀ ਹਾਲ ਹੈ। ਪੰਜਾਬ ਦਾ ਬਿਊਰੋਕਰੈਟਿਕ ਢਾਂਚਾ, ਇਸਦਾ ਜਿੱਥੋਂ ਤੱਕ ਵਿਕਾਸ ਕਰ ਸਕਦਾ ਸੀ, ਉੱਥੇ ਤੱਕ ਇਸ ਨੇ ਕਰ ਦਿੱਤਾ ਹੈ। ਪੰਜਾਬ ਨੂੰ ਇਸ ਤੋਂ ਅੱਗੇ ਲਿਜਾਣ ਦੀ ਇਸ ਵਿਚ ਸਮਰੱਥਾ ਹੀ ਨਹੀਂ ਹੈ। ਦਰਅਸਲ ਇਸ ਬਿਊਰੋਕਰੈਟਿਕ ਪ੍ਰਬੰਧ ਦੀ ਕਲਚਰ ਅਤੇ ਮੁੱਲ ਪ੍ਰਬੰਧ ਉਸ ਕਲਚਰ ਅਤੇ ਮੁੱਲ ਪ੍ਰਬੰਧ ਤੋਂ ਬਿਲਕੁਲ ਵਿਪਰੀਤ ਹਨ, ਜੋ ਹੁਣ ਪੰਜਾਬ ਨੂੰ ਪਦਾਰਥਕ ਵਿਕਾਸ ਦੀ ਦਿਸ਼ਾ ਵਿਚ ਅੱਗੇ ਵਧਣ ਲਈ ਚਾਹੀਦੇ ਹਨ। ਮਿੱਤਰ ਸੈਨ ਮੀਤ ਨੇ ਇਹ ਜੋ ਸੰਕਟ ਪੇਸ਼ ਕੀਤਾ ਹੈ, ਇਹ ਕੇਵਲ ਮੋਹਨ-ਵੇਦ ਪਰਿਵਾਰ ਦੇ ਪਦਾਰਥਕ ਵਿਕਾਸ ਦਾ ਹੀ ਸੰਕਟ ਨਹੀਂ, ਪੰਜਾਬ ਦੇ ਸਮਾਜ-ਆਰਥਿਕ-ਰਾਜਨੀਤਕ ਵਿਕਾਸ ਦਾ ਸੰਕਟ ਹੈ।

ਪੰਜਾਬ ਨੂੰ ਹੋਰ ਅਗਾਂਹ ਵਧਣ ਲਈ ਆਪਣੀ ਇਹ ਸਮਾਜ-ਆਰਥਕ-ਰਾਜਨੀਤਕ ਸਟਰੈਟਿਜੀ ਤਬਦੀਲ ਕਰਨੀ ਪਵੇਗੀ। ਇਸ ਨੂੰ ਬਿਊਰੋਕਰੈਟਿਕ ਸਿਧਾਂਤਾਂ ਦੀ ਥਾਂ ਡੈਮੋਕਰੈਟਿਕ ਸਿਧਾਂਤਾਂ ਉੱਪਰ ਨਿਰਮਿਤ ਕਰਨਾ ਹੋਵੇਗਾ। ਜੇਕਰ ਪੰਜਾਬ ਨੇ ਇਹ ਕੰਮ ਨਾ ਕੀਤਾ, ਆਪਣੀ ਕਾਰਜ ਪ੍ਰਣਾਲੀ ਨਾ ਸੁਧਾਰੀ, ਆਪਣੇ ਪੈਦਾਵਾਰੀ ਢਾਂਚੇ ਨੂੰ, ਬਿਊਰੋਕਰੈਟਿਕ ਮੋਡ ਵਿਚੋਂ ਬਾਹਰ ਕੱਢ ਕੇ ਕੈਪੀਟਲਿਸਟ ਮੋਡ ਵਿਚ ਨਾ ਲਿਆਂਦਾ ਅਤੇ ਡੈਮੋਕਰੈਟਿਕ ਸੰਸਥਾਵਾਂ/ਕਦਰਾਂ ਕੀਮਤਾਂ ਅਤੇ ਸਮਾਜਕ ਨਿਆਂ ਵਰਗੀਆਂ ਪਰੰਪਰਾਵਾਂ ਨਾਲ ਇਸ ਨੂੰ ਮਜ਼ਬੂਤ ਨਾ ਕੀਤਾ, ਤਾਂ ਪੰਜਾਬ ਦਾ ਉਹੋ ਹੀ ਹਾਲ ਹੋਣ ਵਾਲਾ ਹੈ, ਜੋ ਮਿੱਲ ਵਿਚ ਘਾਟਾ ਪੈਣ ਤੋਂ ਬਾਅਦ ਆਪਸੀ ਅੰਦਰੂਨੀ ਕਲੇਸ਼ ਉਪਰੰਤ ਇਸ ਨਾਵਲ ਵਿੱਚ ਮੋਹਨ-ਵੇਦ ਪਰਿਵਾਰ ਦਾ ਹੋਇਆ ਹੈ।

ਪੂੰਜੀਵਾਦੀ ਉਤਪਾਦਨ ਪ੍ਰਣਾਲੀ, ਜਮਹੂਰੀ ਸੰਸਥਾਵਾਂ/ਪਰੰਪਰਾਵਾਂ ਅਤੇ ਸਮਾਜਕ ਨਿਆਂ ਵਰਗੀਆਂ ਕਦਰਾਂ ਕੀਮਤਾਂ ਰਾਹੀਂ ਪੰਜਾਬ ਨੂੰ ਆਪਣਾ ਇਹ ਮੌਜੂਦਾ ਬਿਊਰੋਕਰੈਟਿਕ ਪਾਵਰ ਸਟਰਕਚਰ/ਸਟੇਟ ਸਟਰਕਚਰ ਤਬਦੀਲ ਕਰਕੇ ਇਸਨੂੰ ਪੰਜਾਬ ਦੇ ਆਰਥਕ, ਰਾਜਨੀਤਕ, ਸੰਸਕ੍ਰਿਤਕ ਵਿਕਾਸ ਵਿਚ ਲਾਉਣਾ ਹੋਵੇਗਾ, ਨਹੀਂ ਤਾਂ ਫੇਰ ਪੰਜਾਬ ਦਾ ਇਹ ਬਿਊਰੋਕਰੈਟਿਕ ਪਾਵਰ ਸਟਰਕਚਰ ਪੰਜਾਬ ਨੂੰ ਹੀ ਨਿਗਲ ਜਾਵੇਗਾ। ਆਪਣੇ ਘਰ ਵਿਚ ਆਪ ਹੀ ਡਾਕਾ ਮਾਰੇਗਾ। ਆਪਣੇ ਅਰਥਚਾਰੇ (ਪੰਕਜ, ਨੀਰਜ, ਵੇਦ) ਨੂੰ ਲੁੱਟੇਗਾ, ਆਪਣੀ ਸੰਸਕ੍ਰਿਤੀ (ਨੇਹਾ) ਦਾ ਆਪ ਹੀ ਬਲਾਤਕਾਰ ਅਤੇ ਆਪਣੇ ਭਵਿੱਖ (ਕਮਲ) ਦਾ ਆਪ ਹੀ ਕਤਲ ਕਰੇਗਾ। ਆਪ ਹੀ ਮੁਨਸਿਫ਼ ਦੀ ਕੁਰਸੀ 'ਤੇ ਬੈਠ ਕੇ ਆਪਣੇ ਆਪ ਨੂੰ ਬਰੀ ਕਰਦਾ ਰਹੇਗਾ।

**ਤਬਦੀਲੀ :**

ਆਪਾਂ ਇਕ ਵਾਰ ਫਿਰ ਉਹਨਾਂ ਸੁਆਲਾਂ 'ਤੇ ਹੀ ਪਹੁੰਚ ਗਏ, ਜੋ ਸੁਆਲ ਆਪਾਂ ਇਸ ਲੇਖ ਦਾ ਪਹਿਲਾ ਭਾਗ ਸਮਾਪਤ ਕਰਦੇ ਸਮੇਂ ਦੂਸਰੇ ਭਾਗ ਦੇ ਸ਼ੁਰੂ ਵਿਚ ਹੀ ਆਪਣੇ ਆਪ ਨੂੰ ਪੁੱਛੇ ਸਨ। ਇਹ ਭਾਂਵੇਂ ਪੰਜਾਬ ਦੀ ਨਿਆਂ ਵਿਵਸਥਾ ਹੋਵੇ , ਭਾਵੇਂ ਸਿਹਤ ਸੁਰੱਖਿਆ ਤੇ ਸਿੱਖਿਆ ਪ੍ਰਬੰਧ ਤੇ ਭਾਵੇਂ ਪੰਜਾਬ ਦੇ ਆਰਥਕ ਵਿਕਾਸ ਦਾ ਮਸਲਾ, ਅਸੀਂ ਪੰਜਾਬ ਦੇ ਕਿਸੇ ਵੀ ਮਸਲੇ ਦੀ ਗੱਲ ਕਰ ਲਈਏ, ਉਹੋ ਸੁਆਲ ਮੁੜ ਮੁੜ ਕੇ ਸਾਹਮਣੇ ਆਵੇਗਾ ਕਿ ਜੇ ਪੰਜਾਬ ਦਾ ਬਿਊਰੋਕਰੈਟਿਕ/ਪਾਵਰ ਸਟਰਕਚਰ ਪੰਜਾਬ ਦੇ ਲੋਕਾਂ ਦੀਆਂ ਲੋੜਾਂ ਉੱਪਰ ਪੂਰਾ ਉਤਰਨ ਦੀ ਥਾਂ, ਉਹਨਾਂ ਨੂੰ ਉਲਝਾ ਹੀ ਰਿਹਾ ਹੈ ਤਾਂ ਲੋਕ ਇਸ ਪ੍ਰਬੰਧ ਵਿਰੁੱਧ ਆਵਾਜ਼ ਕਿਉਂ ਨਹੀਂ ਉਠਾਉਂਦੇ? ਉਹ ਰਿਸ਼ਵਤਖੋਰ ਡਾਕਟਰਨੀ, ਜਿਸ ਦੀ ਅਣਗਹਿਲੀ/ਗੈਰਹਾਜ਼ਰੀ ਕਾਰਨ ਮਰੀਜ਼ਾਂ ਦੀ ਜਾਨ ਖ਼ਤਰੇ ਵਿਚ ਹੈ, ਦੇ ਵਿਰੁੱਧ ਆਵਾਜ਼ ਉਠਾਉਣ ਦੀ ਥਾਂ ਇਹ ਕਿਉਂ ਆਖਦੇ ਹਨ, ''ਮੱਥਾ ਡੰਮੋ ਭੈੜੀ ਡਾਕਟਰਨੀ ਦਾ। ਫੁੱਲ ਵਰਗੀ ਕੁੜੀ ਕੁਮਲਾਈ ਪਈ ਹੈ।'' ਅਸੀਂ ਹਾਰ ਗਏ ਹਾਂ।

ਆਪਾਂ ਜਾਣਦੇ ਹਾਂ ਕਿ ਸਨਅਤੀ ਪੈਦਾਵਾਰ ਦੇ ਵਿਕਾਸ ਲਈ ਸਿਹਤਮੰਦ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਲੇਬਰ ਫੋਰਸ ਲਈ ਵਧੀਆ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ। ਸਰਕਾਰੀ ਹਸਪਤਾਲਾਂ ਲਈ ਲੋੜੀਂਦੇ ਸਾਜ਼ੋ ਸਮਾਨ ਅਤੇ ਦੁਆਈਆਂ ਦਾ ਪ੍ਰਬੰਧ ਹੋਵੇ। ਸਰਕਾਰੀ ਡਾਕਟਰ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ। ਲੇਬਰ ਕਲੋਨੀਆਂ ਵਿਚ ਸਾਫ਼ ਪਾਣੀ, ਸਵੱਛ ਵਾਤਾਵਰਨ ਅਤੇ ਖੁੱਲ੍ਹੀ ਆਵੋ-ਹਵਾ ਦਾ ਪ੍ਰਬੰਧ ਹੋਵੇ। ਦੂਸਰੇ ਪਾਸੇ ਹਕੀਕਤ ਇਸਦੇ ਬਿਲਕੁਲ ਉਲਟ ਹੈ। ਲੇਬਰ ਕਲੋਨੀਆਂ ਗੰਦਗੀ ਨਾਲ ਭਰੀਆਂ ਪਈਆਂ ਹਨ। ਸਿਵਲ ਹਸਪਤਾਲਾਂ ਦਾ ਹਾਲ ਅਸੀਂ ਦੇਖ ਹੀ ਚੁੱਕੇ ਹਾਂ। ਮੈਡੀਕਲ ਪਰੋਫ਼ੈਸ਼ਨ ਭ੍ਰਿਸ਼ਟਾਚਾਰ ਵਿਚ ਪੂਰੀ ਤਰ੍ਹਾਂ ਡੁੱਬਾ ਹੋਇਆ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਨੂੰ ਸਿਹਤਮੰਦ ਲੇਬਰ ਫੋਰਸ ਦੀ ਲੋੜ ਨਹੀਂ ਹੈ। ਜੁਆਬ ਹੈ, ਬਿਲਕੁਲ ਨਹੀਂ। ਫੇਰ ਇਸੇ ਤਰ੍ਹਾਂ ਸਨਅਤੀ ਵਿਕਾਸ ਲਈ ਡਸਿਪਲਨਡ ਲੇਬਰ ਫੋਰਸ ਦੀ ਵੀ ਆਵੱਸ਼ਕਤਾ ਹੈ, ਪਰ ਆਪਾਂ ਨਿਆਂ ਪ੍ਰਣਾਲੀ ਦੇ ਅਧਿਐਨ ਸਮੇਂ ਦੇਖਿਆ ਕਿ ਪੰਜਾਬ ਦੀ ਆਧੁਨਿਕ ਨਿਆਂ ਪ੍ਰਣਾਲੀ ਜੁਰਮ ਘਟਾਉਂਦੀ ਨਹੀਂ, ਜੁਰਮ ਦੀ ਮੈਨੇਜਮੈਂਟ ਕਰਦੀ ਹੈ। ਲੇਬਰ ਕਲੋਨੀਆਂ ਛੋਟੇ ਮੋਟੇ ਜੁਰਮ ਅਤੇ ਨਸ਼ਿਆਂ ਦੇ ਅੱਡੇ ਬਣੇ ਹੋਏ ਹਨ। ਤਾਂ ਫੇਰ ਕੀ ਪੰਜਾਬ ਨੂੰ ਡਸਿਪਲਨਡ ਲੇਬਰ ਫੋਰਸ ਦੀ ਆਵੱਸ਼ਕਤਾ ਨਹੀਂ ਹੈ, ਇਸ ਦੂਸਰੇ ਸੁਆਲ ਦਾ ਵੀ ਉਹੋ ਹੀ ਜੁਆਬ ਹੈ: ਬਿਲਕੁਲ ਨਹੀਂ।

ਸਾਨੂੰ ਲੇਬਰ ਫੋਰਸ ਦੀ ਸਿਹਤ, ਸਿੱਖਿਆ ਜਾਂ ਡਸਿਪਲਨ ਵੱਲ ਇਸ ਲਈ ਧਿਆਨ ਦੇਣ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਕੋਲ ਏਨੀ ਵਾਧੂ ਲੇਬਰ ਫੋਰਸ ਹੈ ਕਿ ਜੇ ਇਕ ਮਜ਼ਦੂਰ ਬਿਮਾਰ ਹੈ, ਆਲਸੀ ਹੈ, ਨਸ਼ਈ ਹੈ ਜਾਂ ਮੁਜ਼ਰਮ ਹੈ ਤਾਂ ਦੂਸਰਾ ਮਿਲ ਜਾਵੇਗਾ। ਸਾਡੇ ਕੋਲ ਬੇਰੁਜ਼ਗਾਰਾਂ ਦੀ ਵਿਸ਼ਾਲ ਫ਼ੌਜ ਹੈ। ਜਿੰਨੇ ਮਰਜ਼ੀ ਬਿਮਾਰ ਪੈ ਜਾਣ, ਸਾਨੂੰ ਆਪਣੇ ਲਈ ਲੋੜੀਂਦੀ ਲੇਬਰ ਫ਼ੋਰਸ ਫਿਰ ਵੀ ਮਿਲ ਜਾਵੇਗੀ। ਆਪਣੇ ਸਨਅਤੀ ਅਦਾਰਿਆਂ ਲਈ ਸਿਹਤਮੰਦ ਲੇਬਰ ਫੋਰਸ ਦਾ ਪ੍ਰਬੰਧ ਕਰਨ ਲਈ ਜੋ ਕੰਮ ਅਸੀਂ ਸਿਹਤ ਸਹੂਲਤਾਂ ਦੇ ਪ੍ਰਬੰਧ ਉੱਪਰ ਕਰੋੜਾਂ ਰੁਪਏ ਖ਼ਰਚ ਕਰਕੇ ਕਰਨਾ ਹੈ, ਉਹ ਕੰਮ ਬੇਰੁਜ਼ਗਾਰੀ ਪੈਦਾ ਕਰਕੇ ਅਸੀਂ ਮੁਫ਼ਤ ਵਿਚ ਹੀ ਕਰੀ ਜਾ ਰਹੇ ਹਾਂ।

ਇਸੇ ਤਰ੍ਹਾਂ, ਜਿਵੇਂ ਕਿ ਆਪਾਂ ਪਰਵਾਸੀ ਮਜ਼ਦੂਰਾਂ ਦੀਆਂ ਕਲੋਨੀਆਂ ਦੇ ਅਧਿਐਨ ਸਮੇਂ ਦੇਖਿਆ, ਡਸਿਪਲਨ ਲੇਬਰ ਫ਼ੋਰਸ ਦਾ ਕੰਮ ਜ਼ੁਰਮ ਰਾਹੀਂ ਕੰਟਰੋਲ ਕੀਤੀ ਹੋਈ ਬੰਦੂਆਂ ਮਜ਼ਦੂਰਾਂ ਦੀ ਫੌਜ ਨਿਭਾਈ ਜਾ ਰਹੀ ਹੈ। ਉੱਚ ਪਾਏ ਦੀ ਤਕਨੀਕੀ ਅਤੇ ਪ੍ਰਬੰਧਕੀ ਸਿੱਖਿਆ ਦੀ ਸਾਨੂੰ ਇਸ ਲਈ ਲੋੜ ਨਹੀਂ ਕਿਉਂਕਿ ਪੰਜਾਬ ਦਾ ਬਿਊਰੋਕਰੈਟਿਕ ਢਾਂਚਾ ਏਥੇ ਉੱਚ ਤਕਨੀਕੀ ਉਦਯੋਗ ਸਥਾਪਤ ਹੀ ਨਹੀਂ ਹੋਣ ਦਿੰਦਾ। ਖੇਤੀਬਾੜੀ, ਮੱਧਮ-ਤਕਨੀਕੀ ਉਦਯੋਗਾਂ ਅਤੇ ਸੇਵਾ ਸੈਕਟਰ ਵਿਚੋਂ ਜੋ ਕੁਝ ਪੈਦਾ ਹੁੰਦਾ ਹੈ, ਉਹ ਸਰਕਾਰੀ ਅਫ਼ਸਰਸ਼ਾਹੀ, ਪ੍ਰਾਈਵੇਟ ਪਰੋਫ਼ੈਸ਼ਨਲ, ਪੂੰਜੀਪਤੀ ਅਤੇ ਧਨੀ ਕਿਸਾਨ ਰਲ ਮਿਲ ਕੇ ਖਾਈ ਜਾਂਦੇ ਹਨ ਤੇ ਜੋ ਬਾਕੀ ਬਚਦਾ ਹੈ ਉਹ ਸਿਆਸੀ ਨੇਤਾਵਾਂ ਨੂੰ ਚੋਣਾਂ ਲੜਨ ਲਈ ਦੇ ਦਿੰਦੇ ਹਨ। ਹੋਰ ਏਥੇ ਕਿਸੇ ਲਈ ਕੁਝ ਵੀ ਕਰਨਾ ਜ਼ਰੂਰੀ ਨਹੀਂ ਸਮਝਿਆ ਜਾਂਦਾ। ਇਹ ਆਪਾਂ ਦੇਖ ਹੀ ਚੁੱਕੇ ਹਾਂ। ਜੇਕਰ ਸਾਡਾ ਰਾਜਨੀਤਕ ਬਿਊਰੋਕਰੈਟਿਕ/ਪਾਵਰ ਸਟਰਕਚਰ ਹੀ ਅਜੇਹਾ ਹੈ ਤਾਂ ਫੇਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਕੀ ਉਲਾਂਭਾ ਦਿੱਤਾ ਜਾ ਸਕਦਾ ਹੈ? ਇਹ ਪੰਜਾਬ ਦੇ ਕਿਰਤੀ ਲੋਕਾਂ ਅਤੇ ਤਕਨੀਕੀ ਕਾਮਿਆਂ ਦੀ ਬਿਊਰੋਕਰੈਟਿਕ ਢਾਂਚੇ ਦੁਆਰਾ ਪੈਦਾ ਕੀਤੀ ਅਰਥਹੀਣਤਾ ਹੀ ਹੈ ਜੋ ਪੰਜਾਬੀ ਸਮਾਜ ਵਿਚ ਉਹਨਾਂ ਦੀ ਸਿਹਤ, ਸਿੱਖਿਆ, ਕਿਰਤ, ਤਕਨੀਕੀ ਯੋਗਤਾ, ਪ੍ਰਬੰਧਕੀ ਕੁਸ਼ਲਤਾ ਆਦਿ ਨੂੰ ਅਣਗੌਲਿਆ ਕਰਦੀ ਹੋਈ, ਉਹਨਾਂ ਨੂੰ ਸ਼ਕਤੀਹੀਣ ਬਣਾ ਦਿੰਦੀ ਹੈ, ਜਿਸਦੇ ਨਤੀਜੇ ਵਜੋਂ ਉਹ ਆਪਣੀ ਨਿਰਅਰਥਕਤਾ ਵਿਰੁੱਧ ਰੋਸ ਪ੍ਰਗਟ ਕਰਨ ਦੀ ਯੋਗਤਾ

ਵੀ ਗੁਆ ਲੈਂਦੇ ਹਨ।

ਪਿੰਡਾਂ ਵਿਚ ਸਰਕਾਰੀ ਸਕੂਲਾਂ ਅਤੇ ਸਰਕਾਰੀ ਹਸਪਤਾਲਾਂ ਦਾ ਹਾਲ ਕਿਸੇ ਤੋਂ ਵੀ ਭੁੱਲਿਆ ਹੋਇਆ ਨਹੀਂ। ਇਹ ਵੀ ਗੱਲ ਨਹੀਂ ਕਿ ਪਿੰਡਾਂ ਦੇ ਲੋਕਾਂ ਨੂੰ ਸਿਹਤ ਅਤੇ ਸਿੱਖਿਆ ਦੇ ਮਹੱਤਵ ਦਾ ਪਤਾ ਹੀ ਹੋਵੇ। ਨਿਰਸੰਦੇਹ ਉਹਨਾਂ ਨੂੰ ਆਪਣੇ ਪਰਿਵਾਰ ਦੀ ਸਿਹਤ ਅਤੇ ਬੱਚਿਆਂ ਦੀ ਪੜ੍ਹਾਈ ਦੀ ਚਿੰਤਾ ਰਹਿੰਦੀ ਹੈ। ਉਹ ਇਸ ਬਾਰੇ ਚਰਚਾ ਵੀ ਕਰਦੇ ਰਹਿੰਦੇ ਹਨ। ਪੇਂਡੂ ਸਿਹਤ ਅਤੇ ਸਿੱਖਿਆ ਸਹੂਲਤਾਂ ਬਾਰੇ ਅਖ਼ਬਾਰਾਂ ਵਿਚ ਗਾਹੇ ਵਗਾਹੇ ਖ਼ਬਰਾਂ ਅਤੇ ਲੇਖ ਵੀ ਛਪਦੇ ਰਹਿੰਦੇ ਹਨ। ਸੈਮੀਨਾਰ ਹੁੰਦੇ ਹਨ। ਸਿੱਖਿਆ ਸ਼ਾਸਤਰੀਆਂ, ਅਧਿਆਪਕ ਯੂਨੀਅਨਾਂ, ਅਫ਼ਸਰਾਂ, ਸਿਆਸਤਦਾਨਾਂ, ਵਿਦਵਾਨਾਂ ਆਦਿ ਸਭ ਵੱਲੋਂ ਚਿੰਤਾ ਵੀ ਜਤਾਈ ਜਾਂਦੀ ਹੈ, ਪਰ ਹੁੰਦਾ ਕੁੱਝ ਨਹੀਂ। ਨਾ ਕੋਈ ਲਹਿਰ ਬਣਦੀ ਹੈ, ਨਾ ਚੋਣਾਂ ਦਾ ਮੁੱਦਾ। ਸਰਕਾਰ ਦੇ ਕੰਨਾ ’ਤੇ ਜੂੰ ਨਹੀਂ ਸਰਕਦੀ। ਕਿਉਂ?

ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕਰਨ ਲਈ ਜਾਂ ਸਤਲੁਜ-ਯਮਨਾ ਲਿੰਕ ਨਹਿਰ ਦੇ ਮੁੱਦੇ ’ਤੇ ਹਜ਼ਾਰਾਂ ਲੋਕ ਜੇਲ੍ਹ ਜਾ ਚੁੱਕੇ ਹਨ। ਸਰਕਾਰਾਂ ਟੁੱਟ ਚੁੱਕੀਆਂ ਹਨ। ਕੀ ਲੋਕਾਂ ਦੀ ਸਿਹਤ ਅਤੇ ਸਿੱਖਿਆ ਦਾ ਮਸਲਾ ਚੰਡੀਗੜ੍ਹ ਦੇ ਮਸਲੇ ਤੋਂ ਘੱਟ ਮਹੱਤਵਪੂਰਨ ਹੈ? ਅਸੀਂ ਮਹੱਤਵ ਵੀ ਜਾਣਦੇ ਹਾਂ ਅਤੇ ਸਮੱਸਿਆ ਵੀ, ਪਰ ਅਸਰ ਕੋਈ ਨਹੀਂ। ਇਹ ਚੰਡੀਗੜ੍ਹ ਅਤੇ ਸਤਲੁਜ-ਜਮਨਾ ਲਿੰਕ ਨਹਿਰ ਵਾਂਗ ਪੰਜਾਬ ਦਾ ਮੁੱਦਾ ਨਹੀਂ ਬਣ ਰਿਹਾ। ਜਨਤਕ ਲਹਿਰ ਨਹੀਂ ਬਣ ਰਿਹਾ। ਚੋਣਾਂ ਦਾ ਮੁੱਦਾ ਨਹੀਂ ਬਣਦਾ। ਇਸ ਮੁੱਦੇ ਨਾਲ ਨਾ ਸਰਕਾਰਾਂ ਬਣਦੀਆਂ ਹਨ ਤੇ ਨਾ ਟੁੱਟਦੀਆਂ ਹਨ। ਬੇਰੁਜ਼ਗਾਰੀ ਦਾ ਮਸਲਾ ਕਿੰਨਾ ਵੱਡਾ ਮਸਲਾ ਹੈ, ਜਨ-ਸਿਹਤ ਸਹੂਲਤਾਂ ਦਾ ਮਸਲਾ ਕਿੰਨਾ ਵੱਡਾ ਮਸਲਾ ਹੈ, ਪੰਜਾਬ ਦੀ ਆਰਥਕ ਖੜ੍ਹੋਤ ਦਾ ਅਤੇ ਭ੍ਰਿਸ਼ਟ ਅਫ਼ਸਰਸ਼ਾਹੀ ਦੇ ਮਸਲੇ ਵੀ ਕਿੰਨੇ ਵੱਡੇ ਮਸਲੇ ਹਨ, ਇਹਨਾਂ ਵਿਰੁੱਧ ਜਨਤਕ ਲਹਿਰ ਕਿਉਂ ਨਹੀਂ ਬਣਦੀ? ਚੰਡੀਗੜ੍ਹ ਦੇ ਮੁੱਦੇ ਵਾਂਗ ਇਹ ਵੀ ਚੋਣਾਂ ਦੇ ਮੁੱਦੇ ਕਿਉਂ ਨਹੀਂ ਬਣਦੇ?

ਕਿਸ ਮੁੱਦੇ ਨੇ ਜਨਤਕ ਲਹਿਰ ਬਣ ਕੇ ਚੋਣਾਂ ਦਾ ਮਹੱਤਵਪੂਰਨ ਮੁੱਦਾ ਬਣਨਾ ਹੈ, ਇਹ ਗੱਲ ਵਿਰੋਧੀ ਪਾਰਟੀਆਂ ਉਪਰ ਨਿਰਭਰ ਕਰਦੀ ਹੈ। ਚੰਡੀਗੜ੍ਹ, ਪਾਣੀਆਂ ਅਤੇ ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਨੂੰ ਪੰਜਾਬ ਦੇ ਲੋਕਾਂ ਦਾ ਪ੍ਰਮੁੱਖ ਮੁੱਦਾ ਲੋਕਾਂ ਨੇ ਆਪ ਨਹੀਂ ਬਣਾਇਆ। ਨਾ ਹੀ ਸਮਾਜਕ ਜਥੇਬੰਦੀਆਂ, ਟਰੇਡ ਯੂਨੀਅਨਾਂ ਅਤੇ ਪਰੈੱਸ ਨੇ ਬਣਾਇਆ? ਇਸ ਨੂੰ ਪੰਜਾਬ ਦੇ ਲੋਕਾਂ ਦਾ ਪ੍ਰਮੁੱਖ ਮੁੱਦਾ ਬਣਾ ਕੇ ਇਸ ਉੱਪਰ ਚੋਣਾਂ ਲੜਨ ਦਾ ਕੰਮ ਸ਼੍ਰੋਮਣੀ ਅਕਾਲੀ ਦਲ, ਜੋ ਪੰਜਾਬ ਦੀ ਇਕ ਪ੍ਰਮੁੱਖ ਸਿਆਸੀ ਪਾਰਟੀ ਹੈ, ਨੇ ਸਿਆਸੀ ਤਾਕਤ ਪ੍ਰਾਪਤ ਕਰਨ ਦੇ ਉਦੇਸ਼ ਅਧੀਨ ਕੀਤਾ। ਸੋ ਪੰਜਾਬ ਦੇ ਬਿਊਰੋਕਰੈਟਿਕ ਢਾਂਚੇ ਨੂੰ ਜਮਹੂਰੀ ਢਾਂਚੇ ਵਿਚ ਤਬਦੀਲ ਕਰਨ ਦਾ ਮਸਲਾ ਓਨੀ ਦੇਰ ਤੱਕ ਜਨਤਕ ਲਹਿਰ ਜਾਂ ਚੋਣਾਂ ਦਾ ਮੁੱਦਾ ਨਹੀਂ ਬਣ ਸਕਦਾ, ਜਿੰਨੀ ਦੇਰ ਤੱਕ ਇਹ ਪੰਜਾਬ ਦੀ ਕਿਸੇ ਪ੍ਰਮੁੱਖ ਸਿਆਸੀ ਪਾਰਟੀ ਕਾਂਗਰਸ ਜਾਂ ਅਕਾਲੀ ਦਲ ਦਾ ਸਿਆਸੀ ਮੁੱਦਾ ਨਹੀਂ ਬਣਦਾ। ਸੱਤਾ ਪ੍ਰਾਪਤੀ ਦਾ ਅਖਾੜਾ ਨਹੀਂ ਬਣਦਾ।

ਸਿਆਸੀ ਪਾਰਟੀਆਂ ਲੋਕਾਂ ਦੇ ਸਮਰਥਨ ਨਾਲ ਹੀ ਰਾਜ ਸੱਤਾ ਤੱਕ ਪਹੁੰਚਦੀਆਂ ਹਨ। ਉਹ ਲੋਕਾਂ ਨੂੰ ਜੁਆਬਦੇਹ ਹੁੰਦੀਆਂ ਹਨ। ਰਾਜ ਸੱਤਾ ਉੱਪਰ ਬਿਰਾਜਮਾਨ ਸਿਆਸੀ ਪਾਰਟੀਆਂ, ਐਮ.ਐਲ.ਏ. ਜਾਂ ਐਮ.ਪੀ., ਜੋ ਲੋਕਾਂ ਦੀਆਂ ਆਸ਼ਾਵਾਂ ’ਤੇ ਪੂਰੇ ਨਹੀਂ ਉੱਤਰਦੇ, ਲੋਕ ਉਹਨਾਂ ਨੂੰ ਅਗਲੀਆਂ ਚੋਣਾਂ ਵਿਚ ਹਰਾ ਦਿੰਦੇ ਹਨ। ਇਸ ਤਰ੍ਹਾਂ ਲੋਕਾਂ ਦੇ ਮਸਲਿਆਂ ਦਾ ਸਮਾਧਾਨ ਕਰਨਾ ਉਹਨਾਂ ਦਾ ਫਰਜ਼ ਬਣ ਜਾਂਦਾ ਹੈ। ਚੋਣਾਂ ਦੌਰਾਨ ਜਿਹੜੀ ਸਿਆਸੀ ਪਾਰਟੀ ਲੋਕਾਂ ਨੂੰ ਇਹ ਯਕੀਨ ਦਵਾਉਣ ਵਿਚ ਕਾਮਯਾਬ ਹੋ ਜਾਂਦੀ ਹੈ ਕਿ ਉਹ ਉਹਨਾਂ ਦੇ ਮਸਲਿਆਂ ਦਾ ਸਮਾਧਾਨ ਕਰੇ ਗੀ, ਲੋਕ ਉਸੇ ਪਾਰਟੀ ਨੂੰ ਰਾਜ ਸੱਤਾ ਉੱਪਰ ਬਿਠਾ ਦਿੰਦੇ ਹਨ। ਪਰ ਲੋਕਾਂ ਦੇ ਮਸਲੇ ਕੀ ਹਨ, ਕਿਹੜੇ ਮਸਲੇ ਵਧੇਰੇ ਮਹੱਤਵਪੂਰਨ ਹੋਣ ਕਾਰਨ ਚੋਣਾਂ ਦਾ ਮੁੱਦਾ ਬਣ ਸਕਦੇ ਹਨ, ਇਹ ਹੀ ਤਾਂ ਸਿਆਸਤ ਹੈ, ਜੋ ਪਰੈਸ, ਸਮਾਜਕ ਜੱਥੇ ਬੰਦੀਆਂ, ਟਰੇਡ ਯੂਨੀਅਨਾਂ, ਵਿਦਵਾਨਾਂ ਆਦਿ ਦੇ ਹੱਥ ਵਿਚ ਨਹੀਂ, ਸਿਆਸੀ ਪਾਰਟੀਆਂ ਦੇ ਹੱਥ ਵਿਚ ਹੀ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਇਹ ਸਿਆਸੀ ਪਾਰਟੀਆਂ ਇਸ ਕੰਮ ਵਾਸਤੇ ਪਰੈਸ, ਸਮਾਜਕ ਜੱਥੇਬੰਦੀਆਂ, ਯੂਨੀਅਨਾਂ, ਵਿਦਵਾਨਾਂ ਆਦਿ ਨੂੰ ਆਪਣੀਆਂ ਲੋੜਾਂ ਅਨੁਸਾਰ ਵੱਧ ਘੱਟ ਵਰਤਦੀਆਂ ਹਨ। ਜਨਤਕ ਅੰਦੋਲਨਾਂ ਨੂੰ ਡਿਜ਼ਾਇਨ ਕਰਦੀਆਂ ਹਨ।

ਲੋਕਾਂ ਕੋਲ ਕੋਈ ਬਹੁਤੀ ਚੋਣ ਵੀ ਨਹੀਂ ਹੁੰਦੀ। ਉਹਨਾਂ ਨੇ ਗਿਣੀਆਂ ਚੁਣੀਆਂ ਸਥਾਪਤ ਸਿਆਸੀ ਪਾਰਟੀਆਂ ਵਿਚੋਂ ਹੀ ਕਿਸੇ ਇਕ ਪਾਰਟੀ ਨੂੰ ਚੁਣ ਕੇ ਰਾਜ ਸੱਤਾ ਉੱਪਰ ਬਿਠਾਉਣਾ ਹੁੰਦਾ ਹੈ। ਇਹਨਾਂ ਸਿਆਸੀ ਪਾਰਟੀਆਂ ਨੇ ਫੇ ਰ ਕਿਉਂਕਿ ਚੋਣਾਂ ਲੜਨ ਲਈ ਲੋੜੀਂਦੀਆਂ ਵੱਡੀਆਂ ਰਕਮਾਂ ਪੂੰਜੀਪਤੀਆਂ, ਅਫ਼ਸਰਾਂ, ਠੇਕੇਦਾਰਾਂ, ਵਿਉਪਾਰਕ ਸੰਸਥਾਵਾਂ, ਆੜ੍ਹਤੀਆਂ ਆਦਿ ਤੋਂ ਹੀ ਇਕੱਤਰ ਕਰਨੀਆਂ ਹੁੰਦੀਆਂ ਹਨ, ਇਸ ਲਈ ਇਹ ਪਾਰਟੀਆਂ ਕੋਈ ਅਜੇਹੇ ਮੁੱਦੇ ਸਾਹਮਣੇ ਹੀ ਨਹੀਂ ਆਉਣ ਦਿੰਦੀਆਂ ਜਿਹੜੇ ਮੁੱਦੇ ਇਹਨਾਂ ਚੋਣਾਂ ਲਈ ਵੱਡੇ ਫ਼ੰਡ ਦੇਣ ਵਾਲੇ ਲੋਕਾਂ ਨੂੰ ਸੂਟ ਨਹੀਂ ਕਰਦੇ। ਪੰਜਾਬ ਵਿਚ ਇਹ ਫ਼ੰਡ ਆਮ ਤੌਰ ’ਤੇ ਪੁਲਿਸ ਅਫ਼ਸਰਾਂ, ਪੀ.ਸੀ.ਐਸ/ਆਈ.ਏ.ਐਸ. ਅਫ਼ਸਰਾਂ ਆਦਿ ਰਾਹੀਂ ਉਹਨਾਂ ਦੀਆਂ ਨਿਯੁਕਤੀਆਂ ਉੱਪਰ ਕੰਟਰੋਲ ਕਰਕੇ ਇਕੱਠੇ ਕੀਤੇ ਜਾਂਦੇ ਹਨ। ਤੇ ਇਹ ਅਫ਼ਸਰ ਅਗਾਂਹ ਅਮੀਰ ਲੋਕਾਂ, ਵਿਉਪਾਰੀਆਂ, ਕਾਰਖਾਨੇਦਾਰਾਂ, ਆਦਿ ਉੱਪਰ ਕੰਟਰੋਲ ਰਾਹੀਂ ਪੈਸਾ ਇਕੱਠਾ ਕਰਦੇ ਹਨ। ਇਸ ਤਰ੍ਹਾਂ ਪੰਜਾਬ ਵਿਚ ਚੋਣ ਫ਼ੰਡ ਇਕੱਠਾ ਕਰਨ ਲਈ ਸਿਆਸੀ ਪਾਰਟੀਆਂ ਨੇ ਕਾਰਖਾਨੇਦਾਰਾਂ, ਵਿਉਪਾਰੀਆਂ ਆਦਿ ਉੱਪਰ ਸਿੱਧਾ ਨਿਰਭਰ ਕਰਨ ਦੀ ਥਾਂ ਜਿਹੜਾ ਅਫ਼ਸਰਸ਼ਾਹੀ ਨੂੰ ਵਿੱਚ ਪਾ ਲਿਆ ਹੈ, ਉਸ ਨੇ ਇੱਕ ਪਾਸੇ ਜਿੱਥੇ ਸਿਆਸੀ ਪਾਰਟੀਆਂ ਨੂੰ ਆਪਣੇ ਉੱਪਰ ਨਿਰਭਰ ਬਣਾ ਲਿਆ ਹੈ, ਉਥੇ ਦੂਸਰੇ ਪਾਸੇ ਪੰਜਾਬ ਦੀ ਪੂੰਜੀਪਤੀ ਜਮਾਤ ਉੱਪਰ ਆਪਣਾ ਕੰਟਰੋਲ ਵੀ ਸਥਾਪਤ ਕਰ ਲਿਆ ਹੈ।

ਅਫ਼ਸਰਸ਼ਾਹੀ ਵੱਲੋਂ ਸਿਆਸੀ ਪਾਰਟੀਆਂ ਦੀ ਆਪਣੇ ਉੱਪਰ ਨਿਰਭਰਤਾ

ਅਤੇ ਪੂੰਜੀਪਤੀ ਜਮਾਤ ਉੱਪਰ ਕੰਟਰੋਲ ਬਣਾਈ ਰੱਖਣ ਦੀ ਵਿਧਾ ਦਾ ਨਾਮ ਹੀ ਬਿਊਰੋਕਰੇਟਾਈਜ਼ੇਸ਼ਨ ਹੈ। ਕਈ ਵਾਰ ਤਾਂ ਇੰਝ ਵੀ ਪਰਤੀਤ ਹੋਣ ਲੱਗ ਪੈਂਦਾ ਹੈ ਜਿਵੇਂ ਕਿ ਪੰਜਾਬ ਵਿੱਚ ਸਰਕਾਰ ਦਾ ਕੰਮ ਕੇਵਲ ਅਫ਼ਸਰਾਂ ਦੀਆਂ ਬਦਲੀਆਂ ਕਰਨਾ ਹੀ ਰਹਿ ਗਿਆ ਹੋਵੇ।

ਵਜ਼ੀਰ ਮੰਡਲੀ ਅਫ਼ਸਰਾਂ ਦੀਆਂ ਨਿਯੁਕਤੀਆਂ ਕਰਦੀ ਹੈ ਤੇ ਅਫ਼ਸਰ ਪੂੰਜੀਪਤੀਆਂ, ਕਾਰਖਾਨੇਦਾਰਾਂ, ਵਿਉਪਾਰੀਆਂ, ਠੇਕੇਦਾਰਾਂ ਆਦਿ 'ਤੇ ਕੰਟਰੋਲ ਰਾਹੀਂ ਉਹਨਾਂ ਤੋਂ ਆਪਣੇ ਸਿਆਸੀ ਮਾਲਕਾਂ ਦੇ ਚੋਣ ਖ਼ਰਚਿਆਂ ਲਈ ਫ਼ੰਡ ਇਕੱਤਰ ਕਰਦੇ ਹਨ। ਜੇਕਰ ਕੋਈ ਸਿਆਸੀ ਆਦਮੀ ਕਿਸੇ ਪੂੰਜੀਪਤੀ ਤੋਂ ਪੈਸੇ ਸਿੱਧੇ ਲੈਂਦਾ ਹੈ ਤਾਂ ਉਹ ਅਜੇਹਾ ਕਰਨ ਵਾਸਤੇ ਅਫ਼ਸਰਸ਼ਾਹੀ ਦੇ ਕੰਟਰੋਲ ਦਾ ਹੀ ਆਸਰਾ ਲੈਂਦਾ ਹੈ। ਉਦਾਹਰਣ ਦੇ ਤੌਰ 'ਤੇ ਇਸ ਨਾਵਲ ਵਿਚ ਹਾਕਮ ਪਾਰਟੀ ਦਾ ਐਮ.ਐਲ.ਏ. ਬਘੇਲ ਸਿੰਘ ਪੰਕਜ ਹੁਰਾਂ ਤੋਂ ਇਕ ਕਰੋੜ ਰੁਪਿਆ ਲੈਣ ਲਈ ਪਹਿਲਾਂ ਤਾਂ ਉਹਨਾਂ ਨੂੰ ਅਫ਼ਸਰਸ਼ਾਹੀ ਰਾਹੀਂ ਫਸਾਉਂਦਾ ਹੈ ਅਤੇ ਫੇਰ ਜਦੋਂ ਉਹ ਪੈਸਾ ਦੇਣ ਲਈ ਤਿਆਰ ਹੋ ਜਾਂਦੇ ਹਨ ਤਾਂ ਉਸੇ ਅਫ਼ਸਰਸ਼ਾਹੀ ਰਾਹੀਂ ਉਹਨਾਂ ਨੂੰ ਬਰੀ ਕਰਵਾ ਦਿੰਦਾ ਹੈ। ਵੈਸੇ ਇਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਭਾਵੇਂ ਉਹ ਹਾਕਮ ਜਮਾਤ ਦੇ ਮੰਤਰੀ ਵੀ ਕਿਉਂ ਨਾ ਹੋਣ। ਉਹਨਾਂ ਨੂੰ ਹਰ ਛੋਟੇ ਮੋਟੇ ਕੰਮ ਲਈ ਅਫ਼ਸਰਸ਼ਾਹੀ ਉੱਪਰ ਹੀ ਨਿਰਭਰ ਕਰਨਾ ਪੈਂਦਾ ਹੈ।

ਕਿਉਂਕਿ ਅਫ਼ਸਰਸ਼ਾਹੀ ਦੀਆਂ ਨਿਯੁਕਤੀਆਂ ਕੇਵਲ ਮੁੱਖ ਮੰਤਰੀ ਦੇ ਹੱਥ ਵਿਚ ਹਨ, ਇਸ ਲਈ ਉਹ ਜਿਸ ਐਮ.ਐਲ.ਏ. ਜਾਂ ਮੰਤਰੀ ਬਾਰੇ ਕਹੇ, ਇਹ ਅਫ਼ਸਰ ਕੇਵਲ ਉਸ ਦਾ ਹੀ ਕੰਮ ਕਰਦੇ ਹਨ, ਦੂਸਰਿਆਂ ਦਾ ਤਾਂ ਟੈਲੀਫ਼ੋਨ ਵੀ ਨਹੀਂ ਸੁਣਦੇ। ਜੇਕਰ ਐਮ.ਐਲ. ਦੇ ਕੰਮ ਨਹੀਂ ਹੋਣਗੇ ਤਾਂ ਉਹ ਆਰਥਕ ਅਤੇ ਸਿਆਸੀ, ਦੋਨਾਂ ਪੱਖਾਂ ਤੋਂ ਕਮਜ਼ੋਰ ਪੈ ਜਾਵੇਗਾ। ਮੁੱਖ ਮੰਤਰੀ, ਮੰਤਰੀ ਮੰਡਲ ਨੂੰ ਸ਼ਕਤੀਹੀਣ ਬਣਾ ਕੇ ਸਾਰੀਆਂ ਪ੍ਰਬੰਧਕੀ ਸ਼ਕਤੀਆਂ ਅਫ਼ਸਰਸ਼ਾਹੀ ਨੂੰ ਦੇ ਦਿੰਦਾ ਹੈ, ਤੇ ਅਫ਼ਸਰਸ਼ਾਹੀ ਉਸੇ ਐਮ.ਐਲ. ਏ. ਮੰਤਰੀ ਦੇ ਕੰਮ ਕਰਦੀ ਹੈ, ਜਿਸ ਵਾਸਤੇ ਮੁੱਖ ਮੰਤਰੀ ਵੱਲੋਂ ਹਰੀ ਝੰਡੀ ਮਿਲੀ ਹੋਵੇ। ਇਸ ਤਰ੍ਹਾਂ ਮੁੱਖ ਮੰਤਰੀ ਸੂਬੇ ਦੀ ਅਫ਼ਸਰਸ਼ਾਹੀ ਰਾਹੀਂ ਕੇਵਲ ਪੂੰਜੀਪਤੀਆਂ ਨੂੰ ਹੀ ਕੰਟਰੋਲ ਨਹੀਂ ਕਰਦਾ, ਸਗੋਂ ਸਿਆਸੀ ਆਗੂਆਂ ਨੂੰ ਵੀ ਕੰਟਰੋਲ ਕਰਦਾ ਹੈ। ਜ਼ਿਲ੍ਹਾ ਪੱਧਰ ਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਅਰਥਹੀਣ ਅਤੇ ਸ਼ਕਤੀਹੀਣ ਬਣਾ ਕੇ ਡਿਪਟੀ ਕਮਿਸ਼ਨਰ ਨੂੰ ਸਾਰੀਆਂ ਸ਼ਕਤੀਆਂ ਦੇਈ ਰੱਖਣ ਪਿੱਛੇ ਵੀ ਇਹੋ ਹੀ ਸਿਆਸਤ ਕੰਮ ਕਰਦੀ ਹੈ। ਸੋ ਉਹ ਮਸਲੇ ਜੋ ਅਫ਼ਸਰਸ਼ਾਹੀ ਅਤੇ ਇਲੈਕਸ਼ਨ ਫ਼ੰਡ ਦੇਣ ਵਾਲੇ ਵਰਗਾਂ ਨੂੰ ਸੂਟ ਨਹੀਂ ਕਰਦੇ, ਉਹ ਹਾਕਮ ਜਾਂ ਵਿਰੋਧੀ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਚੋਣ ਦੇ ਮੁੱਦੇ ਨਹੀਂ ਬਣਾਏ ਜਾਂਦੇ। ਜਿੱਥੋਂ ਤੱਕ ਆਮ ਲੋਕਾਂ ਦਾ ਸੁਆਲ ਹੈ, ਜਾਂ ਉਹਨਾਂ ਲੋਕਾਂ ਦਾ ਸੁਆਲ ਹੈ ਜੋ ਇਹਨਾਂ ਮਸਲਿਆਂ ਰਾਹੀਂ ਪ੍ਰਭਾਵਤ ਹੁੰਦੇ ਹਨ, ਉਹਨਾਂ ਵਿਚ ਏਨੀ ਸ਼ਕਤੀ ਹੀ ਨਹੀਂ ਹੁੰਦੀ ਕਿ ਉਹ ਇਹਨਾਂ ਮਸਲਿਆਂ ਉੱਪਰ ਜਨਤਕ ਲਹਿਰ ਖੜ੍ਹੀ ਕਰ ਸਕਣ। ਜੇਕਰ ਅਜੇਹੀ ਕੋਈ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਉਸ ਕੋਸ਼ਿਸ਼ ਨੂੰ ਮੁਜਰਮਾਨਾ ਸਰਗਰਮੀ ਵਿਚ ਰੂਪਾਂਤ੍ਰਿਤ ਕਰਕੇ ਦਬਾ ਦਿੱਤਾ ਜਾਂਦਾ ਹੈ। ਇਸ ਨਾਵਲ ਕੌਰਵ ਸਭਾ ਵਿਚ ਮਿੱਤਰ ਸੈਨ ਮੀਤ ਪਰੈੱਸ, ਵਿਕਟਮ ਵੈਲਫ਼ੇਅਰ ਸੋਸਾਇਟੀ ਵਰਗੀਆਂ ਸੰਸਥਾਵਾਂ, ਵਿਦਿਆਰਥੀ ਹੜਤਾਲ ਵਰਗੇ ਅੰਦੋਲਨਾਂ ਅਤੇ ਊਧਮ ਸਿੰਘ ਵਰਗੇ ਬਾਜ਼ਮੀਰ ਵਿਅਕਤੀਆਂ ਰਾਹੀਂ ਅਜੋਕੇ ਸਿਸਟਮ ਨੂੰ ਸੁਧਾਰਨ ਦੀਆਂ

## ਸਮਾਜਕ ਤਬਦੀਲੀ ਦੀ ਰਾਜਨੀਤੀ

**ਸਿਆਸੀ ਪਾਰਟੀਆਂ :**

ਮਿੱਤਰ ਸੈਨ ਮੀਤ ਦੇ ਨਾਵਲ 'ਕੌਰਵ ਸਭਾ' ਬਾਰੇ ਇਸ ਪਰਚੇ ਦੇ ਪਹਿਲੇ ਭਾਗਾਂ ਵਿਚ ਅਸੀਂ ਉਸ ਪਾਵਰ ਸਟਰਕਚਰ ਦੇ ਉਤਪਾਦਨ ਅਤੇ ਪੁਨਰ ਉਤਪਾਦਨ ਪਿੱਛੇ ਕੰਮ ਕਰ ਰਹੀ ਸਿਆਸਤ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਪਾਵਰ ਸਟਰਕਚਰ ਨੂੰ ਨਾਵਲਕਾਰ ਨੇ ਇਸ ਨਾਵਲ ਰਾਹੀਂ ਪ੍ਰਸਤੁਤ ਕੀਤਾ ਹੈ। ਹੁਣ ਪਰਚੇ ਦੇ ਇਸ ਭਾਗ ਵਿਚ ਆਪਾਂ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਇਹ ਨਾਵਲ ਇਸ ਅਜੋਕੇ ਪਾਵਰ ਸਟਰਕਚਰ ਨੂੰ ਤਬਦੀਲ ਕਰਨ ਲਈ ਪਾਠਕਾਂ ਦੇ ਮਨ ਵਿਚ ਕਿਹੋ ਜਿਹੀਆਂ ਸੰਭਾਵਨਾਵਾਂ ਜਗਾਉਂਦਾ ਹੈ।

ਪੰਕਜ ਅਤੇ ਨੀਰਜ ਹਾਈਕੋਰਟ ਵਿਚੋਂ ਆਪਣੀ ਪੇਸ਼ਗੀ ਜ਼ਮਾਨਤ ਕਰਵਾਉਣ ਲਈ ਪੰਜ ਲੱਖ ਰੁਪਿਆ ਜੱਜਾਂ ਨੂੰ, ਇਕ ਲੱਖ ਰੁਪਿਆ ਹਾਈਕੋਰਟ ਦੇ ਵਕੀਲ ਨੂੰ, ਪੰਜ ਲੱਖ ਰੁਪਿਆ ਪੁਲਿਸ ਕਪਤਾਨ ਨੂੰ ਅਤੇ ਦੋ ਲੱਖ ਰੁਪਿਆ ਆਈ.ਜੀ. ਨੂੰ ਰਿਸ਼ਵਤ ਦਿੰਦੇ ਹਨ। ਸਭ ਕੁਝ ਤਹਿ ਹੋ ਜਾਂਦਾ ਹੈ। ਪੇਸ਼ਗੀ ਜ਼ਮਾਨਤ ਲਈ ਜੱਜਾਂ ਨਾਲ ਸੌਦਾ ਕਰਵਾਉਣ ਵਾਲੇ ਹਾਈਕੋਰਟ ਦੇ ਰਜਿਸਟਰਾਰ ਪ੍ਰਤਾਪ ਸਿੰਘ ਨੂੰ ਜਦੋਂ ਪੰਕਜ ਪੁੱਛਦਾ ਹੈ ਕਿ ਪੈਸੇ ਦੀ ਤਾਂ ਕੋਈ ਗੱਲ ਨਹੀਂ, ਪਰ ਉਹਨਾਂ ਦਾ ਕੰਮ ਤਾਂ ਹੋ ਜਾਏਗਾ ਨਾ ਤਾਂ ਪਰਤਾਪ ਸਿੰਘ ਜੁਆਬ ਦਿੰਦਾ ਹੈ: ''ਇਹ ਕਿਹੜਾ ਕੰਮਾਂ ਵਿਚੋਂ ਕੰਮ ਹੈ। ਮੈਂ ਉਹ ਕੰਮ ਕਰਵਾ ਦਿੱਤੇ ਜਿਨ੍ਹਾਂ ਬਾਰੇ ਕਦੇ ਕੋਈ ਸੋਚ ਨਹੀਂ ਸਕਦਾ। ਤੁਹਾਡੇ ਸ਼ਹਿਰ ਫਿਰੋਜ਼ਪੁਰ ਰੋਡ 'ਤੇ ਮਿਲਟਰੀ ਦੀ ਛਾਉਣੀ ਨੇੜੇ ਸਿਵਲ ਅਫ਼ਸਰਾਂ ਨੇ ਪੈਸੇ ਲੈ ਕੇ ਦਸ ਬਾਰਾਂ ਮੈਰਿਜ ਪੈਲਿਸ ਬਣਵਾ ਦਿੱਤੇ। ਉਸ ਛਾਉਣੀ ਵਿਚ ਫੌਜ ਦੇ ਗੋਲੇ ਸਿੱਕੇ ਦਾ ਅਰਬਾਂ ਰੁਪਏ ਦਾ ਭੰਡਾਰ ਹੈ। ਇਕ ਤੀਲੀ ਲੱਗ ਜਾਵੇ ਤਾਂ ਸਾਰਾ ਮਾਇਆ ਨਗਰ ਇਕ ਮਿੰਟ ਵਿਚ ਸੁਆਹ ਹੋ ਜਾਵੇਗਾ। ਪੈਲਸ ਅਸਲਾ ਭੰਡਾਰ ਦੇ ਇਕ ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਸਨ। ਰਾਜਸਥਾਨ ਦੇ ਇਕ ਇਹੋ ਜਿਹੇ ਭੰਡਾਰ ਨੂੰ ਅੱਗ ਲੱਗਣ ਬਾਅਦ ਮਾਇਆ ਨਗਰ ਦੇ ਡਿਪੂ ਦਾ ਮਾਮਲਾ ਤੂਲ ਫੜ੍ਹ ਗਿਆ। ਰਿਸ਼ਵਤ ਲੈਣ ਵਾਲੇ ਸਿਵਲ ਅਫ਼ਸਰ ਵੀ ਭੱਜ ਗਏ। ਦੇਸ਼ ਦੀ ਸੁਰੱਖਿਆ ਦਾ ਸਵਾਲ ਸੀ। ਪੈਲਿਸ ਢਹਿਣ ਹੀ ਲੱਗੇ ਸਨ ਕਿ ਕਿਸੇ ਨੇ ਮੇਰੀ ਦੱਸ ਪਾ ਦਿੱਤੀ। ਮੈਂ ਗੰਢ ਤੁੱਪ ਕੀਤੀ। ਜੱਜਾਂ ਤੋਂ ਮੈਰਿਜ ਪੈਲਿਸ ਢਾਹੁਣ ਉੱਪਰ ਪਾਬੰਦੀ ਲਗਵਾ ਦਿੱਤੀ। ਬੰਦੀ ਲੈ ਕੇ ਮਾਲਕਾਂ ਦੇ ਹੱਥ ਫੜਾਈ। ਦੋ ਤਿੰਨ ਸਾਲ ਹੋਰ ਸੁਣਵਾਈ ਨਹੀਂ ਹੋਣ ਦਿੰਦਾ। ਮੈਂ ਮਿਲਟਰੀ ਬੰਨ੍ਹ ਦਿੱਤੀ। ਸਰਕਾਰ ਬੰਨ੍ਹ ਦਿੱਤੀ। ਤੁਹਾਡਾ ਕੰਮ ਵੀ ਕੋਈ ਕੰਮਾਂ ਵਿਚੋਂ ਕੰਮ ਹੈ?''

ਪਰਤਾਪ ਸਿੰਘ ਫਿਰ ਅੱਗੇ ਆਖਦਾ ਹੈ: ''ਤੂੰ ਪਹਿਲਾਂ ਜ਼ਮਾਨਤ ਕਰਵਾ ਲੈ। ਫੇਰ ਮੈਂ ਇਕ ਆਈ.ਜੀ. ਤੋਂ ਪੜਤਾਲ ਕਰਵਾ ਕੇ ਤੁਹਾਨੂੰ ਕੇਸ ਵਿਚੋਂ ਹੀ ਕਢਵਾ ਦੇ ਵਾਂਗਾ।'' ਪੰਕਜ ਦੇ ਇਹ ਪੁੱਛਣ 'ਤੇ ਕਿ ਕੀ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਤਾਂ ਪਰਤਾਪ ਸਿੰਘ ਜੁਆਬ ਦਿੰਦਾ ਹੈ: 'ਸਭ ਹੋ ਜਾਂਦਾ ਹੈ। ਪੈਸੇ ਵਿਚ ਬੜੀ ਤਾਕਤ ਹੈ। ਕਾਨੂੰਨ ਇਸਦਾ ਗੁਲਾਮ ਹੈ। ਦੇਖ ਅੱਗੇ ਅੱਗੇ ਹੋਤਾ ਹੈ ਕਿਆ?''

ਜੇਕਰ ਕਾਨੂੰਨ ਕੇਵਲ ਪੈਸੇ ਦਾ ਹੀ ਗੁਲਾਮ ਹੁੰਦਾ ਤਾਂ ਇਹ ਜ਼ਮਾਨਤ ਹੋ ਜਾਣੀ ਚਾਹੀਦੀ ਸੀ। ਪੁਲਿਸ, ਸਰਕਾਰੀ ਵਕੀਲ, ਜੱਜ ਸਭ ਵਿਕ ਚੁੱਕੇ ਸਨ। ਜਿਹਨਾਂ ਨੇ ਜ਼ਮਾਨਤ ਕਰਨੀ ਸੀ, ਉਹ ਵਿਕ ਚੁੱਕੇ ਸਨ। ਪਰ ਜ਼ਮਾਨਤ ਫਿਰ ਵੀ ਨਹੀਂ ਹੋਈ। ਸਗੋਂ ਇਸ ਦੇ ਉਲਟ ਉਹਨਾਂ ਨੂੰ ਪੰਜ ਛੇ ਭਈਆਂ ਅਤੇ ਦੋ ਤਿੰਨ ਚੋਰਾਂ ਸਮੇਤ ਇਕ ਬਹੁਤ ਹੀ ਗੰਦੀ ਹਵਾਲਾਤ ਵਿਚ ਬੰਦ ਕਰ ਦਿੱਤਾ ਗਿਆ ਜਿਸ ਬਾਰੇ ਨਾਵਲਕਾਰ ਲਿਖਦਾ ਹੈ: ''ਉਸ ਹਵਾਲਾਤ ਵਿਚ ਭਈਏ ਵਾਰ ਵਾਰ ਜਰਦਾ ਲਾ ਰਹੇ ਸਨ ਅਤੇ ਹਵਾਲਾਤ ਦੇ ਅੰਦਰ ਹੀ ਥੁੱਕ ਰਹੇ ਸਨ। ਓਕ ਨਾਲ ਪੀਣ ਕਾਰਨ ਘੜ੍ਹੇ ਦਾ ਪਾਣੀ ਥਾਂ ਥਾਂ ਡੁੱਲਿਆ ਪਿਆ ਸੀ ਜਿਸ ਉੱਪਰ ਬੈਠੀਆਂ ਮੱਖੀਆਂ ਨੇ ਮਾਹੌਲ ਹੋਰ ਵੀ ਘਿਨਾਉਣਾ ਬਣਾ ਦਿੱਤਾ ਸੀ।'' ਇਸਦਾ ਮਤਲਬ ਪਰਤਾਪ ਸਿੰਘ ਦੀ ਇਹ ਗੱਲ ਠੀਕ ਨਹੀਂ ਸੀ। ਕਾਨੂੰਨ ਪੈਸੇ ਦਾ ਗੁਲਾਮ ਨਹੀਂ। ਸਟੇਟ ਦਾ ਗੁਲਾਮ ਹੈ। ਇਸੇ ਲਈ ਇਸਨੂੰ ਅਲਥੂਸਰ ਨੇ ਰੀਪਰੈਸਿਵ ਸਟੇਟ ਅਪਰੇਟਿਸ ਦਾ ਨਾਮ ਦਿੱਤਾ ਹੈ। ਇਹ ਵੱਖਰੀ ਗੱਲ ਹੈ ਕਿ ਸਟੇਟ ਭਾਵੇਂ ਖ਼ੁਦ ਸਰਮਾਏ ਦੀ ਹੀ ਗੁਲਾਮੀ ਕਰਦੀ ਹੈ। ਸਰਮਾਏਦਾਰੀ ਰਿਸ਼ਤਿਆਂ ਦੀ ਰਖਵਾਲੀ ਕਰਕੇ। ਭਾਰਤੀ ਸਟੇਟ ਕਿਸੇ ਟਾਟੇ ਬਿਰਲੇ ਜਾਂ ਅੰਬਾਨੀ ਦੀ ਗੁਲਾਮ ਨਹੀਂ। ਹਾਂ, ਟਾਟੇ ਬਿਰਲੇ ਜਾਂ ਅੰਬਾਨੀ ਪੈਦਾ ਕਰਨ ਵਾਲੇ ਪੈਦਾਵਾਰੀ ਰਿਸ਼ਤਿਆਂ ਦੀ ਰੱਖਿਅਕ ਜ਼ਰੂਰ ਹੈ। ਹੋ ਸਕਦਾ ਹੈ ਕਿ ਇਹਨਾਂ ਸਰਮਾਏਦਾਰੀ ਪਾਵਰ ਰੀਲੇਸ਼ਨਜ਼ ਦਾ ਨਾਮ ਹੀ ਸਟੇਟ ਹੋਵੇ।

ਪੰਕਜ ਹੁਰੀਂ ਵੀ ਇਹੋ ਹੀ ਗਲਤੀ ਕਰ ਗਏ। ਉਹਨਾਂ ਨੇ ਵੀ ਪਰਤਾਪ ਸਿੰਘ ਦੀਆਂ ਗੱਲਾਂ ਵਿਚ ਆ ਕੇ ਕਾਨੂੰਨ ਨੂੰ ਸਟੇਟ ਦਾ ਨਹੀਂ, ਪੈਸੇ ਦਾ ਗੁਲਾਮ ਸਮਝ ਲਿਆ: ''ਕਿਸ ਤਰ੍ਹਾਂ ਨਹੀਂ ਹੋਏਗੀ ਜ਼ਮਾਨਤ? ਪੈਸੇ ਦਿੱਤੇ ਹਨ। ਜੱਜ ਆਪਣੇ ਨਾਲ, ਸਰਕਾਰੀ ਵੀਕਲ ਆਪਣੇ ਨਾਲ, ਪੁਲਿਸ ਆਪਣੀ ਮੁੱਠੀ ਵਿਚ। ਜ਼ਮਾਨਤ ਨੂੰ ਰੋਕੂ ਕੌਣ?''

ਸਟੇਟ ਕੀ ਹੈ? ਸਰਮਾਏਦਾਰੀ ਸਟੇਟ ਕੀ ਹੈ? ਸਰਮਾਏਦਾਰੀ ਸਟੇਟ ਸਰਮਾਏ ਦਾਰਾਂ ਦੇ ਗੁਲਾਮਾਂ ਦੀ ਫ਼ੌਜ ਦਾ ਨਾਮ ਨਹੀਂ। ਸਰਮਾਏਦਾਰੀ ਰਿਸ਼ਤਿਆਂ ਅਤੇ ਸਰਮਾਏਦਾਰੀ ਵਿਚਾਰਧਾਰਾ ਦੇ ਪੁਨਰ-ਉਤਪਾਦਨ ਕਰਨ ਵਾਲੀ ਬਿਊਰੋਕਰੇਸੀ ਦਾ ਨਾਮ ਹੈ, ਜਿਸਦਾ ਮੁਖੀ, ਇਸ ਨਾਵਲ ਦੇ ਸੰਦਰਭ ਵਿਚ ਰਾਜ ਦਾ ਮੁੱਖ ਮੰਤਰੀ ਹੈ। ਇਸੇ ਲਈ ਜਦੋਂ ਪੰਕਜ ਹੋਰੀ ਬਘੇਲ ਸਿੰਘ ਨਾਲ ਹੋਏ ਇਕ ਕਰੋੜ ਰੁਪਏ ਦੇ ਸੌਦੇ ਤੋਂ ਭੱਜਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਮੁੱਖ ਮੰਤਰੀ ਦੇ ਇੱਕੋ ਇਸ਼ਾਰੇ 'ਤੇ ਸਾਰੀ ਖੇਡ ਹੀ ਪਲਟ ਜਾਂਦੀ ਹੈ ਤੇ ਉਹੋ ਪੁਲਿਸ ਮੁਖੀ ਜੋ ਪੰਕਜ ਹੋਰਾਂ ਤੋਂ ਪੰਜ ਲੱਖ ਰੁਪਿਆ ਰਿਸ਼ਵਤ ਲੈ ਚੁੱਕਾ ਹੈ ਨੇ ਪੁਲਿਸ ਪਾਰਟੀ ਨੂੰ ਇਹ ਹਿਦਾਇਤ ਦਿੱਤੀ: ''ਦਰਖ਼ਾਸਤ ਖਾਰਜ ਹੋਣ ਬਾਅਦ ਮੁਲਜ਼ਮ ਚਾਹੇ ਕਿਸੇ ਅਫ਼ਸਰ ਦੇ ਘਰੇ ਛੁਪੇ ਹੋਣ, ਚਾਹੇ ਕਿਸੇ ਸਿਆਸੀ ਨੇਤਾ ਦੇ, ਬਿਨਾ ਕਿਸੇ ਦੀ ਪਰਵਾਹ ਕੀਤੇ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਗ੍ਰਿਫ਼ਤਾਰੀ ਸਮੇਂ ਹੱਥੋ ਪਾਈ ਜਾਂ ਖਿੱਚ ਧੂਹ ਕਰਨੀ ਪਵੇ ਤਾਂ ਕੀਤੀ ਜਾ ਸਕਦੀ ਸੀ।'' ਇਸ ਸਾਰੀ ਸਥਿਤੀ ਨੂੰ ਨਾਵਲਕਾਰ ਇਹ ਆਖ ਕੇ ਬਿਆਨ ਕਰਦਾ ਹੈ ਕਿ ''ਵਿਉਪਾਰਕ ਚਾਲਾਂ ਸਿਆਸੀ ਚਾਲਾਂ ਅੱਗੇ ਮਾਤ ਖਾ ਗਈਆਂ।'' ਇਹ ਬਿਗੜੀ ਹੋਈ ਕਹਾਣੀ ਓਨੀ ਦੇਰ ਤੱਕ ਸਿੱਧੀ ਨਹੀਂ ਹੁੰਦੀ ਜਿੰਨੀ ਦੇਰ ਤੱਕ ਪੰਕਜ ਹੋਰਾਂ ਦੇ ਰਿਸ਼ਤੇਦਾਰ ਜੋ ਖ਼ੁਦ ਵੱਡੇ ਅਫ਼ਸਰ ਹਨ, ਪੁਲਿਸ ਕਪਤਾਨ ਨੂੰ ਵਿਚ ਪਾ ਕੇ ਬਘੇਲ ਸਿੰਘ ਨਾਲ ਸਮਝੌਤਾ ਕਰਕੇ ਉਸਨੂੰ ਚਾਲੀ ਲੱਖ ਦੀ ਪਹਿਲੀ ਕਿਸ਼ਤ ਨਹੀਂ ਦੇ ਆਉਂਦੇ। ਪੰਕਜ ਹੁਰਾਂ ਦਾ ਪੈਸਾ ਸਰਕਾਰੀ ਮਸ਼ੀਨਰੀ 'ਤੇ ਉਦੋਂ ਹੀ ਅਸਰ ਕਰਨਾ ਸ਼ੁਰੂ ਕਰਦਾ ਹੈ ਜਦੋਂ ਮੁੱਖ ਮੰਤਰੀ ਦੀ ਨਿਗ੍ਹਾ ਸਿੱਧੀ ਹੁੰਦੀ ਹੈ। ਇਸ ਗੱਲ ਨੂੰ ਆਪਣੇ ਲੇਖ 'ਕੌਰਵ ਸਭਾ ਵਿਚ ਰਾਜਨੀਤੀ' ਅੰਦਰ ਸੁਰਜੀਤ ਗਿੱਲ ਨੇ ਬਹੁਤ ਸਪੱਸ਼ਟ ਤਰੀਕੇ ਨਾਲ ਬਿਆਨ ਕੀਤਾ ਹੈ: ''ਜਦੋਂ ਮੁੱਖ ਮੰਤਰੀ ਅਤੇ ਬਘੇਲ ਸਿੰਘ ਮੁਲਜ਼ਮਾਂ ਲਈ ਪੈਸੇ ਦੀ ਕਰਾਮਾਤ ਦਿਖਾਉਣ ਵਾਸਤੇ ਰਾਹ ਖਾਲੀ ਕਰਦੇ ਹਨ, ਤਦ ਹੀ ਮੁਲਜ਼ਮ ਮਜ਼ਲੂਮ ਧਿਰ ਨੂੰ ਦਰੜ ਕੇ ਜਿੱਤ ਵੱਲ ਵਧਦੇ ਹਨ।''

ਮੁੱਖ ਮੰਤਰੀ ਮੁਲਜ਼ਮਾਂ ਲਈ ਪੈਸੇ ਦੀ ਕਰਾਮਾਤ ਦਿਖਾਉਣ ਵਾਸਤੇ ਰਾਹ ਖਾਲੀ ਕਿਉਂ ਕਰਦਾ ਹੈ? ਤਾਂ ਜੋ ਮੁਲਜ਼ਮ ਧਿਰ ਕਾਨੂੰਨ ਨੂੰ ਦਰੜ ਕੇ ਜਿੱਤ ਵੱਲ ਵਧ ਸਕੇ। ਪਰ ਮੁੱਖ ਮੰਤਰੀ ਜੋ ਕਾਨੂੰਨ ਨੂੰ ਲਾਗੂ ਕਰਵਾਉਣ ਵਾਲੀ ਸਟੇਟ ਮਸ਼ੀਨਰੀ ਦਾ ਮੁਖੀ ਹੈ, ਨੂੰ ਅਜੇਹਾ ਕਿਉਂ ਕਰਨਾ ਪੈਂਦਾ ਹੈ? ਜੁਆਬ ਹੈ ਚੋਣਾਂ ਲੜਨ ਲਈ ਅਤੇ ਬਘੇਲ ਸਿੰਘ ਵਰਗੇ ਬੰਦਿਆਂ ਨੂੰ ਆਪਣੇ ਕਾਬੂ ਵਿਚ ਰੱਖਣ ਲਈ ਫ਼ੰਡ ਇਕੱਠਾ ਕਰਨ ਵਾਸਤੇ।

ਜਦੋਂ ਮੁੱਖ ਮੰਤਰੀ ਦੀ ਸਹਾਇਤਾ ਨਾਲ ਬਘੇਲ ਸਿੰਘ ਪੰਕਜ ਹੁਰਾਂ ਨੂੰ ਸਟੇਟ ਦੇ ਡੰਡੇ ਨਾਲ ਚਾਲੀ ਲੱਖ ਦੀ ਪਹਿਲੀ ਕਿਸ਼ਤ ਦੇਣ ਵਾਸਤੇ ਮਜਬੂਰ ਕਰ ਦਿੰਦਾ ਹੈ ਅਤੇ ਬਘੇਲ ਸਿੰਘ ਉਹ ਕਿਸ਼ਤ ਲੈ ਕੇ ਮੁੱਖ ਮੰਤਰੀ ਕੋਲ ਜਾਂਦਾ ਹੈ ਅਤੇ ਮੁੱਖ ਮੰਤਰੀ ਉਹ ਕਿਸ਼ਤ ਉਸ ਨੂੰ ਮੋੜ ਕੇ ਆਖਦਾ ਹੈ, ''ਉਹ ਆਪਣੇ ਜਥੇਦਾਰ ਦਾ ਖਹਿੜਾ ਛੱਡ। ਉਸ ਪਿੱਛੇ ਲੱਗ ਕੇ ਤੈਨੂੰ ਕੁਝ ਨਹੀਂ ਮਿਲਣਾ। ਇਧਰ ਰਹੇਗਾ ਤਾਂ ਅਜੇਹੇ ਗੱਫੇ ਹਰ ਰੋਜ਼ ਮਿਲਣਗੇ।'' ਪਾਵਰ ਵਿਚ ਰਹਿਣ ਵਾਸਤੇ ਪੈਸੇ ਉੱਪਰ ਨਿਰਭਰਤਾ ਬਹੁਤ ਵਧ ਗਈ ਹੈ।

ਏਥੇ ਤਿੰਨ ਗੱਲਾਂ ਉਭਰ ਕੇ ਸਾਹਮਣੇ ਆ ਰਹੀਆਂ ਹਨ: ਨੰਬਰ ਇਕ ਮੁੱਖ ਮੰਤਰੀ ਚਾਹੁੰਦਾ ਹੈ ਕਿ ਪਾਰਟੀ ਉੱਪਰ ਉਸਦਾ ਸੰਪੂਰਨ ਕੰਟਰੋਲ ਹੋਵੇ, ਇਸ ਲਈ ਉਹ ਜਥੇਦਾਰ ਦੇ ਖ਼ਾਸ ਆਦਮੀ ਬਘੇਲ ਸਿੰਘ ਨੂੰ ਉਸ ਨਾਲੋਂ ਤੋੜ ਕੇ, ਜਥੇਦਾਰ ਦੀ ਪਾਰਟੀ ਵਿਚ ਸ਼ਾਖ ਨੂੰ ਪੂਰੀ ਤਰ੍ਹਾਂ ਨਾਲ ਨਸ਼ਟ ਕਰਨਾ ਚਾਹੁੰਦਾ ਹੈ: ''ਮੁੱਖ ਮੰਤਰੀ ਦੀ ਇਸ ਜੱਫੀ ਨੇ ਬਘੇਲ ਸਿੰਘ ਨੂੰ ਪੂਰੀ ਤਰ੍ਹਾਂ ਜਕੜ ਲਿਆ। ਹੁਣ ਉਹ ਕਿਧਰੇ ਹੋਰ ਜਾਣ ਜੋਗਾ ਨਹੀਂ ਸੀ।'' ਮੁੱਖ ਮੰਤਰੀ ਜਾਣਦਾ ਸੀ ਕਿ ਇਕ ਸਫ਼ਲ ਮੁੱਖ ਮੰਤਰੀ ਬਣਨ ਵਾਸਤੇ ਪਾਰਟੀ ਉੱਪਰ ਸੰਪੂਰਨ ਕੰਟਰੋਲ ਬਹੁਤ ਆਵੱਸ਼ਕ ਹੈ। ਐਮ.ਐਲ.ਏ. ਅਤੇ

ਹੋਰ ਅਹੁਦੇਦਾਰ ਕੇਵਲ ਪੈਸੇ ਅਤੇ ਪਦਵੀਆਂ ਨਾਲ ਹੀ ਖਰੀਦੇ ਜਾ ਸਕਦੇ ਹਨ। ਜਿਹੜੇ ਐਮ.ਐਲ.ਏ. ਜਾਂ ਦੂਸਰੇ ਅਹੁਦੇਦਾਰ ਮੁੱਖ ਮੰਤਰੀ ਦੀ ਥਾਂ ਪਾਰਟੀ ਵਿਚ ਸ਼ਕਤੀ ਦਾ ਕੋਈ ਹੋਰ ਕੇਂਦਰ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਿਵੇਂ ਕਿ ਏਥੇ ਮੁੱਖ ਮੰਤਰੀ ਦੇ ਮੁਕਾਬਲੇ ਜਥੇਦਾਰ ਨੂੰ ਮੁੱਖ ਮੰਤਰੀ ਦੇ ਬਰਾਬਰ ਦਾ ਨੇਤਾ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਅਜੇਹੇ ਬੰਦਿਆਂ ਨੂੰ ਬਿਲਕੁਲ ਜ਼ੀਰੋ ਕਰ ਦਿੱਤਾ ਜਾਂਦਾ ਹੈ। ਇਸ ਲਈ ਬਘੇਲ ਸਿੰਘ ਨੂੰ ਖਰੀਦਣ ਤੋਂ ਪਹਿਲਾਂ ਇਹ ਝਟਕਾ ਵੀ ਦਿੱਤਾ ਜਾਂਦਾ ਹੈ: ''ਮੁੱਖ ਮੰਤਰੀ ਦੇ ਇਸ਼ਾਰੇ 'ਤੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਪਤਾਨ ਨੇ ਤਾਂ ਮੂੰਹ ਦੂਜੇ ਪਾਸੇ ਕਰਨਾ ਹੀ ਸੀ, ਤਹਿਸੀਲਦਾਰ ਤੱਕ ਸਲਾਮ ਕਰਨੋਂ ਹਟ ਗਏ। ਮਾਇਆ ਨਗਰ ਦੇ ਲੋਕ ਦੂਰ ਅੰਦੇਸ਼ ਹਨ। ਝੱਟ ਮੌਕਾ ਤਾੜ ਗਏ। ਬਘੇਲ ਸਿੰਘ ਦੀ ਕੋਠੀ ਕਾਂ ਪੈਣ ਲੱਗੇ। ਮਹੀਨੇ ਵਿਚ ਮਸਾਂ ਪੰਜ ਸੱਤ ਦਰਖ਼ਾਸਤਾਂ ਸਿਫ਼ਾਰਸ਼ ਲਈ ਆਉਂਦੀਆਂ ਸਨ। ਬੇਸ਼ਰਮੀ ਧਾਰ ਕੇ ਉਹ ਤੁਰਿਆ ਫਿਰਦਾ ਸੀ। ਪਰ ਹੱਜ ਕੋਈ ਨਹੀਂ ਸੀ।''

ਜਿਵੇਂ ਕਿ ਆਪਾਂ ਨਾਵਲ ਦੇ ਇਸ ਐਪੀਸੋਡ ਵਿਚ ਦੇਖਿਆ, ਇਹ ਸਭ ਕੁਝ ਭਾਵ ਕਿ ਪੈਸੇ ਇਕੱਠੇ ਕਰਨ ਜਾਂ ਕਿਸੇ ਐਮ.ਐਲ.ਏ. ਨੂੰ ਖੂੰਜੇ ਲਾਉਣ ਦਾ ਕੰਮ ਤਦ ਹੀ ਸੰਭਵ ਹੈ ਜੇਕਰ ਸਾਰੀ ਅਫ਼ਸਰਸ਼ਾਹੀ ਮੁੱਖ ਮੰਤਰੀ ਦੇ ਸਿੱਧੇ ਕੰਟਰੋਲ ਵਿਚ ਹੋਵੇ। ਭਾਵ ਕਿ ਰਾਜ ਵਿਚ ਸਾਰੀਆਂ ਸ਼ਕਤੀਆਂ ਮੁੱਖ ਮੰਤਰੀ ਦੇ ਹੱਥ ਵਿਚ ਕੇਂਦਰਿਤ ਹੋਣ। ਸੋ ਮੁੱਖ ਮੰਤਰੀ ਲਈ ਦੂਸਰੀ ਲੋੜ ਹੈ, ਰਾਜ ਦੀਆਂ ਸਾਰੀਆਂ ਆਰਥਕ, ਰਾਜਨੀਤਕ ਅਤੇ ਪ੍ਰਬੰਧਕੀ ਸ਼ਕਤੀਆਂ ਦੇ ਕੇਂਦਰੀਕਰਣ ਰਾਹੀਂ ਉਹਨਾਂ ਸਭਨਾ ਦਾ ਆਪਣੇ ਹੱਥਾਂ ਵਿਚ ਕੰਟਰੋਲ ਰੱਖਣਾ।

ਜੇਕਰ ਜ਼ਿਲ੍ਹੇ ਦੇ ਆਰਥਕ/ਰਾਜਨੀਤਕ ਫ਼ੈਸਲੇ ਲੈਣ ਦੀ ਸ਼ਕਤੀ ਡਿਪਟੀ ਕਮਿਸ਼ਨਰ/ਪੁਲਿਸ ਕਪਤਾਨ ਦੀ ਥਾਂ ਜ਼ਿਲ੍ਹਾ ਪਰੀਸ਼ਦ ਵਰਗੀ ਕਿਸੇ ਸੰਸਥਾ ਦੇ ਚੁਣੇ ਹੋਏ ਨੁਮਾਇੰਦਿਆਂ ਕੋਲ ਹੋਵੇ, ਤਾਂ ਉਹ ਨੁਮਾਇੰਦੇ ਮੁੱਖ ਮੰਤਰੀ ਦੀ ਥਾਂ, ਉਹਨਾਂ ਲੋਕਾਂ ਪ੍ਰਤੀ ਵਧੇਰੇ ਜੁਆਬਦੇਹ ਹੋਣਗੇ ਜਿਹਨਾਂ ਨੇ ਉਹਨਾਂ ਨੂੰ ਚੁਣ ਕੇ ਭੇਜਿਆ ਹੈ, ਇਸ ਲਈ ਸਾਰੀਆਂ ਸ਼ਕਤੀਆਂ ਨੂੰ ਆਪਣੇ ਕੰਟਰੋਲ ਵਿਚ ਰੱਖਣ ਲਈ ਮੁੱਖ ਮੰਤਰੀ ਵਾਸਤੇ ਜ਼ਿਲ੍ਹਾ ਪਰੀਸ਼ਦ ਵਰਗੀਆਂ ਜਮਹੂਰੀ ਸੰਸਥਾਵਾਂ ਨੂੰ ਸ਼ਕਤੀਹੀਣ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਰਾਜ ਦੇ ਸਾਰੇ ਕੰਮ ਕਾਜ ਨੂੰ ਬਿਊਰੋਕਰੇਟਾਈਜ਼ ਕਰਨ ਦੀ ਆਵੱਸ਼ਕਤਾ ਉਸਦੀ ਪਹਿਲੀ ਲੋੜ ਬਣ ਜਾਂਦੀ ਹੈ।

ਮੁੱਖ ਮੰਤਰੀ ਦੀ ਤੀਸਰੀ ਲੋੜ ਸੀ ਪਾਰਟੀ ਫ਼ੰਡ ਉੱਪਰ ਕੰਟਰੋਲ ਤਾਂ ਜੋ ਚੋਣਾਂ ਸਮੇਂ ਕਿਸੇ ਹੋਰ ਉੱਪਰ ਨਿਰਭਰ ਨਾ ਕਰਨਾ ਪਵੇ। ਇਸ ਲੋੜ ਅਧੀਨ ਮੁੱਖ ਮੰਤਰੀ ਅਫ਼ਸਰਾਂ ਤੋਂ ਮਹੀਨਾ ਲੈਂਦਾ ਹੈ। ਇਸੇ ਲੋੜ ਨੂੰ ਸਾਹਮਣੇ ਰੱਖ ਕੇ ਅਫ਼ਸਰਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ। ਸੋ ਇਸ ਤਰ੍ਹਾਂ ਆਪਣੀਆਂ ਇਹ ਤਿੰਨ ਪ੍ਰਮੁੱਖ ਲੋੜਾਂ ਪੂਰੀਆਂ ਕਰਨ ਲਈ ਰਾਜ ਦੀਆਂ ਜਮਹੂਰੀ ਸੰਸਥਾਵਾਂ/ਪ੍ਰੰਪਰਾਵਾਂ ਨੂੰ ਖੋਰਾ ਲਾ ਕੇ ਇਸ ਨੂੰ ਬਿਊਰੋਕਰੈਟਿਕ ਬਣਾਈ ਰੱਖਣਾ ਉਸ ਲਈ ਜ਼ਰੂਰੀ ਹੋ ਜਾਂਦਾ ਹੈ।

ਫੇਰ ਪਰਾਈਵੇਟ ਸਨਅਤ/ਵਿਉਪਾਰ ਉਪਰ ਸਰਕਾਰੀ ਕੰਟਰੋਲ ਅਤੇ ਲਾਈਸੈਂਸ-ਕੋਟਾ-ਪਰਮਿਟ ਰਾਜ ਆਦਿ ਰਾਹੀਂ ਸਰਕਾਰ ਨੇ ਜਿਹੜੀਆਂ ਬੇਪਨਾਹ ਸ਼ਕਤੀਆਂ ਆਪਣੇ ਕੰਟਰੋਲ ਵਿਚ ਲੈ ਲਈਆਂ ਹਨ ਅਤੇ ਬਾਬੂਸ਼ਾਹੀ ਰਾਹੀਂ ਕੰਮ ਨੂੰ ਲਟਕਾਉਣ ਦਾ ਜੋ ਜੁਗਾੜ ਖੜ੍ਹਾ ਕਰ ਲਿਆ ਹੈ, ਉਸਨੇ ਮੁੱਖ ਮੰਤਰੀ ਲਈ ਆਪਣੀ ਬਿਊਰੋਕਰੇਸੀ ਰਾਹੀਂ ਪਾਰਟੀ ਫ਼ੰਡ ਇਕੱਠਾ ਕਰਨ ਦੀਆਂ ਅਨੇਕਾਂ ਨਵੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ। ਮੁੱਖ ਮੰਤਰੀ ਨੂੰ ਵੱਧ ਤੋਂ ਵੱਧ ਫ਼ੰਡ ਇਸ ਲਈ ਇਕੱਠਾ ਕਰਨ ਦੀ ਲੋੜ ਪੈਂਦੀ ਹੈ ਕਿਉਂਕਿ ਇਕ ਤਾਂ ਚੋਣ ਲੜਨਾ ਆਪਣੇ ਆਪ ਵਿਚ ਹੀ ਬਹੁਤ ਮਹਿੰਗਾ ਕੰਮ ਹੋ ਗਿਆ ਹੈ। ਪੈਸੇ ਲੈ ਕੇ ਵੋਟਾਂ ਪਾਉਣ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ। ਫੇਰ ਦੂਸਰੇ ਨੰਬਰ 'ਤੇ ਪਾਰਟੀ ਵਰਕਰ ਵੀ ਹੁਣ ਮੁਫ਼ਤ ਵਿਚ ਕੰਮ ਕਰਨਾ ਪਸੰਦ ਨਹੀਂ ਕਰਦੇ। ਉਹ ਵੀ ਲੁੱਟ ਵਿਚੋਂ ਹਿੱਸਾ ਭਾਲਣ ਲੱਗ ਪਏ ਹਨ। ਨੰਬਰ ਤਿੰਨ ਲੀਡਰਾਂ ਦੇ ਆਪਣੇ ਖ਼ਰਚੇ ਵੀ ਬਹੁਤ ਵਧ ਗਏ ਹਨ। ਫੇਰ ਅਸਲੀ ਗੱਲ ਕਿ ਜਿਹਨਾਂ ਚੈਨਲਾਂ ਰਾਹੀਂ ਇਹ ਪੈਸੇ ਇਕੱਠੇ ਹੁੰਦੇ ਹਨ, ਉਹ ਚੈਨਲਾਂ ਰੇਤ ਦੀਆਂ ਬਣੀਆਂ ਹੁੰਦੀਆਂ ਹਨ ਅਤੇ ਹੁੰਦੀਆਂ ਵੀ ਲੰਮੀਆਂ ਹਨ, ਇਸ ਲਈ ਲੁੱਟੇ ਗਏ ਪੈਸੇ ਦਾ ਅੱਧੋਂ ਵੱਧ ਹਿੱਸਾ ਇਹਨਾਂ ਚੈਨਲਾਂ ਵਿਚ ਹੀ ਜਜ਼ਬ ਹੋ ਜਾਂਦਾ ਹੈ।

ਜਦੋਂ ਮੁੱਖ ਮੰਤਰੀ ਦੇ ਬੰਦਿਆਂ ਤੋਂ ਇਕ ਕਰੋੜ ਦੀ ਮੰਗ ਆਉਂਦੀ ਹੈ ਤਾਂ ਪੰਕਜ ਹੋਰੀ ਸੋਚਦੇ ਹਨ: ''ਚੋਣਾਂ ਹੋਣ ਵਾਲੀਆਂ ਹਨ। ਸਰਕਾਰ ਬਦਲ ਜਾਣੀ ਹੈ। ਨਵੇਂ ਮੁੱਖ ਮੰਤਰੀ ਨੇ ਕਹਿਣਾ ਹੈ ਕਿ ਹੁਣ ਮੇਰੇ ਦਰਬਾਰ ਵਿਚ ਪੇਸ਼ ਹੋਵੋ। ਖ਼ਤਰਾ ਸਹੇ ਨਾਲੋਂ ਵੱਧ ਪਹੇ ਦਾ ਹੈ।'' ਸੋ ਚੋਣ ਫ਼ੰਡ ਇਕੱਠਾ ਕਰਨਾ ਕਿਸੇ ਇਕ ਵਿਸ਼ੇਸ਼ ਪਾਰਟੀ ਦੀ ਲੋੜ ਨਹੀਂ। ਸਭਨਾਂ ਸਿਆਸੀ ਪਾਰਟੀਆਂ ਨੂੰ ਚੋਣ ਫ਼ੰਡ ਦੀ ਲੋੜ ਪੈਂਦੀ ਹੈ। ਫੇਰ ਅਫ਼ਸਰਸ਼ਾਹੀ ਨੂੰ ਵੀ ਇਸ ਪੈਸੇ ਦੀ ਲੱਤ ਲੱਗ ਗਈ ਹੈ। ਉਹਨਾਂ ਨੇ ਵੀ ਆਪਣੀਆਂ ਲੋੜਾਂ ਵਧਾ ਲਈਆਂ ਹਨ। ਕੇਵਲ ਪੈਸੇ ਵਾਲੀਆਂ ਸਥਾਪਤ ਸਿਆਸੀ ਪਾਰਟੀਆਂ ਹੀ ਚੋਣਾਂ ਲੜ ਸਕਦੀਆਂ ਹਨ। ਉਹ ਇਸ ਮੌਜੂਦਾ ਸਿਸਟਮ ਉਪਰ ਪੂਰੀ ਤਰ੍ਹਾਂ ਨਿਰਭਰ ਹੋ ਚੁੱਕੀਆਂ ਹਨ। ਇਸਨੂੰ ਤਬਦੀਲ ਕਰਨ ਦੀ ਉਹਨਾਂ ਵਿਚ ਸਿਆਸੀ ਸਮਰੱਥਾ ਹੀ ਨਹੀਂ ਹੈ।

ਸੋ ਇਹ ਆਸ ਰੱਖਣੀ ਕਿ ਪੰਜਾਬ ਦੀਆਂ ਮੌਜੂਦਾ ਸਿਆਸੀ ਪਾਰਟੀਆਂ ਇਸ ਬਿਊਰੋਕਰੈਟਿਕ ਪਾਵਰ ਸਟਰਕਚਰ ਨੂੰ ਡੈਮੋਕਰੈਟਿਕ ਸਟਰਕਚਰ ਵਿਚ ਤਬਦੀਲ ਕਰ ਸਕਦੀਆਂ ਹਨ, ਠੀਕ ਨਹੀਂ ਹੈ।

ਗੱਲ ਡੈਮੋਕਰੈਟਿਕ ਸਟੇਟ ਦੀ ਸਥਾਪਨਾ ਦੀ ਹੀ ਨਹੀਂ, ਅਜੇਹੀ ਸਥਾਪਨਾ ਦੇ ਲੋਕਾਂ ਦੀਆਂ ਲੋੜਾਂ ਅਤੇ ਭਾਵਨਾਵਾਂ ਅਨੁਸਾਰ ਸਿਆਸੀਕਰਨ ਦੀ ਹੈ। ਉਸ ਨੂੰ ਰੈਡੀਕਲਾਈਜ਼ ਕਰਨ ਦੀ ਹੈ। ਉਸ ਅੰਦਰ ਇਕ ਨਿਰੰਤਰ ਗਤੀਸ਼ੀਲਤਾ ਬਣਾਈ ਰੱਖਣ ਦੀ ਹੈ। ਲੋਕਾਂ ਨੂੰ ਸਮਾਜਵਾਦ ਵਰਗਾ ਕੋਈ ਸੁਪਨਾ ਦਿਖਾਉਣ ਦੀ ਲੋੜ ਨਹੀਂ। ਉਸ ਸੁਪਨੇ ਦੀ ਪ੍ਰਾਪਤੀ ਵੱਲ ਤੁਰਨ ਦੀ ਲੋੜ ਹੈ। ਇਹ ਕੰਮ ਕਿਸੇ ਵੀ ਵਰਤਮਾਨ ਸਿਆਸੀ ਪਾਰਟੀ ਦੇ ਏਜੰਡੇ ਉੱਪਰ ਨਹੀਂ ਹੈ। ਕੀ ਖੱਬੇ ਪੱਖੀ ਸਿਆਸੀ ਪਾਰਟੀਆਂ ਦੇ ਏਜੰਡੇ ਉੱਪਰ ਵੀ ਨਹੀਂ? ਮਿੱਤਰ ਸੈਨ ਮੀਤ ਦਾ ਇਹ ਨਾਵਲ ਕੌਰਵ ਸਭਾ ਇਸ ਬਾਰੇ ਚੁੱਪ ਹੈ।

ਇਸ ਨਾਵਲ ਵਿਚ ਮੌਜੂਦਾ ਵਿਰੋਧੀ ਪਾਰਟੀ ਦਾ ਤਾਂ ਜ਼ਿਕਰ ਹੈ ਜਿਸਦਾ

ਵਿਧਾਇਕ ਹੁਕਮਰਾਨ ਪਾਰਟੀ ਦੇ ਵਿਧਾਇਕ ਬਘੇਲ ਸਿੰਘ ਦੇ ਕਹਿਣ ਤੇ ਪ੍ਰੈਸ ਕਾਨਫ਼ਰੰਸ ਕਰਦਾ ਹੈ: ''ਬਘੇਲ ਸਿੰਘ ਸਿਆਸੀ ਆਗੂ ਸੀ। ਉਹ ਪੰਕਜ ਦੇ ਇਰਾਦੇ ਭਾਂਪ ਗਿਆ। ਆਪਣੀ ਅੜੀ ਪੁਗਾਉਣ ਲਈ ਹਾਈਕੋਰਟ ਕੋਲੋਂ ਪੇਸ਼ਗੀ ਜ਼ਮਾਨਤ ਦੀ ਦਰਖ਼ਾਸਤ ਰੱਦ ਕਰਵਾਉਣੀ ਜ਼ਰੂਰੀ ਸੀ। ਅੰਦਰ ਖਾਤੇ ਬਘੇਲ ਸਿੰਘ ਦਰਖ਼ਾਸਤ ਰੱਦ ਕਰਵਾਉਣ ਦੇ ਇੰਤਜ਼ਾਮ ਕਰਨ ਲੱਗਾ। ਸਭ ਤੋਂ ਪਹਿਲਾਂ ਉਸਨੇ ਵਿਰੋਧੀ ਧਿਰ ਦੇ ਵਿਧਾਇਕ ਨਾਲ ਗੱਲ ਕੀਤੀ।'' ਇਸ ਤੋਂ ਪਹਿਲਾਂ ਇਹ ਵਿਰੋਧੀ ਪਾਰਟੀ ਇਸ ਬਲਾਤਕਾਰ ਅਤੇ ਕਤਲ ਕਾਂਡ ਨੂੰ ਲੈ ਕੇ ਵਿਗੜ ਰਹੀ ਕਾਨੂੰਨੀ ਵਿਵਸਥਾ ਉੱਪਰ ਰੌਲਾ ਪਾਉਂਦੀ ਵੀ ਦਿਖਾਈ ਗਈ ਹੈ। ਇਸ ਤੋਂ ਵੱਧ ਹੋਰ ਕੁਝ ਨਹੀਂ।

ਵਿਰੋਧੀ ਧਿਰ ਦਾ ਸੀਮਤ ਰੋਲ ਤਾਂ ਇਸ ਨਾਵਲ ਵਿਚ ਦਰਸਾਇਆ ਗਿਆ ਹੈ, ਪਰ ਖੱਬੇ ਪੱਖੀ ਪਾਰਟੀਆਂ ਜਾਂ ਉਹਨਾਂ ਦੀਆਂ ਜੱਥੇਬੰਦੀਆਂ ਇਸ ਨਾਵਲ ਵਿਚੋਂ ਪੂਰੀ ਤਰ੍ਹਾਂ ਗੈਰ ਹਾਜ਼ਰ ਹਨ। ਉਹਨਾਂ ਦੀ ਇਹ ਗੈਰਹਾਜ਼ਰੀ ਪਾਠਕਾਂ ਦੇ ਮਨਾਂ ਵਿਚ ਅਨੇਕਾਂ ਸੁਆਲ ਪੈਦਾ ਕਰਦੀ ਹੈ। ਵਿਦਿਆਰਥੀ ਜੱਥੇਬੰਦੀ ਸਮੇਤ ਜਿਹੜੀਆਂ ਹੋਰ ਦੂਸਰੀਆਂ ਸੰਸਥਾਵਾਂ ਧਰਨੇ ਉੱਪਰ ਬੈਠਦੀਆਂ ਹਨ, ਉਹਨਾਂ ਦਾ ਨਾਵਲਕਾਰ ਨੇ ਜੋ ਬਿਆਨ ਕੀਤਾ ਹੈ ਉਹ ਇਸ ਤਰ੍ਹਾਂ ਹੈ: ''ਹੜਤਾਲਾਂ ਧਰਨਿਆਂ ਦਾ ਕਿਸੇ ਨੂੰ ਫ਼ਿਕਰ ਨਹੀਂ ਸੀ। ਅਜਿਹੇ ਹਰ ਕੇਸ ਵਿਚ ਧਰਨੇ ਵੱਜਦੇ ਸਨ। ਪਹਿਲੇ ਦਿਨ ਗਿਣਤੀ ਪੰਜ ਸੱਤ ਸੌ ਹੁੰਦੀ ਸੀ। ਦੂਜੇ ਦਿਨ ਦੋ ਤਿੰਨ ਸੌ। ਹਫ਼ਤੇ ਬਾਅਦ ਇਹ ਗਿਣਤੀ ਪੰਜਾਹ ਤੋਂ ਸੱਠ 'ਤੇ ਪੁੱਜ ਜਾਂਦੀ ਸੀ। ਫੇਰ ਘਰ ਘਰ ਦੇ ਰਹਿ ਜਾਂਦੇ ਸਨ। ਹੋਰ ਮਹੀਨੇ ਬਾਅਦ ਸਭ ਖੇਲਣੇ ਖਿੰਡ ਜਾਂਦੇ ਸਨ। ਪੈਰਵੀ ਕਰਨ ਵਾਲਾ ਟਾਵਾਂ ਟੱਲਾ ਹੀ ਰਹਿ ਜਾਂਦਾ ਸੀ। ਇਸ ਕੇਸ ਵਿਚ ਵੀ ਇਸੇ ਤਰ੍ਹਾਂ ਹੋ ਰਿਹਾ ਸੀ। ਤਮਾਸ਼ਬੀਨਾਂ ਦੀ ਗਿਣਤੀ ਦਿਨੋ ਦਿਨ ਘੱਟ ਰਹੀ ਸੀ।

ਖੱਬੇ ਪੱਖੀ ਸਿਆਸੀ ਪਾਰਟੀਆਂ ਅਤੇ ਜੱਥੇਬੰਦੀਆਂ ਦੀ ਗੱਲ ਛੱਡੋ, ਪੰਜਾਬ ਦੀ ਨਿੱਘਰ ਚੁੱਕੀ ਮੌਜੂਦਾ ਵਿਵਸਥਾ ਵਿਰੁੱਧ ਆਵਾਜ਼ ਉਠਾਉਣ ਵਾਲੀ ਇਕ ਵੀ ਸਿਆਸੀ ਜਥੇਬੰਦੀ, ਇਸ ਨਾਵਲ ਵਿਚ ਨਹੀਂ ਹੈ। ਰੈਡੀਕਲ ਜੱਥੇਬੰਦੀਆਂ ਤਾਂ ਦੂਰ ਦੀ ਗੱਲ ਹੈ, ਸਾਡੀ ਭਾਈਚਾਰਕ ਇਕਮੁੱਠਤਾ ਵੀ ਇਸ ਹੱਦ ਤੱਕ ਖੁਰ ਚੁੱਕੀ ਹੈ ਕਿ ਪੁਲਿਸ ਦੀ ਖੱਜਲ ਖੁਆਰੀ ਤੋਂ ਡਰਦਾ ਮਾਰਾ ਸਾਰੇ ਮਹੱਲੇ ਦਾ ਕੋਈ ਵੀ ਵਿਅਕਤੀ ਕਮਲ ਨੂੰ ਚੁੱਕ ਕੇ ਹਸਪਤਾਲ ਨਹੀਂ ਲਿਜਾ ਸਕਿਆ: ''ਦੋ ਘੰਟਿਆਂ ਬਾਅਦ ਪੁਲਿਸ ਮੌਕੇ 'ਤੇ ਪੁੱਜੀ। ਡਰਦਾ ਗੁਆਂਢੀ ਕੋਈ ਅੰਦਰ ਨਹੀਂ ਸੀ ਵੜਿਆ। ਪੁਲਿਸ ਦੇ ਨਾਲ ਉਹ ਕੋਠੀ ਅੰਦਰ ਗਏ। ਕਮਲ ਦਾ ਸਰੀਰ ਠੰਡਾ ਹੋਇਆ ਪਿਆ ਸੀ। ਬਾਕੀ ਤਿੰਨੇ ਬੇਹੋਸ਼ ਸਨ। ਕਮਲ ਦੇ ਸਰੀਰ ਵਿਚੋਂ ਬਹੁਤ ਖ਼ੂਨ ਬਹਿ ਚੁੱਕਾ ਸੀ। ਜੇ ਪੁਲਿਸ ਸਮੇਂ ਸਿਰ ਪੁੱਜ ਜਾਂਦੀ ਸ਼ਾਇਦ ਉਹ ਬਚ ਜਾਂਦਾ।'' ਪਰ ਹੜਤਾਲਾਂ ਧਰਨਿਆਂ 'ਤੇ ਬੈਠਣ ਵਾਲੀਆਂ ਜੱਥੇਬੰਦੀਆਂ ਅਤੇ ਮੁਹੱਲੇਦਾਰੀ ਦੇ ਨਿਘਾਰ ਤੋਂ ਵੀ ਵੱਧ ਇਸ ਨਾਵਲ ਵਿਚ ਜੋ ਚੀਜ਼ ਪੇਸ਼ ਹੁੰਦੀ ਹੈ, ਉਹ ਹੈ ਰੈਡੀਕਲ ਪਾਰਟੀਆਂ ਅਤੇ ਜੱਥੇਬੰਦੀਆਂ ਦੀ ਗੈਰ ਮੌਜੂਦਗੀ, ਉਹਨਾਂ ਦੀ ਇਸ ਨਾਵਲੀ ਪ੍ਰਸਥਿਤੀ ਵਿਚ ਅਪ੍ਰਾਸੰਗਿਕਤਾ।

## ਮੀਡੀਆ

ਪੇਸ਼ਗੀ ਜ਼ਮਾਨਤ ਦੇ ਮਨਜ਼ੂਰ ਹੋਣ ਉਪਰੰਤ ਪੁਲਿਸ ਦੇ ਵੱਡੇ ਅਫ਼ਸਰਾਂ ਨਾਲ ਅੱਗੋਂ ਦੇ ਸਾਰੇ ਪ੍ਰੋਗਰਾਮ ਤਹਿ ਕਰਕੇ ਬੇਫ਼ਿਕਰੀ ਨਾਲ ਸੁੱਤਿਆਂ ਨੂੰ ਹਾਲੇ ਕੁਝ ਘੰਟੇ ਹੀ ਹੋਏ ਸਨ ਕਿ ਸਿੰਗਲੇ ਵਕੀਲ ਦੇ ਫੋਨ ਖੜਕਣੇ ਸ਼ੁਰੂ ਹੋ ਗਏ: ''ਪੰਜਾਬੀ ਤੋਂ ਲੈ ਕੇ ਅੰਗਰੇਜ਼ੀ ਤੱਕ ਹਰ ਅਖ਼ਬਾਰ ਨੇ ਉਹਨਾਂ ਦੇ ਕੇਸ ਨਾਲ ਸਬੰਧਤ ਖ਼ਬਰਾਂ ਛਾਪੀਆਂ ਸਨ। ਸਿੰਗਲੇ ਅਤੇ ਸਰਕਾਰੀ ਵੀਕਲ ਨੂੰ ਵਿੱਚੇ ਘੜੀਸਿਆ ਗਿਆ ਸੀ। ਸਿੰਗਲੇ, ਸਰਕਾਰੀ ਵਕੀਲ ਅਤੇ ਨੀਰਜ ਦੀ ਸਿਟੀ ਹਾਰਟ ਹੋਟਲ ਦੇ ਬਾਹਰ ਇਕੱਠੇ ਖੜ੍ਹਿਆਂ ਦੀ ਫ਼ੋਟੋ ਤਕਰੀਬਨ ਹਰ ਅਖ਼ਬਾਰ ਵਿਚ ਛਪੀ ਸੀ। ਸਿੰਗਲੇ ਦੇ ਸਰਕਾਰੀ ਵਕੀਲ ਨੂੰ ਉਸ ਦੀ ਕੋਠੀਉਂ ਲਿਆਉਣ ਤੋਂ ਲੈ ਕੇ ਕੋਠੀ ਛੱਡਣ ਤੱਕ ਦਾ ਹਰ ਵੇਰਵਾ ਖ਼ਬਰਾਂ ਵਿੱਚ ਦਿੱਤਾ ਗਿਆ ਸੀ। ਸਰਕਾਰੀ ਵਕੀਲ ਦੀ ਨੌਕਰੀ ਖ਼ਤਰੇ ਵਿੱਚ ਸੀ। ਇਹੋ ਨਹੀਂ ਮੇਲੂ ਅਤੇ ਹੌਲਦਾਰ ਨਰਿੰਦਰ ਨਾਥ ਦੀ ਮਿਲੀ ਭੁਗਤ ਦੀ ਖ਼ਬਰ ਵੀ ਨੂਣ-ਮਿਰਚ ਲਾ ਕੇ ਛਾਪੀ ਗਈ ਸੀ। ਸ਼ਰਾਬੀ ਹਾਲਤ ਵਿਚ ਉਸ ਨੂੰ ਮੇਲੂ ਦੀ ਡੇਰੀ ਵਿਚ ਲੰਬਾ ਪਿਆ ਦਿਖਾਇਆ ਗਿਆ ਸੀ। ਥਾਣੇ ਦੇ ਰਿਕਾਰਡ ਦਾ ਹਵਾਲਾ ਦੇ ਕੇ ਇਹ ਸਿੱਧ ਕੀਤਾ ਗਿਆ ਸੀ ਕਿ ਹਵਾਲਦਾਰ ਕਿਧਰੇ ਨਹੀਂ ਸੀ ਗਿਆ। ਮਾਇਆ ਨਗਰ ਵਿਚ ਹਾਜ਼ਰ ਸੀ। ਦੋਸ਼ੀਆਂ ਨੂੰ ਫ਼ਾਇਦਾ ਪੁਚਾਉਣ ਲਈ ਉਸਦੇ ਬਾਹਰ ਜਾਣ ਦਾ ਡਰਾਮਾ ਰਚਿਆ ਗਿਆ ਸੀ।''

ਪਰੈਸ ਦੀ ਇਸ ਖ਼ਬਰ ਨਾਲ ਸ਼ਹਿਰ ਵਿਚ ਪੁਲਿਸ ਦੀਆਂ ਜ਼ਿਆਦਤੀ ਵਿਰੁੱਧ ਮੁਜ਼ਾਹਰੇ, ਧਰਨੇ ਅਤੇ ਹੜਤਾਲਾਂ ਸ਼ੁਰੂ ਹੋ ਗਈਆਂ। ਪਰੈੱਸ ਨੇ ਹੜਤਾਲਾਂ ਅਤੇ ਧਰਨਿਆਂ ਦੀਆਂ ਖ਼ਬਰਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ। ਹਰ ਨਾਅਰਾ ਮਾਰਨ ਵਾਲੇ ਦੀ ਫ਼ੋਟੋ ਕਿਸੇ ਨਾ ਕਿਸੇ ਅਖ਼ਬਾਰ ਵਿੱਚ ਛਪ ਰਹੀ ਸੀ। ਆਪਣੀ ਫ਼ੋਟੋ ਅਖ਼ਬਾਰ ਵਿਚ ਛਪਵਾਉਣ ਲਈ ਸਿਆਸੀ ਲੋਕ ਵਧ ਚੜ੍ਹ ਕੇ ਹੜਤਾਲਾਂ ਧਰਨਿਆਂ ਵਿਚ ਹਿੱਸਾ ਲੈ ਰਹੇ ਸਨ। ਸਿੰਗਲੇ ਵੀਕਲ ਦੀ ਰਾਇ ਸੀ ਕਿ ਜੇ ਪ੍ਰੈਸ ਚੁੱਪ ਕਰਾਈ ਜਾਵੇ ਤਾਂ ਹੀ ਪੰਕਜ ਅਤੇ ਨੀਰਜ ਦੀ ਜ਼ਮਾਨਤ ਹੋ ਸਕਦੀ ਹੈ। ਪਰ ਪਰੈਸ ਚੁੱਪ ਨਾ ਹੋਈ। ਪੰਕਜ ਅਤੇ ਨੀਰਜ ਦੀ ਜ਼ਮਾਨਤ ਰੱਦ ਹੋ ਗਈ। ਨੰਦ ਲਾਲ ਵਕੀਲ ਇਸ ਗੱਲ ਨੂੰ ਸਮਝਦਾ ਸੀ ਕਿ ਇਹ ਜ਼ਮਾਨਤ ਅਖ਼ਬਾਰਾਂ ਨੇ ਨਹੀਂ ਹੋਣ ਦਿੱਤੀ। ਇਸ ਲਈ ਉਹ ਪੰਕਜ ਅਤੇ ਨੀਰਜ ਨੂੰ ਧਰਵਾਸ ਦਵਾਉਂਦਾ ਹੈ: ''ਘਬਰਾਓ ਨਾ ਮੁੰਡਿਓ। ਉਪਰ ਵਥੇਰੀਆਂ ਅਦਾਲਤਾਂ ਹਨ। ਉਹ ਅਖ਼ਬਾਰਾਂ ਦੀ ਸੁਰਖੀਆਂ ਤੋਂ ਨਹੀਂ ਡਰਦੀਆਂ।''

ਸਾਡੇ ਲਈ ਇਹ ਜਾਨਣਾ ਜ਼ਰੂਰੀ ਨਹੀਂ ਕਿ ਉੱਪਰਲੀਆਂ ਅਦਾਲਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਤੋਂ ਡਰਦੀਆਂ ਹਨ ਜਾਂ ਨਹੀਂ, ਅਸੀਂ ਤਾਂ ਕੇਵਲ ਪਰੈੱਸ ਦੇ ਇਸ ਰੋਲ ਨੂੰ ਹੀ ਦੇਖਣਾ ਚਾਹੁੰਦੇ ਸੀ ਕਿਸੇ ਵੀ ਲੋਕਰਾਜੀ ਪ੍ਰਬੰਧ ਅੰਦਰ, ਸਿਧਾਂਤਕ ਤੌਰ ਤੇ ਕੇਵਲ 'ਲੋਕ' ਹੀ ਸੱਤਾ ਸੰਪੰਨ ਹੁੰਦੇ ਹਨ। ਇਸ ਲਈ ਦੇਸ਼ ਦੇ ਲੋਕਰਾਜੀ ਪ੍ਰਬੰਧ ਅੰਦਰ ਜੋ ਕੁਝ ਵੀ ਚੱਲ ਰਿਹਾ ਹੈ, ਉਸ ਬਾਰੇ ਜਾਣਕਾਰੀ ਹਾਸਲ ਕਰਨਾ 'ਲੋਕਾਂ' ਦਾ ਮੁੱਢਲਾ ਅਧਿਕਾਰ ਬਣ ਜਾਂਦਾ ਹੈ। ਲੋਕਾਂ ਦਾ ਸਰਕਾਰ ਦੀ ਕਾਰਗੁਜ਼ਾਰੀ ਅਤੇ ਉਸਦੇ ਫ਼ੈਸਲਿਆਂ ਬਾਰੇ ਜਾਨਣਾ ਤਾਂ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਸਰਕਾਰ ਨੇ

ਲੋਕਾਂ ਦੀ ਸਹਿਮਤੀ ਰਾਹੀਂ ਹੀ ਰਾਜ ਭਾਗ ਚਲਾਉਣਾ ਹੁੰਦਾ ਹੈ।

ਕੀ ਸਰਕਾਰੀ ਮਸ਼ੀਨਰੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਰਭੈਤਾ ਅਤੇ ਨਿਰਪੱਖਤਾ ਨਾਲ ਬਿਨਾ ਕਿਸੇ ਨਿੱਜੀ ਲਾਲਚ ਦੇ ਪੂਰੀ ਕੁਸ਼ਲਤਾ ਨਾਲ ਨਿਭਾ ਰਹੀ ਹੈ ਜਾਂ ਨਹੀਂ, ਇਹ ਜਾਨਣਾ ਲੋਕਾਂ ਲਈ ਇਸ ਵਾਸਤੇ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਉਹ ਸਰਕਾਰ ਦੇ ਕਾਰ ਵਿਹਾਰ ਪ੍ਰਤੀ ਤਦ ਹੀ ਆਪਣੀ ਸਹਿਮਤੀ ਪ੍ਰਗਟਾ ਸਕਦੇ ਹਨ, ਜਦੋਂ ਉਹਨਾਂ ਨੂੰ ਇਸਦੇ ਅਜੇਹੇ ਕਾਰ ਵਿਹਾਰ ਦਾ ਪੂਰਾ ਗਿਆਨ ਹੋਵੇ। ਮੀਡੀਆ ਜਾਂ ਪੱਤਰਕਾਰੀ, ਇਸ ਵਾਸਤੇ ਸੱਤਾ ਸੰਪੰਨ 'ਅਸੀਂ ਲੋਕਾਂ' ਅਤੇ ਉਹਨਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੀ ਸਰਕਾਰੀ ਮਸ਼ੀਨਰੀ ਵਿਚਲੇ ਰਿਸ਼ਤੇ ਦਾ ਹੀ ਨਾਮ ਹੈ।

ਸੋ ਮੀਡੀਆ ਅਤੇ ਪੱਤਰਕਾਰੀ ਦੀ ਨੀਂਹ ਲੋਕਾਂ ਦੇ ਆਪਣੇ ਦੇਸ਼, ਕੌਮ ਅਤੇ ਸਰਕਾਰੀ ਮਸ਼ੀਨਰੀ ਬਾਰੇ ਗਿਆਨ ਹਾਸਲ ਕਰਨ ਦੇ ਮੁੱਢਲੇ ਅਧਿਕਾਰ ਉੱਪਰ ਟਿਕੀ ਹੋਈ ਹੈ। ਜੋ ਜਾਣਕਾਰੀ ਕੋਈ ਨੌਕਰਸ਼ਾਹ ਹਾਸਲ ਕਰ ਸਕਦਾ ਹੈ, ਉਹ ਜਾਣਕਾਰੀ ਹਾਸਲ ਕਰਨ ਦੇ ਅਧਿਕਾਰ ਤੋਂ ਭਲਾ ਲੋਕਾਂ ਨੂੰ ਕਿਵੇਂ ਮਹਿਰੂਮ ਰੱਖਿਆ ਜਾ ਸਕਦਾ ਹੈ। ਜਿਸ ਦੇਸ਼ ਦੇ ਲੋਕਾਂ ਨੂੰ ਇਹ ਅਧਿਕਾਰ ਹਾਸਲ ਹੁੰਦਾ ਹੈ, ਓਥੇ ਮੀਡੀਆ ਅਤੇ ਪੱਤਰਕਾਰਤਾ ਆਪਣੇ ਇਸ ਲੋਕ-ਰਾਜੀ ਪ੍ਰਕਾਰਜ ਨੂੰ ਵਧੇਰੇ ਪ੍ਰਬੀਨਤਾ ਨਾਲ ਨਿਭਾ ਸਕਦੇ ਹਨ। ਦੇਸ਼ ਦੀ ਸਮਾਜ-ਆਰਥਕ-ਰਾਜਨੀਤਕ ਸਥਿਤੀ ਦਾ ਗਿਆਨ ਅਤੇ ਸਰਕਾਰ ਦੀ ਕਾਰਜ ਕੁਸ਼ਲਤਾ ਬਾਰੇ ਗਿਆਨ, ਜਿਸ ਦੇ ਅਧਾਰ ਉੱਤੇ ਸੱਤਾ ਸੰਪੰਨ 'ਅਸੀ ਲੋਕ' ਆਪਣੀਆਂ ਲੋਕ ਰਾਜੀ ਪ੍ਰੰਪਰਾਵਾਂ ਰਾਹੀਂ ਸਰਕਾਰਾਂ ਬਣਾਉਂਦੇ ਅਤੇ ਤਬਦੀਲ ਕਰਦੇ ਹਾਂ, ਹੀ 'ਅਸੀਂ ਲੋਕਾਂ' ਦੀ ਰਾਜਨੀਤਕ ਸ਼ਕਤੀ ਦਾ ਪ੍ਰਮੁੱਖ ਸੋਮਾ ਹੈ। ਇਸ ਗਿਆਨ ਨੂੰ ਇਕੱਤਰ, ਸੰਗਠਿਤ ਅਤੇ ਸੰਚਾਰਿਤ ਕਰਨ ਵਾਲੀ ਸੰਸਥਾ 'ਮੀਡੀਆ/ਪੱਤਰਕਾਰੀ' ਇਸੇ ਲਈ ਹੀ ਜਮਹੂਰੀਅਤ ਦਾ ਚੌਥਾ ਥੰਮ੍ਹ ਸਮਝੀ ਜਾਂਦੀ ਹੈ। ਇਸ ਨਾਵਲ ਦੇ ਅਧਿਐਨ ਰਾਹੀਂ ਹੁਣ ਅਸੀਂ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਪੰਜਾਬ/ਭਾਰਤ ਦੀ ਪੱਤਰਕਾਰੀ ਕੀ ਆਪਣਾ ਇਹ ਰੋਲ ਨਿਭਾ ਰਹੀ ਹੈ ਜਾਂ ਨਹੀਂ। ਜੇ ਕਰ ਨਹੀਂ ਨਿਭਾ ਰਹੀ ਤਾਂ ਕਿਉਂ ਨਹੀਂ ਨਿਭਾ ਰਹੀ ਅਤੇ ਉਹ ਕਿਹੜੀਆਂ ਔਕੜਾਂ ਹਨ, ਜੋ ਪੱਤਰਕਾਰੀ ਦੇ ਇਸ ਰੋਲ ਅੱਗੇ ਰੁਕਾਵਟਾਂ ਖੜ੍ਹੀਆਂ ਕਰ ਰਹੀਆਂ ਹਨ?

ਸਭ ਤੋਂ ਪਹਿਲੀ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਸਾਡੇ ਮਨਾਂ ਵਿਚ ਸਾਡੇ ਆਪਣੇ ਭਾਈਚਾਰੇ, ਦੇਸ਼, ਕੌਮ, ਸਰਕਾਰ, ਅਫ਼ਸਰਸ਼ਾਹੀ, ਪੁਲਿਸ, ਨਿਆਂ ਪਰਣਾਲੀ, ਆਦਿ ਅਤੇ ਇਸ ਤੋਂ ਵੀ ਅੱਗੇ ਇਸ ਸੰਸਾਰ ਅਤੇ ਬ੍ਰਹਿਮੰਡ ਦੀ ਉਹੋ ਹੀ ਤਸਵੀਰ ਹੁੰਦੀ ਹੈ, ਜੋ ਮੀਡੀਆ ਨੇ ਜਿਸ ਵਿਚ ਅਖ਼ਬਾਰ, ਰਸਾਲੇ, ਪੁਸਤਕਾਂ, ਰੇਡੀਉ, ਟੈਲੀਵਿਜ਼ਨ, ਫ਼ਿਲਮਾਂ, ਆਡੀਓ ਕੈਸੇਟਾਂ, ਵੀਡੀਓ ਕੈਸਿਟਾਂ, ਇੰਟਰਨੈਟ ਆਦਿ ਸ਼ਾਮਲ ਹਨ, ਨੇ ਇਕ ਬਾਹਰ ਮੁਖੀ, ਸੱਚ ਵਜੋਂ ਸਾਡੇ ਮਨਾਂ ਵਿਚ ਬਿਠਾਈ ਹੁੰਦੀ ਹੈ।

ਇਸ ਸਬੰਧੀ ਨਾਵਲ ਦੀਆਂ ਦੋ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਕਿ ਇਸ ਮਾਸ ਮੀਡੀਆ ਦਾ ਵਿਸਤਾਰ ਬਹੁਤ ਦੂਰ ਤੱਕ ਜਾ ਚੁੱਕਾ ਹੈ। ਖ਼ਾਸ ਕਰਕੇ ਟੈਲੀਵਿਜ਼ਨ ਦਾ। ਹਰ ਘਰ ਵਿਚ ਹੀ ਨਹੀਂ, ਘਰ ਦੇ ਹਰ ਕਮਰੇ ਵਿਚ ਟੈਲੀਵਿਜ਼ਨ ਹੈ। ਇੱਥੋਂ ਤੱਕ ਕਿ ਨੌਕਰ ਦੇ ਕਮਰੇ ਵਿਚ ਵੀ ਵੱਖਰਾ ਟੈਲੀਵਿਯਨ ਹੈ: ''ਰਾਮੂ (ਨੌਕਰ) ਨੂੰ ਟੈਲੀਵਿਯਨ ਦਾ ਸ਼ੌਂਕ ਸੀ। ਦੋ ਮਹੀਨੇ ਪਹਿਲਾਂ ਹੀ ਵੇਦ ਨੇ ਆਪਣੇ ਦਫ਼ਤਰ ਦਾ ਟੈਲੀਵਿਯਨ ਬਦਲਿਆ ਸੀ। ਪੁਰਾਣੇ ਟੈਲੀਵਿਯਨ ਨੂੰ ਕੋਈ ਦੋ ਹਜ਼ਾਰ ਵਿਚ ਵੀ ਲੈਣ ਲਈ ਤਿਆਰ ਨਹੀਂ ਸੀ। ਇਸ ਲਈ ਮਿੱਟੀ ਦੇ ਭਾਅ ਸੁੱਟਣ ਨਾਲੋਂ ਵੇਦ ਨੇ ਇਹ ਟੈਲੀਵਿਯਨ ਘਰ ਲਿਆ ਕੇ ਨੌਕਰ ਦੇ ਕਮਰੇ ਵਿਚ ਲਗਾ ਦਿੱਤਾ।'' ਫੇਰ ਜਦੋਂ ਦੇਰ ਰਾਤ ਗਏ ਮੁਜਰਮ ਦੀਵਾਰ ਟੱਪ ਕੇ ਵੇਦ ਦੇ ਘਰ ਦਾਖ਼ਲ ਹੋਏ, ਤਾਂ ''ਰਾਮੂ ਆਪਣੇ ਕਮਰੇ ਵਿਚ ਬੈਠਾ ਟੈਲੀਵਿਯਨ ਦੇਖ ਰਿਹਾ ਸੀ।''

ਦੂਸਰੀ ਗੱਲ ਇਹ ਕਿ ਮੀਡੀਆ ਏਨਾ ਸ਼ਕਤੀਸ਼ਾਲੀ ਹੋ ਚੁੱਕਾ ਹੈ ਕਿ ਤੱਥਾਂ ਦੇ ਆਧਾਰ 'ਤੇ ਫ਼ੈਸਲੇ ਕਰਨ ਵਾਲੇ ਜੱਜ ਵੀ ਆਪਣਾ ਫ਼ੈਸਲਾ ਦੇਣ ਸਮੇਂ ਉਸ ਜ਼ੁਰਮ ਬਾਰੇ ਮੀਡੀਆ ਦੁਆਰਾ ਉਭਾਰੀਆਂ ਗਈਆਂ ਕਹਾਣੀਆਂ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦੇ। ਜਦੋਂ ਪੰਕਜ ਹੋਰੀਂ ਵਕੀਲ ਨੂੰ ਪੁੱਛਦੇ ਹਨ ਕਿ ਉਹਨਾਂ ਦੇ ਕੇਸ ਵਿਚ ਕਿੰਨਾ ਕੁ ਦਮ ਹੈ ਤਾਂ ਉਹ ਵਕੀਲ ਦੱਸਦਾ ਹੈ ਕਿ ਨਾ ਤਾਂ ਉਹਨਾਂ ਦਾ ਪਰਚੇ ਵਿਚ ਨਾਮ ਹੈ ਅਤੇ ਨਾ ਹੀ ਪਰਚੇ ਵਿਚ ਇਹ ਕਿਧਰੇ ਦਰਜ ਹੈ ਕਿ ਇਹ ਵਾਰਦਾਤ ਉਹਨਾਂ ਦੀ ਸ਼ਹਿ 'ਤੇ ਹੋਈ। ''ਤਾਂ ਫੇਰ ਆਪਣੇ ਉਲਟ ਕੀ ਜਾਂਦਾ ਹੈ?'' ਇਸ ਦੇ ਜੁਆਬ ਵਿਚ ਤਜਰਬੇਕਾਰ ਵਕੀਲ ਦੱਸਦਾ ਹੈ: ''ਕਾਨੂੰਨ ਆਪਣੇ ਉਲਟ ਨਹੀਂ ਹੈ। ਸ਼ਹਿਰ ਵਿਚ ਜੋ ਰੌਲਾ ਪੈ ਰਿਹਾ ਹੈ, ਉਹ ਸਾਡੇ ਉਲਟ ਹੈ। ਜੱਜ ਸਭ ਕੁਝ ਪੜ੍ਹਦੇ ਸੁਣਦੇ ਹਨ। ਮੀਡੀਏ ਤੋਂ ਪ੍ਰਭਾਵਤ ਹੁੰਦੇ ਹਨ।''

ਇਹ ਤਾਂ ਠੀਕ ਹੈ ਕਿ ਸਾਡੇ ਲਈ ਕੇਵਲ ਉਹ ਹੀ ਵਾਸਤਵਿਕਤਾ ਹੈ ਜੋ ਅਖ਼ਬਾਰ, ਰਸਾਲੇ, ਪੁਸਤਕਾਂ, ਖੁੰਢ ਚਰਚਾ, ਫ਼ਿਲਮਾਂ, ਟੈਲੀਵਿਯਨ, ਰੇਡੀਓ, ਸਿਆਸੀ ਮੈਨੀਫ਼ੈਸਟੋ, ਆਦਿ ਆਪਣੀਆਂ ਵੰਨ-ਸੁਵੰਨੀਆਂ ਕਹਾਣੀਆਂ ਰਾਹੀਂ ਸਾਡੇ ਲਈ ਸਿਰਜਦੇ ਹਨ। ਪਰ ਜਿਸ ਸੁਆਲ ਦਾ ਜੁਆਬ ਅਸੀਂ ਜਾਨਣਾ ਚਾਹੁੰਦੇ ਹਾਂ, ਉਹ ਇਹ ਹੈ ਕਿ ਸਾਡੀ ਪੱਤਰਕਾਰਤਾ ਜਾਂ ਫੇਰ ਕਿ ਸਾਡਾ ਮੀਡੀਆ ਜਿਹੜਾ ਸੱਚ ਘੜਦਾ ਹੈ, ਜਾਂ ਜਿਹੜਾ ਸੱਚ ਪੇਸ਼ ਕਰਦਾ ਹੈ, ਉਸ ਸੱਚ ਦੀ ਘਾੜਤ ਵਿਚ ਕਿਹੜੀਆਂ ਧਿਰਾਂ/ਸ਼ਕਤੀਆਂ ਦਾ ਹੱਥ ਹੁੰਦਾ ਹੈ। ਮੀਡੀਆ ਦੁਆਰਾ ਸਿਰਜੇ ਜਾ ਰਹੇ ਸੱਚ ਪਿੱਛੇ ਕਿਹੜੀਆਂ ਕਿਹੜੀਆਂ ਸ਼ਕਤੀਆਂ ਕੰਮ ਕਰਦੀਆਂ ਹਨ ਅਤੇ ਉਹਨਾਂ ਦੇ ਕੀ ਹਿੱਤ ਹੁੰਦੇ ਹਨ।

ਨਾਵਲਕਾਰ ਲਿਖਦਾ ਹੈ: ''ਨਿਹਾ ਨੇ ਪੱਤਰਕਾਰੀ ਦਾ ਡਿਪਲੋਮਾ ਕੀਤਾ ਹੋਇਆ ਸੀ। ਹੁਣ ਉਹ ਇੰਗਲਿਸ਼ ਦੀ ਐਮ.ਏ. ਕਰ ਰਹੀ ਸੀ। ਸ਼ੌਂਕ ਦੇ ਤੌਰ 'ਤੇ ਉਹ 'ਪ੍ਰੈਸ ਟਰੱਸਟ ਆਫ਼ ਇੰਡੀਆ' ਲਈ ਬਤੌਰ ਫਰੀ ਲਾਂਸਰ ਕੰਮ ਕਰ ਰਹੀ ਸੀ। ਸਾਗਰ ਨਾਂ ਦੇ ਪ੍ਰਸਿੱਧ ਪੱਤਰਕਾਰ ਨਾਲ ਉਸਦੇ ਪ੍ਰੇਮ ਸਬੰਧ ਸਨ। ਦੋਹਾਂ ਦੀ ਸਗਾਈ ਹੋਣ ਵਾਲੀ ਸੀ। ਸਾਗਰ ਕਾਰਣ ਸ਼ਹਿਰ ਦੇ ਪੱਤਰਕਾਰਾਂ ਲਈ ਇਹ ਵਕਾਰੀ ਕੇਸ ਬਣ ਗਿਆ ਸੀ। ਕੱਲ੍ਹ ਤੋਂ ਹਰ ਨੁਕਤੇ ਨੇ ਅਖ਼ਬਾਰਾਂ ਵਿਚ ਉਛਲਣਾ ਸੀ। ਮਾਇਆ ਨਗਰ ਦੀ ਸਾਰੀ ਪ੍ਰੈਸ ਸ਼ਿਕਾਰੀ ਕੁੱਤਿਆਂ ਵਾਂਗ ਇਸ ਕੇਸ ਦੇ ਮਗਰ ਲੱਗੀ ਹੋਈ ਸੀ। ਇਸੇ ਲਈ ਸਿੰਗਲੇ ਵਕੀਲ ਦੀ ਰਾਇ ਸੀ ਕਿ ''ਜੇ ਪ੍ਰੈਸ ਚੁੱਪ ਕਰ ਜਾਵੇ ਤਾਂ ਸਭ ਮਸਲੇ ਹੱਲ ਹੋ

ਜਾਣਗੇ।''

ਪਰ ਪ੍ਰੈਸ ਨੂੰ ਚੁੱਪ ਕਿਵੇਂ ਕਰਵਾਇਆ ਜਾਵੇ, ਇਹ ਸਭ ਲਈ ਸੋਚਣ ਵਾਲੀ ਗੱਲ ਸੀ। ਭਾਵੇਂ ਕਈ ਲੋਕਾਂ ਨੇ ਇਹ ਵੀ ਰਾਇ ਦਿੱਤੀ ਕਿ ਨਿਹਾ ਦੇ ਬਲਾਤਕਾਰ ਦੀ ਗੱਲ ਉਛਾਲ ਕੇ ਸਾਗਰ ਦੇ ਮਨ ਵਿਚ ਉਸ ਦੀ ਅਪਵਿੱਤਰਤਾ ਦੀ ਵਿੱਸ਼ ਘੋਲੀ ਜਾਵੇ। ਪਰ ਇਹ ਲੰਮੀ ਯੋਜਨਾ ਸੀ। ਫੇਰ ਇਸਦੇ ਸਿਰੇ ਚੜ੍ਹਨ ਬਾਰੇ ਵੀ ਬਹੁਤੇ ਯਕੀਨ ਨਾਲ ਨਹੀਂ ਸੀ ਕਿਹਾ ਜਾ ਸਕਦਾ। ਇਸ ਵਾਸਤੇ ਉਹ ਯੋਜਨਾ ਤਿਆਰ ਕੀਤੀ ਗਈ ਜਿਸਦੀ ਸਫ਼ਲਤਾ ਬਾਰੇ ਕੋਈ ਦੋ ਰਾਵਾਂ ਨਹੀਂ ਸਨ ਹੋ ਸਕਦੀਆਂ: ''ਅਖ਼ਬਾਰਾਂ ਦੇ ਸੰਪਾਦਕਾਂ ਨਾਲ ਸੰਪਰਕ ਕੀਤਾ ਜਾਵੇ। ਕੁਝ ਇਸ਼ਤਿਹਾਰ ਫੌਰੀ ਤੌਰ 'ਤੇ ਅਖ਼ਬਾਰਾਂ ਨੂੰ ਦਿੱਤੇ ਜਾਣ। ਵੱਡੇ ਇਸ਼ਤਿਹਾਰਾਂ ਦਾ ਵਾਅਦਾ ਕੀਤਾ ਜਾਵੇ। ਮਾਇਆ ਨਗਰ ਵਿਚ ਹਜ਼ਾਰਾਂ ਅਜੇਹੇ ਉਦਯੋਗ ਸਨ ਜਿਹਨਾਂ ਦੇ ਵੱਡੇ ਇਸ਼ਤਿਹਾਰ ਅਖ਼ਬਾਰਾਂ ਵਿਚ ਛਪਦੇ ਸਨ। ਉਹਨਾਂ ਨੂੰ ਆਪਣੀਆਂ ਪਬਲਿਸਿਟੀ ਏਜੰਸੀਆਂ ਰਾਹੀਂ ਅਖ਼ਬਾਰਾਂ 'ਤੇ ਦਬਾਅ ਪਾਉਣਾ ਚਾਹੀਦਾ ਸੀ। ਬਹੁਤ ਨਹੀਂ ਤਾਂ ਪੰਕਜ ਹੋਰਾਂ ਦੇ ਆਪਣੇ ਅਤੇ ਰਿਸ਼ਤੇਦਾਰਾਂ ਦੇ ਇਸ਼ਤਿਹਾਰ ਇਸ ਯੋਜਨਾ ਤਹਿਤ ਦਿੱਤੇ ਜਾਣੇ ਚਾਹੀਦੇ ਸਨ। ਅਖ਼ਬਾਰ ਛੋਟਾ ਹੋਵੇ ਜਾਂ ਵੱਡਾ। ਇਸ਼ਤਿਹਾਰ ਬਿਨਾ ਕਿਸੇ ਦਾ ਗੁਜ਼ਾਰਾ ਨਹੀਂ। ਮਜਬੂਰੀ ਵੱਸ ਅਖ਼ਬਾਰਾਂ ਨੂੰ ਉਹਨਾਂ ਨਾਲ ਸਮਝੌਤਾ ਕਰਨਾ ਪੈਣਾ ਸੀ।''

ਮੀਡੀਆ ਅਤੇ ਉਦਯੋਗ ਵਿਚਲੇ ਇਸ ਰਿਸ਼ਤੇ ਨੂੰ ਸਮਝੇ ਬਿਨਾ ਗੱਲ ਅੱਗੇ ਨਹੀਂ ਤੁਰੇਗੀ। ਉਦਯੋਗ ਮੀਡੀਆ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਇਹ ਸਮਝਣਾ ਜ਼ਰੂਰੀ ਹੈ। ਪੱਤਰਕਾਰਤਾ ਸਰਕਾਰੀ ਮਸ਼ੀਨਰੀ ਦਾ ਹਿੱਸਾ ਤਾਂ ਹੋ ਹੀ ਨਹੀਂ ਸਕਦੀ ਕਿਉਂਕਿ ਸਰਕਾਰੀ ਮਸ਼ੀਨਰੀ ਦਾ ਸਿੱਧਾ ਭਾਗ ਬਣਨ ਨਾਲ ਇਹ ਆਪਣਾ ਲੋਕਰਾਜੀ ਪ੍ਰਕਾਰਜ ਗੁਆ ਕੇ ਸਰਕਾਰੀ ਪਰਚਾਰ ਅਤੇ ਕੰਟਰੋਲ ਦਾ ਸਿੱਧਾ ਸਾਧਨ ਬਣ ਜਾਵੇਗੀ। ਪੱਤਰਕਾਰੀ ਉੱਪਰ ਸਰਕਾਰੀ ਕੰਟਰੋਲ ਲੋਕਰਾਜੀ ਮੁੱਲਾਂ ਦੀ ਥਾਂ ਤਾਨਾਸ਼ਾਹੀ ਅਤੇ ਫਾਸ਼ੀਵਾਦ ਵਰਗੇ ਮੁੱਲਾਂ ਨੂੰ ਜਨਮ ਦਿੰਦਾ ਹੈ। ਕਿਉਂਕਿ ਪੱਤਰਕਾਰਤਾ ਦਾ ਲੋਕਰਾਜੀ ਪ੍ਰਕਾਰਜ ਇਸਦੀ ਸਰਕਾਰੀ ਮਸ਼ੀਨਰੀ ਨਾਲੋਂ ਅਲਹਿਦਗੀ ਨਾਲ ਹੀ ਸ਼ੁਰੂ ਹੁੰਦਾ ਹੈ, ਇਸ ਲਈ ਪੱਤਰਕਾਰਤਾ ਨੇ ਆਪਣੇ ਆਪ ਨੂੰ ਆਰਥਿਕ ਮੁਨਾਫ਼ੇ ਲਈ ਕੰਮ ਕਰਨ ਵਾਲੀਆਂ ਪਰਾਈਵੇਟ ਕੰਪਨੀਆਂ ਵਜੋਂ ਸੰਗਠਿਤ ਕਰ ਲਿਆ ਹੈ। ਸੋ ਪੱਤਰਕਾਰਤਾ ਦੇ ਸਿਆਸੀ ਪਰਕਾਰਜ ਨੂੰ ਪ੍ਰਾਈਵੇਟ ਮੁਨਾਫ਼ੇ ਦੇ ਹਿੱਤਾਂ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ।

ਪੱਤਰਕਾਰੀ ਦੇ ਪ੍ਰਾਈਵੇਟ ਉਦਯੋਗ ਨੂੰ ਸਮਝੇ ਬਿਨਾ ਪੱਤਰਕਾਰਤਾ ਦੀ ਸਿਆਸਤ ਅਤੇ ਵਿਚਾਰਧਾਰਾ ਨੂੰ ਵੀ ਨਹੀਂ ਸਮਝਿਆ ਜਾ ਸਕਦਾ। ਮੀਡੀਆ ਪ੍ਰਮੁੱਖ ਤੌਰ 'ਤੇ ਇਸ਼ਤਿਹਾਰਾਂ ਦੀ ਆਮਦਨ ਰਾਹੀਂ ਹੀ ਚਲਦਾ ਹੈ। ਬਹੁਤ ਸਾਰੇ ਵੱਡੇ ਅਖ਼ਬਾਰਾਂ ਦੇ ਸਬੰਧ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਦਾ 60 ਪ੍ਰਤੀਸ਼ਤ ਤੋਂ ਵਧੇਰੇ ਰੈਵੀਨਿਯੂ ਇਹਨਾਂ ਇਸ਼ਤਿਹਾਰਾਂ ਤੋਂ ਹੀ ਆਉਂਦਾ ਹੈ। ਕੋਈ ਅਖ਼ਬਾਰ ਇਸ਼ਤਿਹਾਰਾਂ ਤੋਂ ਕਿੰਨਾ ਪੈਸਾ ਕਮਾਉਂਦਾ ਹੈ, ਇਹ ਗੱਲ ਅਖ਼ਬਾਰਾਂ ਦੇ ਪਾਠਕਾਂ ਦੀ ਗਿਣਤੀ ਉੱਪਰ ਨਿਰਭਰ ਕਰਦੀ ਹੈ। ਅਖ਼ਬਾਰ ਉਹੋ ਕੁੱਝ ਛਾਪਦੇ ਹਨ ਜੋ ਅਖ਼ਬਾਰਾਂ ਦੀ ਸਰਕੂਲੇਸ਼ਨ ਵਧਾਉਣ ਵਿਚ ਸਹਾਈ ਹੁੰਦਾ ਹੈ। ਇਸੇ ਕਰਕੇ ਅਖ਼ਬਾਰਾਂ ਵਿਚ ਗਿਆਨ ਘੱਟ ਅਤੇ ਮਨਪਰਚਾਵੇ ਦਾ ਮਾਲ ਵਧੇਰੇ ਛਪਦਾ ਹੈ।

ਪਾਠਕਾਂ ਨੂੰ ਖਿੱਚਣ ਲਈ ਉਹ ਸਨਸਨੀਖੇਜ਼, ਉਤੇਜਨਾ ਭਰਪੂਰ, ਭੜਕੀਲੀਆਂ, ਚਮਤਕਾਰੀ, ਅਤੇ ਕਾਮ ਉਤੇਜਕ ਖ਼ਬਰਾਂ ਅਤੇ ਤਸਵੀਰਾਂ ਦਾ ਸਹਾਰਾ ਲੈਂਦੇ ਹਨ। ਕਾਮ, ਹਿੰਸਾ, ਸੂਰਬੀਰਤਾ ਆਦਿ ਨਾਲ ਭਰੀਆਂ ਹੋਈਆਂ ਖ਼ਬਰਾਂ ਛਾਪਦੇ ਹਨ। ਸੁਚੇਤ ਅਤੇ ਪੜ੍ਹਿਆ ਲਿਖਿਆ ਪਾਠਕ ਅਖ਼ਬਾਰਾਂ ਨੂੰ ਅਸ਼ਲੀਲ, ਉਤੇਜਨਾ ਭਰਪੂਰ ਅਤੇ ਭੜਕੀਲੀਆਂ ਖ਼ਬਰਾਂ ਜਾਂ ਤਸਵੀਰਾਂ ਛਾਪਣ ਤੋਂ ਤਾਂ ਰੋਕ ਸਕਦਾ ਹੈ। ਪਰ ਗਿਆਨ ਅਤੇ ਜਾਣਕਾਰੀ ਨੂੰ ਛਾਪਿਆ ਤਾਂ ਕਹਾਣੀਆਂ ਰੂਪੀ ਖ਼ਬਰਾਂ ਵਿਚ ਹੀ ਜਾਵੇਗਾ। ਜੋ ਵੀ ਖ਼ਬਰ ਛਪਦੀ ਹੈ, ਉਹ ਕਹਾਣੀ ਦੇ ਰੂਪ ਵਿਚ ਹੀ ਛਪਦੀ ਹੈ। ਕਿਰਦਾਰਾਂ ਅਤੇ ਘਟਨਾਵਾਂ ਨਾਲ ਭਰੀਆਂ ਹੋਈਆਂ ਕਹਾਣੀਆਂ ਦੇ ਰੂਪ ਵਿਚ। ਇਹੋ ਕਾਰਨ ਹੈ ਕਿ ਸਾਡੀ ਪੱਤਰਕਾਰਤਾ ਨੇ ਸਾਡੇ ਸਮਾਜ-ਆਰਥਕ-ਰਾਜਨੀਤਕ ਢਾਂਚੇ ਨੂੰ ਸਿਆਸੀ ਨਾਇਕਾਂ, ਖਲਨਾਇਕਾਂ, ਮਸਖਰਿਆਂ ਆਦਿ ਦੇ ਨਾਟਕੀ ਸੰਵਾਦ ਅਤੇ ਕਾਰਜ ਵਿਚੋਂ ਉਤਪੰਨ ਹੋਣ ਵਾਲਾ ਮੈਲੋਡਰਾਮਾ ਬਣਾ ਕੇ ਰੱਖ ਦਿੱਤਾ ਹੈ। ਸੋ ਮੀਡੀਆ ਦੁਆਰਾ ਸਿਰਜਿਆ ਜਾਣ ਵਾਲਾ ਸਮਾਜਕ ਯਥਾਰਥ ਕੋਈ ਜਟਿਲ ਇਤਿਹਾਸਕ ਸ਼ਕਤੀਆਂ ਦੀ ਉਪਜ ਨਹੀਂ, ਸਗੋਂ ਨਾਇਕਾਂ, ਖਲਨਾਇਕਾਂ, ਮਸਖਰਿਆਂ ਆਦਿ ਦੇ ਰੂਪ ਵਿਚ ਪੇਸ਼ ਹੋਣ ਵਾਲੇ ਨੇਤਾਵਾਂ ਦੇ ਨਾਟਕੀ ਟਕਰਾਵਾਂ ਦੀ ਉਪਜ ਹੈ। ਇਹ ਪੱਤਰਕਾਰਤਾ ਦਾ ਦੁਰਾਚਾਰੀ ਘੇਰਾ ਹੈ।

ਆਪਾਂ ਇਸ਼ਤਿਹਾਰਾਂ ਦੀ ਗੱਲ ਕਰ ਰਹੇ ਸੀ। ਫੇਰ ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਅਖ਼ਬਾਰ ਦੀ ਕੇਵਲ ਸਰਕੂਲੇਸ਼ਨ ਹੀ ਨਹੀਂ ਦੇਖਦੀਆਂ, ਸਗੋਂ ਇਹ ਵੀ ਦੇਖਦੀਆਂ ਹਨ ਕਿ ਅਖ਼ਬਾਰ ਨੂੰ ਕੌਣ ਲੋਕ ਪੜ੍ਹਦੇ ਹਨ। ਉਹ ਇਸ ਗੱਲ ਵੱਲ ਖ਼ਾਸ ਧਿਆਨ ਦਿੰਦੀਆਂ ਹਨ ਕਿ ਕੀ ਅਖ਼ਬਾਰ ਨੂੰ ਪੜ੍ਹਨ ਵਾਲੇ ਪਾਠਕ ਉਹਨਾਂ ਦੁਆਰਾ ਤਿਆਰ ਕੀਤੀਆਂ ਵਸਤੂਆਂ ਨੂੰ ਖਰੀਦਣ ਦੀ ਸਮਰੱਥਾ ਵੀ ਰੱਖਦੇ ਹਨ ਜਾਂ ਨਹੀਂ? ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਦੀ ਦਿਲਚਸਪੀ ਪਾਠਕਾਂ ਵਿਚ ਨਹੀਂ, ਸਗੋਂ ਖਪਤਕਾਰਾਂ ਵਿਚ ਹੁੰਦੀ ਹੈ। ਉਹਨਾਂ ਮੱਧ ਵਰਗੀ ਪਾਠਕਾਂ ਵਿਚ ਜੋ ਇਸ਼ਤਿਹਾਰਾਂ ਵਿਚ ਪੇਸ਼ ਹੋਣ ਵਾਲੀਆਂ ਖਪਤ ਦੀਆਂ ਵਸਤੂਆਂ ਨੂੰ ਖਰੀਦਣ ਦੀ ਸਮਰੱਥਾ ਰੱਖਦੇ ਹਨ। ਇਸ ਲਈ ਨਿਚਲੇ ਵਰਗ ਦੇ ਲੋਕਾਂ ਦੀਆਂ ਖ਼ਬਰਾਂ ਜਾਂ ਉਹਨਾਂ ਦੇ ਹਿੱਤਾਂ ਵਿਚ ਅਖ਼ਬਾਰ ਦੀ ਕੋਈ ਦਿਲਚਸਪੀ ਨਹੀਂ ਹੁੰਦੀ।

ਸੋ ਅਖ਼ਬਾਰਾਂ ਦੀ ਮੁੱਖ ਦਿਲਚਸਪੀ ਉਪਭੋਗਤਾਵਾਦ ਵਿਚ ਹੀ ਹੈ। ਅਖ਼ਬਾਰਾਂ ਦਾ ਸਮੁੱਚਾ ਅਸਤਿਤਵ ਉਪਭੋਗਤਾਵਾਦ ਉਪਰ ਹੀ ਟਿਕਿਆ ਹੁੰਦਾ ਹੈ। ਮੀਡੀਆ ਜਾਂ ਅਖ਼ਬਾਰ ਕੇਵਲ ਉਪਭੋਗਤਾਵਾਦ ਦੀ ਉਪਜ ਹੀ ਨਹੀਂ, ਸਗੋਂ ਉਪਭੋਗਤਾਵਾਦ ਨੂੰ ਉਤਸ਼ਾਹਿਤ ਕਰਨ ਵਾਲੀ ਪ੍ਰਮੁਖ ਸੰਸਥਾ ਵੀ ਹੈ। ਸਮਾਜ ਵਿਚ ਉਪਭੋਗਤਾਵਾਦ ਨੂੰ ਉਤਸਾਹਿਤ ਕਰਨ ਵਾਲਾ ਮੀਡੀਆ ਸਮਾਜਕ ਤਬਦੀਲੀ ਲਈ ਸਹਾਇਕ ਹੋ

ਸਕਦਾ ਹੈ ਜਾਂ ਫੇਰ ਕਿ ਜਿਵੇਂ ਆਪਾਂ ਉਪਰ ਗੱਲ ਕਰ ਰਹੇ ਸੀ, ਜਮਹੂਰੀਅਤ ਦਾ ਚੌਥਾ ਥੰਮ੍ਹ ਬਣ ਸਕਦਾ ਹੈ, ਇਹ ਗੱਲ ਜੱਚਦੀ ਨਹੀਂ।

ਇਹ ਨਾਵਲ ਮੀਡੀਏ ਦਾ ਇਕ ਹੋਰ ਪੱਖ ਵੀ ਪੇਸ਼ ਕਰਦਾ ਹੈ। ਜਦੋਂ ਤਿੰਨ ਦਿਨਾਂ ਦੀ ਅਗਲੀ ਪੇਸ਼ੀ ਪਾ ਕੇ ਜੱਜ ਦੋਸ਼ੀਆਂ ਦੀ ਤਦ ਤੱਕ ਦੀ ਜ਼ਮਾਨਤ ਮਨਜ਼ੂਰ ਕਰ ਲੈਂਦਾ ਹੈ ਤਾਂ ਨੰਦ ਲਾਲ ਅਜੈ ਨੂੰ ਆਖਦਾ ਹੈ, ''ਇਕ ਗੱਲ ਹੋਰ। ਕਿਸੇ ਪੱਤਰਕਾਰ ਨੂੰ ਫੜ ਕੇ ਖ਼ਬਰਾਂ ਲਗਵਾ ਦਿਓ। ਅਖ਼ਬਾਰ ਜਿਹੜੀ ਜ਼ਹਿਰ ਉੱਗਲਦੇ ਹਨ, ਉਸਦਾ ਉਹਨਾਂ ਨੂੰ ਮੋੜਵਾਂ ਜੁਆਬ ਮਿਲ ਜਾਵੇਗਾ।'' ''ਆਪਣੀ ਖ਼ਬਰ ਕੌਣ ਲਾਏਗਾ?'' ਜਦੋਂ ਅਜੈ ਇਹ ਤੌਖਲਾ ਪ੍ਰਗਟਾਉਂਦਾ ਹੈ ਤਾਂ ਨੰਦ ਲਾਲ ਬੜੇ ਹੌਂਸਲੇ ਅਤੇ ਯਕੀਨ ਨਾਲ ਆਖਦਾ ਹੈ: ''ਤੂੰ ਪੰਜਾਬ ਕੇਸਰੀ ਵਾਲੇ ਛਿੰਦੇ ਕੋਲ ਚਲਾ ਜਾ। ਮੇਰਾ ਨਾਂ ਲੈ ਦੇਈਂ। ਪੰਜ ਸੌ ਦਾ ਨੋਟ ਫੜਾ ਦੇਈਂ। ਦੇਖ ਕਿਸ ਤਰ੍ਹਾਂ ਖ਼ਬਰ ਲੱਗਦੀ ਹੈ, ਵੱਡੀਆਂ ਵੱਡੀਆਂ ਸੁਰਖੀਆਂ ਵਿਚ।''

ਕਿਉਂਕਿ ਪੰਜਾਬ ਦੇ ਪੜ੍ਹੇ-ਲਿਖੇ ਮੱਧ ਵਰਗੀ ਅਮੀਰ ਲੋਕ ਅੰਗਰੇਜ਼ੀ ਦੀਆਂ ਅਖ਼ਬਾਰਾਂ ਹੀ ਪੜ੍ਹਦੇ ਹਨ, ਇਸ ਲਈ ਉਹਨਾਂ ਵਿਚ, ਜਿਵੇਂ ਕਿ ਆਪਾਂ ਉੱਪਰ ਦੇਖ ਹੀ ਆਏ ਹਾਂ, ਇਸ਼ਤਿਹਾਰ ਵੀ ਵਧੇਰੇ ਛਪਦੇ ਹਨ। ਪਰ ਦੂਸਰੇ ਪਾਸੇ ਪੰਜਾਬੀ ਹਿੰਦੀ ਦੀਆਂ ਅਖ਼ਬਾਰਾਂ ਦੀ ਸਰਕੂਲੇਸ਼ਨ ਤਾਂ ਭਾਵੇਂ ਬਹੁਤ ਹੁੰਦੀ ਹੈ, ਪਰ ਉਹਨਾਂ ਵਿੱਚ ਵੱਡੀਆਂ ਕੰਪਨੀਆਂ ਦੇ ਇਸ਼ਤਿਹਾਰ ਘੱਟ ਹੀ ਛਪਦੇ ਹਨ। ਇਸ ਲਈ ਉਹਨਾਂ ਨੂੰ ਛੋਟੇ ਅਦਾਰਿਆਂ ਉੱਪਰ ਨਿਰਭਰ ਕਰਨਾ ਪੈਂਦਾ ਹੈ ਜਿਸ ਕਾਰਨ ਉਹਨਾਂ ਨੂੰ ਆਮਦਨ ਵੀ ਘੱਟ ਹੀ ਹੁੰਦੀ ਹੈ। ਘੱਟ ਆਮਦਨ ਕਾਰਨ ਉਹ ਆਪਣੇ ਪੱਤਰਕਾਰਾਂ ਨੂੰ ਬਹੁਤ ਘੱਟ ਤਨਖਾਹ ਦੇ ਪਾਉਂਦੇ ਹਨ ਜਿਸ ਕਰਕੇ ਇਹਨਾਂ ਪੰਜਾਬੀ ਹਿੰਦੀ ਦੇ ਪੱਤਰਕਾਰਾਂ ਨੂੰ ਪੈਸਾ ਕਮਾਉਣ ਲਈ ਹੋਰ ਕਈ ਕਿਸਮ ਦੇ ਭ੍ਰਿਸ਼ਟ ਢੰਗ ਤਰੀਕੇ ਅਪਨਾਉਣੇ ਪੈਂਦੇ ਹਨ। ਉਦਾਹਰਣ ਦੇ ਤੌਰ 'ਤੇ ਨੰਬਰ ਇਕ, ਉਹ ਆਪਣੇ ਅਖ਼ਬਾਰ ਲਈ ਇਸ਼ਤਿਹਾਰ ਇਕੱਠੇ ਕਰਨ ਦਾ ਕਮਿਸ਼ਨ ਏਜੰਟੀ ਦਾ ਕੰਮ ਕਰਦੇ ਹਨ; ਨੰਬਰ ਦੋ, ਖ਼ਬਰਾਂ ਭੇਜਣ ਦੇ ਪੈਸੇ ਲੈਣ ਲੱਗ ਪੈਂਦੇ ਹਨ, ਨੰਬਰ ਤਿੰਨ, ਕਿਉਂਕਿ ਇਹ ਅਖ਼ਬਾਰ ਵੋਟਰਾਂ ਤੱਕ ਤਾਂ ਪਹੁੰਚਦੇ ਹੀ ਹਨ, ਇਸ ਲਈ ਸਿਆਸੀ ਪਾਰਟੀਆਂ, ਭ੍ਰਿਸ਼ਟ ਅਫ਼ਸਰਾਂ, ਸਰਕਾਰੀ ਅਰਧ ਸਰਕਾਰੀ ਮਹਿਕਮਿਆਂ ਆਦਿ ਪਾਸੋਂ ਕਈ ਕਿਸਮ ਦੇ ਲਾਭ ਲੈ ਕੇ ਉਹਨਾਂ ਦੀਆਂ ਖ਼ਬਰਾਂ ਨੂੰ ਵਧਾ ਚੜ੍ਹਾ ਕੇ ਛਾਪਦੇ ਹਨ; ਨੰਬਰ ਚਾਰ, ਕਈ ਵਾਰ ਸਿਆਸੀ ਪਾਰਟੀਆਂ ਤੋਂ ਲਾਭ ਲੈਣ ਲਈ ਉਹਨਾਂ ਦੀ ਨੰਗੀ ਚਿੱਟੀ ਕੰਪੇਨ ਵੀ ਕਰਨ ਲੱਗ ਪੈਂਦੇ ਹਨ; ਨੰਬਰ ਪੰਜ, ਬਲੈਕ ਮੇਲਿੰਗ ਕਰਨ ਲੱਗ ਪੈਂਦੇ ਹਨ; ਨੰਬਰ ਛੇ, ਪੁਲਿਸ, ਪ੍ਰਸ਼ਾਸਨਿਕ ਅਧਿਕਾਰੀਆਂ, ਸਿਆਸੀ ਲੋਕਾਂ ਆਦਿ ਨਾਲ ਮਿਲ ਕੇ ਪਰੈਸ਼ਰ ਗਰੁੱਪ ਬਣਾ ਲੈਂਦੇ ਹਨ; ਨੰਬਰ ਸੱਤ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰੀ ਵਿਭਾਗਾਂ ਤੋਂ ਵੱਖ ਵੱਖ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਕਰਕੇ ਉਹਨਾਂ ਦੀਆਂ ਕਮਜ਼ੋਰੀਆਂ ਅਤੇ ਘਪਲੇ ਛੁਪਾ ਲੈਂਦੇ ਹਨ; ਨੰਬਰ ਅੱਠ ਸਿਆਸੀ ਅਹੁਦੇ ਪ੍ਰਾਪਤ ਕਰਨ ਲਈ ਪੂਰੇ ਪੱਖਪਾਤੀ ਹੋ ਕੇ ਸਿਆਸਤ ਖੇਡਦੇ ਹਨ; ਆਦਿ ਆਦਿ।

ਇਸ ਤਰ੍ਹਾ ਦੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ। ਪਰ ਇਹਨਾਂ ਸਾਰੀਆਂ ਗੱਲਾਂ ਦਾ ਇਕੋ ਅਰਥ ਹੈ ਕਿ ਇਹ ਪੱਤਰਕਾਰ ਆਪਣੀਆਂ ਆਰਥਿਕ ਅਤੇ ਵਿਵਸਾਇਕ ਲੋੜਾਂ ਪੂਰੀਆਂ ਕਰਨ ਲਈ ਜਾਂ ਸਿਆਸੀ ਸ਼ਕਤੀ ਦੇ ਲੋਭ ਅਧੀਨ ਲੋਕਾਂ ਤੱਕ ਸਹੀ ਅਤੇ ਲੋੜੀਂਦੀ ਜਾਣਕਾਰੀ ਦਾ ਸੰਚਾਰ ਹੋਣ ਹੀ ਨਹੀਂ ਦਿੰਦੇ। ਇਸ ਤੋਂ ਇਲਾਵਾ ਖ਼ਬਰਾਂ ਇਕੱਠੀਆਂ ਕਰਨ ਲਈ ਲੋੜੀਂਦੀਆਂ ਸਹੂਲਤਾਂ ਅਤੇ ਵਸੀਲੇ ਉਪਲੱਬਧ ਨਾ ਹੋਣ ਕਾਰਨ ਦਫ਼ਤਰੀ ਪ੍ਰੈਸ ਨੋਟਾਂ ਉੱਪਰ ਹੀ ਨਿਰਭਰ ਕਰਨ ਲੱਗ ਪੈਂਦੇ ਹਨ। ਫੇਰ ਇਹ ਪੱਤਰਕਾਰ ਆਪਣੀਆਂ ਇਸ ਕਿਸਮ ਦੀਆਂ ਗ਼ਲਤ ਮਲਤ ਅਤੇ ਪੱਖਪਾਤੀ ਖ਼ਬਰਾਂ ਛਪਵਾਉਣ ਲਈ ਡੈਸਕ ਉੱਪਰ ਬੈਠੇ ਪੱਤਰਕਾਰਾਂ ਨੂੰ ਵੀ ਇਸ ਭ੍ਰਿਸ਼ਟਾਚਾਰ ਵਿਚ ਸ਼ਾਮਲ ਕਰ ਲੈਂਦੇ ਹਨ। ਖ਼ੈਰ ਬਹੁਤੀ ਗੱਲ ਕਰਨ ਦੀ ਤਾਂ ਲੋੜ ਨਹੀਂ, ਇਹ ਨਾਵਲ ਸਪਸ਼ਟ ਰੂਪ ਵਿਚ ਇਸ ਗੱਲੋਂ ਇਨਕਾਰੀ ਹੈ ਕਿ ਸਾਡੀ ਪੱਤਰਕਾਰੀ ਜਾਂ ਮੀਡੀਆ ਸਮਾਜਕ ਤਬਦੀਲੀ ਦੇ ਸੰਘਰਸ਼ ਵਿਚ ਕੋਈ ਰੋਲ ਅਦਾ ਕਰ ਸਕਦਾ ਹੈ।

ਕੌਰਵ ਸਭਾ ਵਿਚ ਜੇਕਰ ਪੱਤਰਕਾਰ ਕੇਸ ਲਈ ਕੋਈ ਦਿਲਚਸਪੀ ਦਿਖਾਉਂਦੇ ਹਨ ਤਾਂ ਨਿੱਜੀ ਕਾਰਨਾਂ ਤੋਂ ਵੱਧ ਇਸ ਕੇਸ ਵਿਚ ਕਤਲ, ਡਕੈਤੀ ਅਤੇ ਬਲਾਤਕਾਰ ਦੀ ਸਨਸਨੀ ਅਤੇ ਕੇਸ ਦੀ ਹੈਂਡਲਿੰਗ ਕਾਰਨ ਪੈਦਾ ਹੋਣ ਵਾਲੀਆਂ ਮੈਲੋਡਰਾਮੈਟਿਕ ਸਥਿਤੀਆਂ ਹੀ ਹਨ, ਕੋਈ ਸਮਾਜਕ ਚਿੰਤਾ ਨਹੀਂ। ਇਸ ਗੱਲ ਤੋਂ ਤਾਂ ਸ਼ਾਇਦ ਨਾਵਲਕਾਰ ਵੀ ਨਹੀਂ ਬਚ ਸਕਿਆ। ਨਹੀਂ ਤਾਂ ਕੀ ਨਿਹਾ ਦੀ ਮਾਮੀ ਜੋ ਆਪਣੇ ਪਤੀ ਨੂੰ ਆਖਦੀ ਹੈ: ''ਕੁੜੀ ਸ਼ਰਮ ਦੀ ਮਾਰੀ ਆਤਮ ਹੱਤਿਆ ਕਰਨ ਨੂੰ ਫਿਰਦੀ ਹੈ, ਤੁਸੀਂ ਉਸ ਨੂੰ ਵਾਰਦਾਤ ਦੇ ਵੇਰਵੇ ਪੁੱਛਦੇ ਹੋ,'' ਕੀ ਏਨੀ ਵੱਡੀ ਤਰਾਸਦੀ ਰਾਹੀਂ ਪੂਰੀ ਤਰ੍ਹਾਂ ਟੁੱਟੀ ਹੋਈ ਹੋਣ ਦੇ ਬਾਵਜੂਦ ਇਹ ਸੰਵਾਦ ਉਚਾਰੇਗੀ: ''ਜਾਪਦਾ ਸੀ ਬਲਾਤਕਾਰੀ ਹੱਟਾ ਕੱਟਾ ਸੀ। ਕੁੜੀ ਨੂੰ ਭੇੜੀਏ ਵਾਂਗ ਪਿਆ ਸੀ। ਨਾਜ਼ੁਕ ਕੁੜੀ ਦਾ ਅੰਗ ਅੰਗ ਚੂੰਡਿਆ ਪਿਆ ਸੀ,'' ਖ਼ੈਰ, ਆਪਾਂ ਤਾਂ ਮੀਡੀਆ ਦੀ ਗੱਲ ਕਰ ਰਹੇ ਸੀ। ਮੀਡੀਆ ਦਾ ਵਿਉਪਾਰਕ ਢਾਂਚਾ ਹੀ ਇਸ ਪਰਕਾਰ ਦਾ ਹੈ ਕਿ ਇਹ ਉਪਭੋਗਤਾਵਾਦ ਨੂੰ ਉਤਸਾਹਿਤ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ: ਉਪਭੋਗਤਾਵਾਦ ਹੀ ਇਸਦੀ ਜਿੰਦ ਜਾਨ ਹੈ। ਕੀ ਮੌਜੂਦਾ ਸਮਾਜ-ਆਰਥਕ-ਰਾਜਨੀਤਕ ਢਾਂਚਾ ਜੋ ਉਪਭੋਗਤਾਦਾਵ ਵਰਗੀਆਂ ਕਦਰਾਂ ਕੀਮਤਾਂ ਦਾ ਹੀ ਭ੍ਰਿਸ਼ਟ ਕੀਤਾ ਹੋਇਆ ਹੈ, ਨੂੰ ਤਬਦੀਲ ਕਰਨ ਵਿਚ ਮੀਡੀਆ ਕੋਈ ਸਾਰਥਕ ਰੋਲ ਅਦਾ ਕਰ ਸਕੇਗਾ, ਇਹ ਨਾਵਲ ਇਸ ਗੱਲ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ।

**ਸੰਘਰਸ਼ਸ਼ੀਲ ਸੰਸਥਾਵਾਂ :**

ਇਸ ਨਾਵਲ 'ਕੌਰਵ ਸਭਾ' ਵਿਚ ਮਿੱਤਰ ਸੈਨ ਮੀਤ ਦਾ ਮੁੱਖ ਸਰੋਕਾਰ ਪੂਰੀ ਤਰ੍ਹਾਂ ਨਾਲ ਗਰਕ ਚੁੱਕੀ ਨਿਆਂ ਵਿਵਸਥਾ ਦਾ ਰੂਪਾਂਤਰਣ ਹੈ। ਨਿਆਂ ਵਿਵਸਥਾ ਦੇ ਇਸ ਨਿਘਾਰ ਨੂੰ ਉਹ ਦੋ ਰੂਪਾਂ ਵਿਚ ਦੇਖਦਾ ਹੈ। ਇਕ ਹੈ ਇਸ ਨਿਆਂ ਪਰਣਾਲੀ ਦੀ ਬਿਊਰੋਕਰੇਟਾਈਜ਼ੇਸ਼ਨ ਕਾਰਨ ਇਸ ਅੰਦਰ ਫ਼ੈਲਿਆ ਹੋਇਆ ਭ੍ਰਿਸ਼ਟਾਚਾਰ ਅਤੇ ਦੂਸਰਾ ਹੈ ਇਸਦਾ ਮੁਜ਼ਰਮ ਪੱਖੀ ਪੈਂਤੜਾ।

ਇਹਨਾਂ ਦੋਨੋਂ ਗੱਲਾਂ ਦਾ ਟਾਕਰਾ ਕਰਨ ਲਈ, ਇਸ ਮੌਜੂਦਾ ਨਿਆਂ ਵਿਵਸਥਾ ਦਾ ਰੂਪਾਂਤਰਣ ਜ਼ਰੂਰੀ ਹੈ। ਇਸ ਰੂਪਾਂਤਰਣ ਲਈ ਨਾਵਲਕਾਰ ਇਕ ਚਿੰਤਨਸ਼ੀਲ ਨੌਜੁਆਨ ਵਕੀਲ ਹਰੀਸ਼ ਰਾਇ ਦੇ ਰੂਪ ਵਿਚ ਇਕ ਕਿਰਦਾਰ ਅਤੇ ਉਸਦੀ ਸੰਸਥਾ 'ਵਿਕਟਮ ਵੈਲਫੇਅਰ ਸੁਸਾਇਟੀ' ਦਾ ਨਿਰਮਾਣ ਕਰਦਾ ਹੈ। ਹਰੀਸ਼ ਰਾਇ ਅਤੇ ਉਸਦੀ ਇਸ ਸੰਸਥਾ ਦੇ ਉਦੇਸ਼ਾਂ ਬਾਰੇ ਨਾਵਲਕਾਰ ਲਿਖਦਾ ਹੈ: ''ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਰਹਿਣ ਦੀਆਂ ਭੁੱਖੀਆਂ ਕੁਝ ਅਖੌਤੀ ਸਮਾਜ ਸੇਵੀ ਸੰਸਥਾਵਾਂ ਆਪਣਾ ਨਾਂ ਚਮਕਾਉਣ ਲਈ ਮੁਲਜ਼ਮਾਂ ਦੇ ਮਨੁੱਖੀ ਅਧਿਕਾਰਾਂ ਦਾ ਢੰਡੋਰਾ ਪਿੱਟਦੀਆਂ ਰਹਿੰਦੀਆਂ ਹਨ। ਜੇਲ੍ਹਾਂ ਨੂੰ ਅਰਾਮਦਾਇਕ ਬਣਾਓ। ਖਾਣ ਪੀਣ ਵਧੀਆ ਦਿਓ। ਨਹਾਉਣ ਲਈ ਖੁੱਲ੍ਹਾ ਪਾਣੀ ਅਤੇ ਤੇਲ ਸਾਬਣ ਦਿਓ। ਖੇਡਾਂ ਅਤੇ ਮਨੋਰੰਜਨ ਦਾ ਪ੍ਰਬੰਧ ਕਰੋ। ਡਾਕਟਰੀ ਸਹੂਲਤਾਂ ਦਿਓ। ਮੁੜ ਵਸੇਬੇ ਦਾ ਇੰਤਜ਼ਾਮ ਕਰੋ। ਯੋਗਾ ਕਰਾਓ। ਧਾਰਮਿਕ ਭਾਸ਼ਣ ਕਰਾਓ। ਡਾਕਟਰੀ ਸਹੂਲਤਾਂ ਦਿਓ। ਘਰ ਜਾਣ ਦੀ ਛੁੱਟੀ ਦਿਓ। ਗਰੀਬ ਮੁਲਜ਼ਮਾਂ ਨੂੰ ਸਰਕਾਰੀ ਖ਼ਰਚੇ 'ਤੇ ਵਕੀਲ ਕਰਕੇ ਦਿਓ। ਸਜ਼ਾ ਸੁਣਾਉਣ ਤੋਂ ਪਹਿਲਾਂ ਮਿਸਲ ਤੇ ਠੋਸ ਸਬੂਤਾਂ ਦਾ ਹੋਣਾ ਯਕੀਨੀ ਬਣਾਓ। ਸਰਕਾਰਾਂ ਅਤੇ ਅਦਾਲਤਾਂ ਇਹਨਾਂ ਸੰਸਥਾਵਾਂ ਦੇ ਦਬਾਅ ਹੇਠ ਆ ਕੇ ਮੁਲਜ਼ਮਾਂ ਨੂੰ ਰਿਆਇਤਾਂ ਤੇ ਰਿਆਇਤਾਂ ਦੇ ਰਹੀਆਂ ਹਨ। ਨਹਾਉਣ ਲਈ ਟਿਊਬਵੈਲ ਲਗਾ ਦਿੱਤੇ। ਮਨੋਰੰਜਨ ਲਈ ਟੀ.ਵੀ. ਅਤੇ ਖੇਡਾਂ ਦਾ ਵੱਖਰਾ ਪ੍ਰਬੰਧ। ਕਾਨੂੰਨੀ ਸਹਾਇਤਾ ਦੇਣ ਲਈ ਇਕ ਫ਼ੰਡ ਬਣਾ ਦਿੱਤਾ। ਕਿਸ਼ੋਰ ਮੁਲਜ਼ਮਾਂ ਦੇ ਹੱਕ ਵਿਚ ਕਾਨੂੰਨ ਬਣ ਗਿਆ। ਔਰਤ ਮੁਲਜ਼ਮਾਂ ਨੂੰ ਭਾਰੀ ਛੋਟਾਂ ਮਿਲ ਗਈਆਂ। ਅਦਾਲਤਾਂ ਨੇ ਦੋਸ਼ੀਆਂ ਦੇ ਹੱਕ ਵਿਚ ਨਿਯਮ ਘੜਨੇ ਸ਼ੁਰੂ ਕਰ ਦਿੱਤੇ। ਜੇ ਅਦਾਲਤ ਨੂੰ ਮੁਲਜ਼ਮ ਦੇ ਦੋਸ਼ੀ ਹੋਣ ਵਿਚ ਰਤਾ ਭਰ ਵੀ ਸ਼ੱਕ ਪੈ ਜਾਏ ਤਾਂ ਬਾਕੀ ਸਬੂਤਾਂ ਨੂੰ ਛਿੱਕੇ ਟੰਗ ਕੇ ਉਸ ਨੂੰ ਬਰੀ ਕਰ ਦੇਵੋ। ਦੋਸ਼ੀਆਂ ਨੂੰ ਮੌਜਾਂ ਲੱਗ ਗਈਆਂ। ਸੌ ਵਿਚੋਂ ਨੱਬੇ ਬਰੀ ਹੋਣ ਲੱਗੇ। ... ਮੁਲਜ਼ਮ ਪੱਖੀ ਇਸ ਰਾਮ ਰੌਲੇ ਵਿਚ ਮੁਲਜ਼ਮਾ ਹੱਥੋਂ ਮਾਰ ਖਾਈ ਬੈਠੇ ਲੋਕਾਂ ਦੀਆਂ ਆਹਾਂ ਕੋਈ ਨਹੀਂ ਸੁਣਦਾ। ਇਹਨਾਂ ਪੀੜਤਾਂ ਉੱਪਰ ਦੂਹਰੀ ਤੀਹਰੀ ਮਾਰ ਪੈ ਰਹੀ ਸੀ। ਪਹਿਲਾਂ ਮੁਲਜ਼ਮ ਉਹਨਾਂ ਦੇ ਮਨਾਂ ਅਤੇ ਸਰੀਰਾਂ ਨੂੰ ਜ਼ਖ਼ਮੀ ਕਰਦੇ ਸਨ। ਫੇਰ ਅਦਾਲਤਾਂ ਮੁਲਜ਼ਮਾਂ ਨੂੰ ਨਿਰਦੋਸ਼ ਆਖਕੇ, ਉਹਨਾਂ ਦੇ ਜ਼ਖ਼ਮਾਂ ਨੂੰ ਉਚੇੜ ਦਿੰਦੀਆਂ ਸਨ। ਹਰੀਸ਼ ਰਾਇ ਨੇ ਇਹਨਾਂ ਪੀੜਤਾਂ ਦੇ ਹੰਝੂ ਪੂੰਝਣ ਦਾ ਬੀੜਾ ਚੁੱਕਿਆ ਸੀ।''

ਹਰੀਸ਼ ਰਾਇ ਸਮਝਦਾ ਸੀ ਕਿ ਇੱਕ ਦੁੱਕਾ ਮੁਕੱਦਮਿਆਂ ਵਿੱਚ ਮੁੱਦਈ ਧਿਰ ਦਾ ਪੱਖ ਪੂਰਨ ਨਾਲ ਉਸਦਾ ਇਹ ਮਿਸ਼ਨ ਪੂਰਾ ਨਹੀਂ ਹੋ ਸਕਦਾ। ਇਸ ਲਈ ਉਹ ਕਾਨੂੰਨ ਨੂੰ ਬਦਲਣ ਦੀ ਗੱਲ ਕਰਦਾ ਹੈ। ਪਰ ਰਾਮ ਨਾਥ ਨੂੰ ਤਾਂ ਆਪਣੇ ਕੇਸ ਵਿਚ ਦਿਲਚਸਪੀ ਸੀ। ਇਸ ਲਈ ਉਹ ਆਖਦਾ ਹੈ: ਕਾਨੂੰਨ ਪਤਾ ਨਹੀਂ ਕਦੋਂ ਬਦਲੇਗਾ? ਆਪਾਂ ਆਪਣੀ ਬਣੀ ਅੱਜ ਨਿਬੇੜਨੀ ਹੈ।'' ਇਸਦੇ ਜੁਆਬ ਵਿਚ ਹਰੀਸ਼ ਰਾਇ ਆਪਣੀ ਨੀਤੀ ਸਪਸ਼ਟ ਕਰਦਾ ਹੈ: ''ਜੇ ਅਸੀਂ ਇਸ ਢਾਂਚੇ ਨੂੰ ਬਦਲਣ ਲਈ ਲੜਾਂਗੇ ਤਾਂ ਇਹ ਜ਼ਰੂਰ ਕਿਸੇ ਦਿਨ ਬਦਲੇਗਾ। ਪਹਿਲਾਂ ਆਵਾਜ਼ ਇਕ ਮੁਕੱਦਮੇ ਵਿਚ ਉੱਠੇਗੀ। ਦੇਖੋ ਦੇਖੀ ਸਭ ਉਠਣ ਲੱਗਣਗੇ। ਇਕ ਦਿਨ ਇਹ ਆਵਾਜ਼ ਕਚਹਿਰੀ ਵਿਚੋਂ ਨਿਕਲ ਕੇ ਸੜਕਾਂ 'ਤੇ ਆ ਜਾਏਗੀ। ਸਰਕਾਰ ਦੇ ਕੰਨ 'ਤੇ ਜੂੰ ਸਰਕੇਗੀ। ਤਖ਼ਤ ਹਿੱਲਣਗੇ। ਨਵੇਂ ਕਾਨੂੰਨ ਬਣਨਗੇ।'' ਜੇਕਰ ਮਨੁੱਖੀ ਅਧਿਕਾਰ ਸਭਾਵਾਂ ਦੇ ਪਰੈਸ਼ਰ ਅਧੀਨ ਕਾਨੂੰਨ ਬਦਲ ਸਕਦੇ ਹਨ ਅਤੇ ਕੈਦੀਆਂ ਨੂੰ ਵਧੇਰੇ ਸਹੂਲਤਾਂ ਮਿਲ ਸਕਦੀਆਂ ਹਨ, ਤਾਂ ਫੇਰ ਵਿਕਟਮ ਵੈਲਫੇਅਰ ਸੁਸਾਇਟੀ, ਜਿਸਨੇ ਤਹਿਸੀਲ ਪੱਧਰ ਤੋਂ ਲੈ ਕੇ ਹਾਈਕੋਰਟ ਤੱਕ ਆਪਣੀਆਂ ਇਕਾਈਆਂ ਖੋਹਲ ਰੱਖੀਆਂ ਹਨ ਅਤੇ ਵੱਡੀਆਂ ਵੱਡੀਆਂ ਸਮਾਜ ਸੇਵੀ ਸੰਸਥਾਵਾਂ, ਅਤੇ ਵਕੀਲ ਜਿਸਦੇ ਪਿੱਛੇ ਕੰਮ ਕਰਦੇ ਹਨ, ਵੀ ਆਪਣਾ ਪਰੈਸ਼ਰ ਪਾ ਸਕਦੇ ਹਨ।

ਇਸ ਨਾਵਲ ਵਿਚ ਜੱਜਾਂ ਅਤੇ ਸਰਕਾਰੀ ਅਨਸਰਾਂ ਉੱਪਰ ਇਸ ਸੁਸਾਇਟੀ ਦੇ ਪਰੈਸ਼ਰ ਦੇ ਸਪਸ਼ਟ ਸੰਕੇਤ ਵੀ ਮਿਲਦੇ ਹਨ ਜਿਵੇਂ ਕਿ ''ਹਰੀਸ਼ ਰਾਇ ਦਾ ਵਕਾਲਤਨਾਮਾ ਮਿਸਲ ਨਾਲ ਲਗਦਿਆਂ ਹੀ ਸੁੱਤੀ ਹੋਈ ਸਰਕਾਰ ਅੰਗੜਾਈਆਂ ਲੈਣ ਲੱਗੀ'' ਜਾਂ ਫੇਰ ਕਿ ਹਾਈਕੋਰਟ ਦਾ ਚੀਫ਼ ਜਸਟਿਸ ਜਿਹੜੇ ਜੱਜ ਨੂੰ ਮਾਇਆ ਨਗਰੀ ਦਾ ਸੈਸ਼ਨ ਜੱਜ ਲਗਾਉਣਾ ਚਾਹੁੰਦਾ ਸੀ, ਉਸ ਨੂੰ ਇਸ ਲਈ ਨਹੀਂ ਲਗਾ ਸਕਿਆ ਕਿਉਂਕਿ ''ਸੁਸਾਇਟੀ ਦਾ ਪ੍ਰਧਾਨ ਤੁਹਾਡੇ ਵਲੋਂ ਲੱਗੀ ਸਿਫ਼ਾਰਸ਼ ਦੀ ਸੂਹ ਕੱਢੀ ਫਿਰਦਾ ਹੈ। ਉਹ ਖ਼ੁਦ ਮੇਰੇ ਕੋਲ ਇਤਰਾਜ਼ ਕਰਕੇ ਗਿਆ ਸੀ। ਪੰਕਜ ਨੇ ਜਿਸ ਜੱਜ ਦੀ ਸਿਫ਼ਾਰਸ਼ ਕੀਤੀ ਸੀ ਉਹ ਬੇਵਕੂਫ਼ ਕਈ ਵਾਰ ਸਰਕਾਰੀ ਗੱਡੀ 'ਤੇ ਇਹਨਾਂ ਦੀ ਕੋਠੀ ਆਇਆ ਸੀ। ਸਰਕਾਰੀ ਫ਼ੋਨ ਤੋਂ ਉਹਨਾਂ ਨੂੰ ਫ਼ੋਨ ਕਰਦਾ ਰਿਹਾ ਸੀ। ਪ੍ਰਧਾਨ ਸਾਰਾ ਰਿਕਾਰਡ ਚੁੱਕੀ ਫਿਰਦਾ ਸੀ।'' ਸੋ ਵਿਕਟਮ ਵੈਲ਼ਫ਼ੇਅਰ ਸੁਸਾਇਟੀ ਵਰਗੀਆਂ ਸੰਸਥਾਵਾਂ ਦੇ ਪਰੈਸ਼ਰ ਅਧੀਨ ਇਹ ਕਾਨੂੰਨ ਦੂਸਰੀ ਦਿਸ਼ਾ ਵਿਚ ਵੀ ਬਦਲ ਸਕਦੇ ਹਨ।

ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਿਵੇਂ ਮੁਜਰਮ ਇਸ ਕਾਨੂੰਨ ਦੀ ਦੁਰਵਰਤੋਂ ਕਰਦੇ ਹਨ। ਇਸੇ ਤਰ੍ਹਾਂ ਹੋ ਸਕਦਾ ਹੈ ਕਿ ਸਰਕਾਰਾਂ ਜਾਂ ਹਾਕਮ ਜਮਾਤਾਂ ਵੀ ਸਮਾਜਕ ਅਨਿਆਂ ਵਿਰੁੱਧ ਲੜਨ ਵਾਲੀਆਂ ਜੱਥੇਬੰਦੀਆਂ, ਸਿਆਸੀ ਲਹਿਰਾਂ ਆਦਿ ਨੂੰ ਦਬਾਉਣ ਲਈ ਇਹਨਾਂ ਕਾਨੂੰਨੀ ਕਮਜ਼ੋਰੀਆਂ ਦੀ ਦੁਰਵਰਤੋਂ ਕਰਦੀਆਂ ਹੋਣ। ਹਰਵਿੰਦਰ ਭੰਡਾਲ ਇਸ ਨਾਵਲ ਬਾਰੇ ਆਪਣੇ ਲੇਖ 'ਕੌਰਵ ਸਭਾ: ਮਾਨਵੀ ਰਿਸ਼ਤਿਆਂ ਦੀ ਇਕ ਪੜ੍ਹਤ' ਵਿਚ ਇਸ ਮਸਲੇ ਬਾਰੇ ਬਹੁਤ ਵਧੀਆ ਨੁਕਤਾ ਉਠਾਉਂਦਾ ਹੈ: ''ਜਿਵੇਂ ਨਾਵਲ ਦੇ ਬਿਰਤਾਂਤ ਤੋਂ ਹੀ ਸਪਸ਼ਟ ਹੈ ਕਿ ਕੋਈ ਵੀ ਚਲਾਕ ਵਿਅਕਤੀ ਇਸ ਕਾਨੂੰਨ ਦੀ ਦੁਰਵਰਤੋਂ ਕਰ ਸਕਦਾ ਹੈ। ਇਹ ਦੁਰਵਰਤੋਂ ਸਿਰਫ਼ ਅਪਰਾਧ ਕਰਨ ਵਾਲਿਆਂ ਵਲੋਂ ਹੀ ਨਹੀਂ ਹੋ ਸਕਦੀ, ਉਹਨਾਂ ਵੱਲੋਂ ਵੀ ਹੋ ਸਕਦੀ ਹੈ ਜੋ ਨਿਰਦੋਸ਼ਾਂ ਦੇ ਸਿਰ ਅਪਰਾਧ ਮੜ੍ਹ ਦਿੰਦੇ ਹਨ। ਇਹ ਦੁਰਵਰਤੋਂ ਮਨੁੱਖ ਦੇ ਸਮਾਜਕ ਵਿਤਕਰਿਆਂ ਦਾ ਵਿਰੋਧ ਕਰਨ ਦੇ ਬੁਨਿਆਦੀ ਅਧਿਕਾਰਾਂ ਨੂੰ ਖ਼ਤਮ ਕਰਨ ਲਈ ਵੀ ਹੋ ਸਕਦੀ ਹੈ। ਇਸੇ ਲਈ ਮੁਲਜ਼ਮਾਂ ਦੇ ਮਾਨਵੀ ਅਧਿਕਾਰਾਂ ਦਾ ਮੁੱਦਾ ਉੱਠਦਾ ਹੈ। ਮੁਲਜ਼ਮਾਂ ਦੇ ਮਾਨਵੀ ਅਧਿਕਾਰ ਅਤੇ ਬੇਹਤਰ ਜੀਵਨ ਸਹੂਲਤਾਂ, ਸਖ਼ਤ ਕਾਨੂੰਨੀ ਨਿਰੰਤਰਣ ਦੇ ਖ਼ਿਲਾਫ਼ ਮਾਨਵੀ ਸੰਘਰਸ਼ਾ ਦਾ ਸਿੱਟਾ ਹਨ।''

ਹਰਵਿੰਦਰ ਭੰਡਾਲ ਨੂੰ ਹਰੀਸ਼ ਰਾਇ ਦੇ ਕਿਰਦਾਰ ਰਾਹੀਂ ਪ੍ਰਗਟਾਈ ਗਈ ਨਾਵਲਕਾਰ ਦੀ ਇਹ ਆਦਰਸ਼ਵਾਦੀ ਦ੍ਰਿਸ਼ਟੀ ਕੇਵਲ ਪ੍ਰਤੀਕਿਰਿਆ ਦੀ ਹੀ ਨਹੀਂ ਜਾਪਦੀ, ਸਗੋਂ ਆਦਰਸ਼ਵਾਦੀ ਜੱਜ ਸਾਧੂ ਸਿੰਘ ਦੇ ਇਸ ਕਥਨ ਵਿਚੋਂ ਉਹ ਇਸ ਦ੍ਰਿਸ਼ਟੀ ਦੇ ਫਾਸ਼ੀ ਤੱਤਾਂ ਦੀ ਵੀ ਬਾਖ਼ੂਬੀ ਪਛਾਣ ਕਰ ਲੈਂਦਾ ਹੈ: ''ਸਾਡਾ ਦੇਸ਼ ਕੁਰਬਾਨੀਆਂ ਦੇਣ ਵਿਚ ਵਿਸ਼ਵਾਸ ਰੱਖਦਾ ਹੈ। ਸੌ ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਜੇ ਇਕ ਨਿਰਦੋਸ਼ ਨੂੰ ਫ਼ਾਂਸੀ ਚੜ੍ਹਨਾ ਪਵੇ ਤਾਂ ਉਸ ਨੂੰ ਚੜ੍ਹ ਜਾਣਾ ਚਾਹੀਦਾ ਹੈ। ਹੁਣ ਇਹ ਸਿਧਾਂਤ ਹੋਣਾ ਚਾਹੀਦਾ ਹੈ।''

ਜਿਵੇਂ ਕਿ ਨਾਵਲਕਾਰ ਸਪਸ਼ਟ ਕਰਦਾ ਹੈ ਕਿ ਹਰੀਸ਼ ਰਾਇ ਅਤੇ ਉਸਦੀ ਸੁਸਾਇਟੀ ਆਪਣਾ ਇਹ ਪ੍ਰੋਗਰਾਮ ਮਾਨਵ ਅਧਿਕਾਰ ਸੰਗਠਨਾਂ ਦੇ ਮੁਲਜ਼ਮ ਪੱਖੀ ਸੰਘਰਸ਼ਾਂ ਦੇ ਵਿਰੋਧ ਵਿਚ ਉਲੀਕਦੇ ਹਨ, ਇਸ ਲਈ ਹਰੀਸ਼ ਰਾਇ ਅਤੇ ਉਸਦੀ ਸੁਸਾਇਟੀ ਨੂੰ ਇਕ ਨਾਇਕ ਧਿਰ ਵਾਂਗ ਸਿਰਜ ਕੇ ਮਾਨਵ ਅਧਿਕਾਰ ਸੰਗਠਨਾਂ ਦੇ ਸੰਘਰਸ਼ ਪਿੱਛੇ ਕੰਮ ਕਰ ਰਹੀ ਸਿਆਸੀ ਚੇਤਨਾ ਨੂੰ ਇਸ ਨਾਵਲ ਵਿਚੋਂ ਪੂਰੀ ਤਰ੍ਹਾਂ ਨਾਲ ਗੈਰਹਾਜ਼ਰ ਕਰ ਦੇਣਾ, ਇਕ ਫਾਸ਼ੀ ਡਿਜ਼ਾਈਨ ਪ੍ਰਤੀਤ ਹੋਣ ਲੱਗ ਪੈਂਦਾ ਹੈ ਜਿਸਨੂੰ ਸਾਬਤ ਕਰਨ ਲਈ ਹਰਵਿੰਦਰ ਭੰਡਾਲ ਨਾਵਲਕਾਰ ਦੇ ਹੇਠ ਲਿਖੇ ਕਥਨ ਵੱਲ ਧਿਆਨ ਦੇਣ ਲਈ ਆਖਦਾ ਹੈ: ''ਪੰਚਮ ਵੀਹ ਸਾਲ ਤੋਂ ਘੱਟ ਉਮਰ ਦਾ ਨਹੀਂ ਸੀ। ਹੁੰਦਾ ਵੀ ਫੇਰ ਵੀ ਸਾਧੂ ਸਿੰਘ ਨੇ ਉਸ ਨੂੰ ਵੀਹ ਸਾਲ ਤੋਂ ਘੱਟ ਉਮਰ ਦਾ ਨਹੀਂ ਸੀ ਮੰਨਣਾ। ਬੱਚਾ ਸਮਝ ਦੇ ਮੁਆਫ਼ ਕਰਨ ਦੀ ਥਾਂ ਉਸ ਨੇ ਉਸ ਨੂੰ ਵੀ ਫਾਂਸੀ ਦੇ ਫੰਦੇ ਤੱਕ ਪਹੁੰਚਾਉਣਾ ਸੀ। ਜ਼ਹਿਰੀਲੇ ਸੱਪਾਂ ਦੇ ਬਚਪਨ ਵਿਚ ਹੀ ਗਲ ਘੁੱਟ ਦੇਣ ਵਿਚ ਬਿਹਤਰੀ ਸੀ।''

ਦਰਅਸਲ ਹਰੀਸ਼ ਰਾਇ ਅਤੇ ਸਾਧੂ ਸਿੰਘ ਫ਼ਾਸ਼ੀ ਕਿਰਦਾਰ ਵਾਲੇ ਵਿਅਕਤੀ ਨਹੀਂ ਹਨ ਅਤੇ ਨਾ ਹੀ ਵਿਕਟਮ ਵੈਲਫੇਅਰ ਸੁਸਾਇਟੀ ਕੋਈ ਫਾਸ਼ੀ ਸੰਸਥਾ ਹੈ। ਜੇਕਰ ਹਰੀਸ਼ ਰਾਇ ਅਤੇ ਉਸਦੀ ਸੰਸਥਾ ਦੇ ਇਸ ਨਾਵਲ ਵਿਚ ਪੇਸ਼ ਕੀਤੇ ਗਏ ਕਿਰਦਾਰ ਦਾ ਅਧਿਐਨ ਕੀਤਾ ਜਾਵੇ ਤਾਂ ਇਹਨਾਂ ਦੇ ਬਹੁਤ ਸਾਰੇ ਮਾਨਵ ਮੁਖੀ ਅਤੇ ਜਮਹੂਰੀ ਪੱਖ ਵੀ ਮਿਲ ਜਾਣਗੇ। ਪਰ ਨਾਵਲਕਾਰ ਨੇ ਪਹਿਲਾਂ ਤਾਂ ਇਹਨਾਂ ਦੇ ਪ੍ਰੌਜੈਕਟਾਂ ਨੂੰ ਮਾਨਵ ਅਧਿਕਾਰ ਸੰਗਠਨਾਂ ਦੇ ਪ੍ਰੌਜੈਕਟ ਦੇ ਵਿਰੋਧ ਵਿਚ ਖੜ੍ਹਾ ਕਰਕੇ ਅਤੇ ਫੇਰ ਮਾਨਵ ਅਧਿਕਾਰ ਸੰਗਠਨਾਂ ਦੇ ਪ੍ਰੌਜੈਕਟ ਅਤੇ ਉਸਦੇ ਸੰਘਰਸ਼ ਨੂੰ ਇਸ ਨਾਵਲ ਵਿਚੋਂ ਪੂਰੀ ਤਰ੍ਹਾਂ ਨਾਲ ਗੈਰਹਾਜ਼ਰ ਕਰਕੇ, ਇਹਨਾਂ ਦੇ ਇਸ ਮਾਨਵਮੁਖੀ ਅਤੇ ਜਮਹੂਰੀ ਪੱਖ ਨੂੰ ਨਾ-ਮੁਖੀ ਕਿਰਦਾਰ ਵਿਚ ਰੂਪਾਂਤ੍ਰਿਤ ਕਰ ਦਿੱਤਾ ਹੈ। ਪਰ ਇਸ ਗੱਲ ਦਾ ਇਕ ਦੂਸਰਾ ਪੱਖ ਵੀ ਹੈ। ਪੰਚਮ ਬਾਰੇ ਸਾਧੂ ਸਿੰਘ ਜੱਜ ਦੀ ਸੋਚ, ਜਿਸ ਦੇ ਅਧਾਰ ਤੇ ਆਪਾਂ ਨਾਵਲਕਾਰ ਦੇ ਫਾਸ਼ੀ ਡਿਜ਼ਾਈਨ ਉੱਪਰ ਮੁਹਰ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਸੋਚ ਨੂੰ ਪੰਜਾਬੀ ਸਮਾਜ ਦੇ ਇਤਿਹਾਸਕ/ਮਿਥਿਹਾਸਕ ਪਰਿਪੇਖ ਵਿਚ ਰੱਖ ਕੇ ਦੇਖਿਆ ਜਾਵੇ ਤਾਂ ਉਸ ਦੀ ਸੋਚ ਕਿ ''ਜ਼ਹਿਰੀਲੇ ਸੱਪਾਂ ਦੇ ਬਚਪਨ ਵਿਚ ਹੀ ਗਲ ਘੁੱਟ ਦੇਣ ਵਿਚ ਬਿਹਤਰੀ ਸੀ।'' ਹਕੀਕਤ ਵਿਚ ਸਾਧੂ ਸਿੰਘ ਦੀ ਇਸ ਸੋਚ ਉੱਪਰ ਨਾਵਲਕਾਰ ਵੱਲੋਂ ਕਸਿਆ ਗਿਆ ਇਕ ਵਿਅੰਗ ਹੈ ਕਿਉਂਕਿ ਜ਼ਹਿਰੀਲੇ ਸੱਪਾਂ ਦੇ ਬਚਪਨ ਵਿਚ ਗਲ ਘੁੱਟ ਦੇਣ ਵਾਲਾ ਇਹ ਫ਼ਿਕਰਾ ਅਸਲ ਵਿਚ ਗੁਰ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਸਜ਼ਾ ਦਿਵਾਉਣ ਲਈ ਸੁੱਚਾ ਨੰਦ ਵੱਲੋਂ ਵਰਤਿਆ ਗਿਆ ਉਹ ਫ਼ਿਕਰਾ ਹੈ ਜਿਸਤੋਂ ਆਪਾਂ ਸਾਰੇ ਹੀ ਵਾਕਫ਼ ਹਾਂ।

ਦੂਸਰੀ ਗੱਲ ਕਿ ਨਾਵਲਕਾਰ ਨੇ ਹਰੀਸ਼ ਰਾਇ ਦੇ ਪ੍ਰੋਜੈਕਟ ਨੂੰ ਮਾਨਵ ਅਧਿਕਾਰ ਸੰਗਠਨਾਂ ਦੇ ਵਿਰੋਧ ਵਿਚ ਖੜ੍ਹਾ ਕਰਕੇ, ਜੇ ਨਾਵਲ ਵਿੱਚ ਕੋਈ ਡੀਬੇਟ ਪੈਦਾ ਨਹੀਂ ਕੀਤੀ ਤਾਂ ਘੱਟੋ ਘੱਟ ਸਾਡੇ ਮਨਾਂ ਵਿਚ ਤਾਂ ਇਹ ਡੀਬੇਟ ਪੈਦਾ ਕਰ ਹੀ ਦਿੱਤੀ ਹੈ ਜਿਸਦਾ ਪਰਮਾਣ ਹਨ ਹਰਵਿੰਦਰ ਭੰਡਾਲ ਦਾ ਲੇਖ ਅਤੇ ਸਾਡੀ ਇਹ ਵਿਚਾਰ ਚਰਚਾ ਜੋ ਆਪਾਂ ਉਸਦੇ ਇਸ ਲੇਖ ਦੇ ਆਧਾਰ ’ਤੇ ਕਰ ਰਹੇ ਹਾਂ। ਨਾਲੇ ਫੇਰ ਇਸ ਸਥਿਤੀ ਰਾਹੀਂ ਸਾਡੇ ਬਹੁਤ ਸਾਰੇ ਆਲੋਚਕਾਂ ਦੀ ਇਹ ਧਾਰਨਾ ਕਿ ਨਾਵਲਕਾਰ ਨੇ ਬਿਰਤਾਂਤ ਵਿਚ ਲੋੜੋਂ ਵੱਧ ਦਖ਼ਲਅੰਦਾਜ਼ੀ ਰਾਹੀਂ, ਪਾਠਕਾਂ ਦੀ ਇਸ ਨਾਵਲ ਵਿਚ ਸਿਰਜਣਾਤਮਕ ਦਖ਼ਲ ਅੰਦਾਜ਼ੀ ਨੂੰ ਰੋਕ ਦਿੱਤਾ ਹੈ, ਗਲਤ ਸਾਬਤ ਹੋ ਜਾਂਦੀ ਹੈ।

ਨਾਵਲਕਾਰ ਭਾਵੇਂ ਕਿੰਨੀ ਵੀ ਦਖ਼ਲ ਅੰਦਾਜ਼ੀ ਕਿਉਂ ਨਾ ਕਰੇ ਤੇ ਪਾਠਕ ਭਾਵੇਂ ਕਿੰਨਾ ਵੀ ਨਿਰਪੱਖ ਹੋ ਕੇ ਉਸ ਨੂੰ ਕਿਉਂ ਨਾ ਪੜ੍ਹੇ, ਉਹ ਉਸ ਵਿਚ ਸਿਰਜਣਾਤਮਕ ਦਖ਼ਲਅੰਦਾਜ਼ੀ ਕਰੇ ਬਿਨਾ ਰਹਿ ਹੀ ਨਹੀਂ ਸਕਦਾ। ਇਸ ਦਖ਼ਲ ਅੰਦਾਜ਼ੀ ਵਿਚੋਂ ਹੀ ਅਰਥਾਂ ਦੀ ਸਿਰਜਣਾ ਹੁੰਦੀ ਹੈ। ਉਹ ਨਾਵਲ ਵਿਚੋਂ ਸਿਆਸਤ ਖੋਜਦਾ ਨਹੀਂ, ਸਿਰਜਦਾ ਹੈ। ਆਪਣੀ ਦਖ਼ਲਅੰਦਾਜ਼ੀ ਰਾਹੀਂ ਹਰੀਸ਼ ਰਾਇ ਦੇ ਪ੍ਰਾਜੈਕਟ ਨੂੰ ਮਾਨਵ ਅਧਿਕਾਰ ਸੰਗਠਨਾਂ ਦੀ ਵਿਚਾਰਧਾਰਾ ਦੇ ਵਿਰੋਧ ਵਿਚ ਖੜ੍ਹਾ ਕਰਕੇ ਨਾਵਲਕਾਰ ਨੇ ਹਰੀਸ਼ ਰਾਇ ਦੀ ਸੋਚ ਨਾਲ ਇਕ ਦਵੰਦ ਯੁੱਧ ਰਚਾਉਣ ਵਾਸਤੇ ਪਾਠਕਾਂ ਨੂੰ ਮਾਨਵ ਅਧਿਕਾਰ ਸੰਗਠਨਾਂ ਦੀ ਵਿਚਾਰਧਾਰਾ ਦਾ ਪਲੇਟਫ਼ਾਰਮ ਜਾਂ ਝੰਡਾ ਖ਼ੁਦ ਹੀ ਦਿੱਤਾ ਹੈ।

ਇਕ ਗੱਲ ਸਪਸ਼ਟ ਹੈ ਕਿ ਇਹ ਭਾਵੇਂ ਹਰੀਸ਼ ਰਾਇ ਦੀ ਵਿਟਮ ਵੈਲਫ਼ੇਅਰ ਸੁਸਾਇਟੀ ਹੋਵੇ ਤੇ ਭਾਵੇਂ ਮਾਨਵ ਅਧਿਕਾਰ ਸੰਗਠਨਾਂ ਦੀ ਵਿਚਾਰਧਾਰਾ, ਇਹਨਾਂ ਵਿਚੋਂ ਕੋਈ ਵੀ ਧਿਰ ਨਿਆਂ ਦੇ ਅਸਲ ਮੁੱਦੇ ਨੂੰ ਨਹੀਂ ਛੂਹ ਰਹੀ। ਕਚਹਿਰੀ ਦੇ ਰੂਪ ਵਿਚ ਨਿਆਂ ਦੇ ਡਰਾਮੇ ਦੀ ਸਟੇਜ ਸੈਟਿੰਗ ਦੇਖੋ: ਇਕ ਪਾਸੇ ਬਦਲੇ ਦੀ ਭਾਵਨਾ ਨਾਲ ਕਰਾਹ ਰਹੀ ਮੁਦਈ ਧਿਰ ਦੀ ਥਾਂ ਲੈ ਰਿਹਾ ਸਰਕਾਰੀ ਵਕੀਲ ਜੋ ਇਹ ਕਹਿੰਦਾ ਹੈ ਕਿ ਸਟੇਟ ਦਾ ਕਾਨੂੰਨ ਭੰਗ ਕਰਕੇ ਉਸ ਦਾ ਵੱਧ ਨੁਕਸਾਨ ਕੀਤਾ ਗਿਆ ਹੈ। ਸਟੇਟ ਦਾ ਨੁਕਸਾਨ ਪੂਰੇ ਸਮਾਜ ਦਾ ਨੁਕਸਾਨ ਹੈ। ਦੂਸਰੇ ਪਾਸੇ ਹੈ ਮੁਲਜ਼ਮ ਧਿਰ ਜੋ ਅਪਰਾਧੀ ਵੀ ਹੋ ਸਕਦੇ ਹਨ ਅਤੇ ਨਿਰਦੋਸ਼ ਵੀ। ਇਹਨਾ ਦੋਨਾਂ ਦੇ ਪਿੱਛੇ ਜ਼ੁਰਮ ਦਾ ਇਕਬਾਲ ਕਰਵਾਉਣ ਵਾਲੀ ਜਾਂ ਸੱਚ ਸਥਾਪਤ ਕਰਨ ਵਾਲੀ ਤਫ਼ਤੀਸ਼ ਏਜੰਸੀ ਭਾਵ ਪੁਲਿਸ ਅਤੇ ਹਕੀਕਤ ਤੇ ਪਹੁੰਚਣ ਲਈ ਦੋਨੇ ਧਿਰਾਂ ਦੇ ਵਕੀਲਾਂ ਦੀ ਬਹਿਸ ਅਤੇ ਇਹਨਾਂ ਦੇ ਸਾਹਮਣੇ ਵੱਡੇ ਮੇਜ਼ ਦੇ ਪਿੱਛੇ ਬੈਠਾ ਹੋਇਆ ਜੱਜ ਜੋ ਕਿਸੇ ਤੀਸਰੀ ਧਿਰ ਦੀ ਨੁਮਾਇੰਦਗੀ ਕਰਦਾ ਹੋਇਆ ਕੇਵਲ ਆਪਣਾ ਫ਼ੈਸਲਾ ਥੋਪਦਾ ਹੀ ਨਹੀਂ, ਸਗੋਂ ਸਟੇਟ ਦੀ ਸ਼ਕਤੀ ਨਾਲ ਉਸ ਨੂੰ ਮੰਨਵਾਉਂਦਾ ਵੀ ਹੈ। ਕੀ ਇਹ ਸੱਚ ਅਤੇ ਝੂਠ, ਮੁਜ਼ਰਮ ਅਤੇ ਨਿਰਦੋਸ਼,

ਠੀਕ ਅਤੇ ਗ਼ਲਤ, ਯੋਗ ਅਤੇ ਅਯੋਗ, ਈਮਾਨਦਾਰੀ ਅਤੇ ਬੇਈਮਾਨੀ, ਨਿਆਂ ਅਤੇ ਅਨਿਆਂ ਆਦਿ ਵਿਚਕਾਰ ਆਪਣੇ ਪੱਖਪਾਤੀ ਨਜ਼ਰੀਏ ਤੋਂ ਅੰਤਰ ਸਥਾਪਤ ਕਰਨ ਲਈ ਹਾਕਮ ਜਮਾਤ ਵੱਲੋਂ ਸਿਰਜਿਆ ਗਿਆ ਸਟੇਟ ਅਪਰੇਟਿਸ ਨਹੀਂ ਹੈ? ਜੇ ਕਰ ਇਸ ਨਿਆਂ ਪਰਣਾਲੀ ਦਾ ਕੰਮ ਸਮਾਜ ਵਿਚ ਹਾਕਮ ਜਮਾਤ ਦੀ ਚੌਧਰ ਸਥਾਪਤ ਕਰਨਾ ਜਾਂ ਉਸਦੀ ਵਿਚਾਰਧਾਰਾ ਦਾ ਪੁਨਰ ਉਤਪਾਦਨ ਕਰਨਾ ਹੀ ਹੈ, ਤਾਂ ਇਹਨਾ ਆਦਰਸ਼ਵਾਦੀ ਲਹਿਰਾਂ ਤੋਂ ਕਿਸੇ ਸਮਾਜਕ ਤਬਦੀਲੀ ਲਈ ਸੰਘਰਸ਼ ਦੀ ਆਸ ਕਰਨਾ ਬਹੁਤਾ ਠੀਕ ਨਹੀਂ ਹੈ। ਦੋਨੋਂ ਧਿਰਾਂ ਕੇਵਲ ਰਿਆਇਤਾਂ ਹੀ ਮੰਗ ਰਹੀਆਂ ਹਨ।

**ਧਾਰਮਿਕ ਸੰਸਥਾਵਾਂ :**

ਨੇਹਾ ਦੇ ਸਹਿਯੋਗ ਨਾਮ ਦੀ ਧਾਰਮਿਕ ਸੰਸਥਾ ਨਾਲ ਰਿਸ਼ਤੇ ਨੇ ਵੀ ਇਸ ਨਾਵਲ ਦੀਆਂ ਕਈ ਦਿਲਚਸਪ ਪਰਤਾਂ ਖੋਲ੍ਹੀਆਂ ਹਨ। ਇਸ ਸੰਸਥਾ ਦੇ ਅਧਿਐਨ ਰਾਹੀਂ ਸਭ ਤੋਂ ਪਹਿਲਾਂ ਤਾਂ ਅਸੀਂ ਇਹ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਇਸ ਸੰਸਥਾ ਦੀ ਸਫ਼ਲਤਾ ਜਿਸ ਬਾਰੇ ਨਾਵਲਕਾਰ ਲਿਖਦਾ ਹੈ, ''ਸਹਿਯੋਗੀਆਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਸੀ। ਕੁਝ ਵਕੀਲਾਂ, ਇੰਜਨੀਅਰਾਂ ਅਤੇ ਸਨਅਤਕਾਰਾਂ ਦੇ ਆਉਣ ਨਾਲ ਪੈਸੇ ਦੀ ਘਾਟ ਦੂਰ ਹੋ ਗਈ। ਮੈਂਬਰਾਂ ਦੇ ਘਰ ਛੋਟੇ ਪੈਣ ਨਾਲ ਜਦੋਂ ਆਸ਼ਰਮ ਦੀ ਲੋੜ ਮਹਿਸੂਸ ਹੋਣ ਲੱਗੀ ਤਾਂ ਦਾਨੀਆਂ ਨੇ ਦਾਨ ਦੇ ਢੇਰ ਲਾ ਦਿੱਤੇ। ਆਸ਼ਰਮ ਦੀ ਉਸਾਰੀ ਸ਼ੁਰੂ ਹੋ ਗਈ। ਸਹਿਯੋਗੀਆਂ ਨੂੰ ਯਕੀਨ ਸੀ ਕਿ ਇਹ ਸਭ ਕੁਝ ਮਾਤਾ ਜੀ ਦੇ ਆਸ਼ੀਰਵਾਦ ਕਾਰਨ ਹੋ ਰਿਹਾ ਹੈ। ਨਹੀਂ ਤੇ ਪਾਪੀਆਂ ਦੀ ਇਸ ਨਗਰੀ ਵਿਚ ਕੋਈ ਭਿਖਾਰੀ ਨੂੰ ਪੰਜ ਪੈਸੇ ਤੱਕ ਨਹੀਂ ਸੀ ਦਿੰਦਾ।'' ਪਿੱਛੇ ਕਿਹੜੀ ਭਾਵਨਾ ਜਾਂ ਤਰਕ ਕੰਮ ਕਰ ਰਹੇ ਹਨ। ਇਸ ਸੰਸਥਾ ਦੁਆਰਾ ਉਭਾਰੀ ਜਾ ਰਹੀ ਸਭਿਆਚਾਰਕ ਚੇਤਨਾ, ਵਿਸ਼ਵ ਦ੍ਰਿਸ਼ਟੀ ਅਤੇ ਨੈਤਿਕਤਾ ਦਾ ਸਾਡੀ ਆਧੁਨਿਕ ਵਿਚਾਰਧਾਰਾ ਅਤੇ ਰਾਜਨੀਤੀ ਨਾਲ ਕੀ ਰਿਸ਼ਤਾ ਹੈ? ਇਹ ਦੇਖਣ ਲਈ ਇਸ ਸੰਸਥਾ ਦਾ ਅਧਿਐਨ ਜ਼ਰੂਰੀ ਹੈ।

ਇਹ ਦੇਖਣਾ ਪਵੇਗਾ ਕਿ ਇਹ ਸੰਸਥਾ ਆਮ ਲੋਕਾਂ ਦੀਆਂ ਕਿਹੜੀਆਂ ਲੋੜਾਂ ਪੂਰੀਆਂ ਕਰਦੀ ਹੈ ਜਾਂ ਫਿਰ ਕਿ ਪੂਰੀਆਂ ਕਰਨ ਦਾ ਵਿਸ਼ਵਾਸ ਦਵਾਉਂਦੀ ਹੈ। ਇਹ ਸੰਸਥਾ ਪ੍ਰਮੁੱਖ ਤੌਰ 'ਤੇ ਆਮ ਆਦਮੀ ਦੀਆਂ ਹੇਠ ਲਿਖੀਆਂ ਚਾਰ ਲੋੜਾਂ ਪੂਰੀਆਂ ਕਰਦੀ ਹੈ। ਇਹ ਹਨ: ਨੰਬਰ ਇਕ ਸਰੀਰਕ ਤੰਦਰੁਸਤੀ, ਨੰਬਰ ਦੋ: ਮਾਨਸਿਕ ਨਰੋਆਪਣ, ਨੰਬਰ ਤਿੰਨ ਆਤਮ ਵਿਸ਼ਵਾਸ ਅਤੇ ਨੰਬਰ ਚਾਰ ਵਿਹਾਰਕ ਅਨੁਸਾਸ਼ਨ। ਪਹਿਲੀਆਂ ਤਿੰਨ ਲੋੜਾਂ ਸਰੀਰਕ ਤੰਦਰੁਸਤੀ, ਮਾਨਸਿਕ ਨਰੋਆਪਣ ਅਤੇ ਆਤਮ ਵਿਸ਼ਵਾਸ ਮਨੁੱਖ ਦੇ ਸਰੀਰ ਅੰਦਰ ਯੋਗ ਸਾਧਨਾ ਰਾਹੀਂ ਪੈਦਾ ਕੀਤੇ ਸ਼ਕਤੀ ਦੇ ਪਰਵਾਹ ਰਾਹੀਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸ ਲਈ ਇਹ ਨੋਟ ਕਰਨ ਵਾਲੀ ਮਹੱਤਵਪੂਰਨ ਗੱਲ ਹੈ ਕਿ ਇਹ ਲੋੜਾਂ ਕਿਸੇ ਧਾਰਮਿਕ ਅੰਧ-ਵਿਸ਼ਵਾਸ ਰਾਹੀਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ। ਇਹਨਾਂ ਦੀ ਪੂਰਤੀ ਪਿਛੇ ਇਕ ਵਿਸ਼ੇਸ਼ ਤਰਕ ਕੰਮ ਕਰਦਾ ਹੈ। ਇਸ ਤਰਕ ਨੂੰ ਮਾਤਾ ਕਲਿਆਣੀ ਜੀ ਦੁਆਰਾ ਸਥਾਪਤ ਕੀਤੀ ਇਹ ਸਹਿਯੋਗ ਸੰਸਥਾ ਇਕ ਸਿਧਾਂਤ ਦੇ ਰੂਪ ਵਿਚ ਪੇਸ਼ ਕਰਦੀ ਹੈ: ''ਗਰਭ ਦੇ ਢਾਈਵੇਂ ਮਹੀਨੇ ਜੀਵ ਵਿਚ ਆਤਮਿਕ ਸ਼ਕਤੀ ਦਾ ਪਰਵੇਸ਼ ਹੁੰਦਾ ਸੀ ਅਤੇ ਸਰੀਰ ਦੇ ਸੱਤਾਂ ਕੇਂਦਰਾਂ ਰਾਹੀਂ ਗੁਜ਼ਰ ਕੇ ਉਹਨਾਂ ਕੇਂਦਰਾਂ ਰਾਹੀਂ ਸੰਚਾਲਿਤ ਅੰਗਾਂ ਨੂੰ ਕਿਰਿਆਸ਼ੀਲ ਕਰਦੀ ਸੀ। ਬਾਕੀ ਬਚਦੀ ਸ਼ਕਤੀ, ਆਖ਼ਰੀ ਮੂਲਾਧਾਰ ਚੱਕਰ ਵਿਚ ਕੁੰਡਲੀਮਾਰ ਕੇ ਬੈਠ ਜਾਂਦੀ ਸੀ। ਯੋਗ ਸਾਧਨਾ ਰਾਹੀਂ ਇਸ ਸੁੱਤੀ ਸ਼ਕਤੀ ਨੂੰ ਜਗਾਇਆ ਜਾ ਸਕਦਾ ਸੀ। ਜਾਗੀ ਸ਼ਕਤੀ ਹਾਸਲ ਕਰਕੇ ਅੰਗ ਮੁੜ ਨਵੇਂ ਨਰੋਏ ਹੋ ਜਾਂਦੇ ਸਨ (ਸਰੀਰਕ ਤੰਦਰੁਸਤੀ)। ਆਤਮਾ ਦਾ ਆਪਣੇ ਮੂਲ ਸਰੋਤ ਪ੍ਰਮਾਤਮਾ ਨਾਲ ਸੰਪਰਕ ਸਥਾਪਤ ਹੁੰਦਾ। ਪਰਮ ਸੱਚ ਪਰਮਾਤਮਾ ਦੇ ਸੰਪਰਕ ਵਿਚ ਆ ਕੇ ਮਨੁੱਖ ਨੂੰ ਪਰਮ ਅਨੰਦ ਪ੍ਰਾਪਤ ਹੁੰਦਾ ਸੀ। (ਮਾਨਸਿਕ ਨਰੋਪਣ)। ਰੂਹਾਨੀ ਤੇਜ਼ ਉਸਦੇ ਚਿਹਰੇ ਉੱਪਰ ਸੂਰਜ ਵਾਂਗ ਚਮਕਣ ਲੱਗਦਾ ਸੀ। ਸੁਰੱਖਿਆ ਦਾ ਦੂਹਰਾ ਕਵਚ ਪ੍ਰਾਪਤ ਹੁੰਦਾ ਸੀ (ਆਤਮ ਵਿਸ਼ਵਾਸ਼)।

ਇਹ ਯੋਗ ਸਾਧਨਾ ਕੇਵਲ ਉਪਰੋਕਤ ਕਿਸਮ ਦਾ ਸਰੀਰਕ ਅਤੇ ਮਾਨਸਿਕ ਅਨੁਸ਼ਾਸਨ ਹੀ ਪੈਦਾ ਨਹੀਂ ਕਰਦੀ, ਸਗੋਂ ਸੰਸਥਾ ਦੀ ਕਾਰਜ ਪਰਣਾਲੀ ਦੇ ਰੁਟੀਨ ਅਤੇ ਜ਼ਾਬਤੇ ਨਾਲ ਮਿਲ ਕੇ ਵਿਹਾਰਕ ਅਨੁਸ਼ਾਸਨ ਵੀ ਪੈਦਾ ਕਰਦੀ ਹੈ। ਇਸੇ ਲਈ ਜਦੋਂ ਨੇਹਾ ਦੀ ਸਹੇਲੀ ਪੱਲਵੀ ਦਿੱਲੀ ਤੋਂ ਧਿਆਨ ਸ਼ਿਵਰ ਲਗਾ ਕੇ ਵਾਪਿਸ ਆਉਂਦੀ ਹੈ ਤਾਂ ਉਹ ਆਪਣੇ ਆਪ ਵਿਚ ਇਕ ਬਦਲਾਵ ਮਹਿਸੂਸ ਕਰਦੀ ਹੈ, ਜਿਸਨੂੰ ਉਸਦੀ ਸਹੇਲੀਆਂ ਵੀ ਪ੍ਰਤੱਖ ਰੂਪ ਵਿਚ ਦੇਖਦੀਆਂ ਹਨ: ''ਇਸ ਵਾਰ ਦਿੱਲੀਓਂ ਮੁੜੀ ਪੱਲਵੀ ਪਹਿਲੇ ਵਾਲੀ ਨਹੀਂ ਸੀ। ਉਸਦੀਆਂ ਸਹੇਲੀਆਂ ਉਸ ਵਿਚ ਆਈਆਂ ਤਬਦੀਲੀਆਂ ਮਹਿਸੂਸ ਕਰ ਰਹੀਆਂ ਸਨ। ਪਹਿਲਾਂ ਵਾਂਗ ਉਸਦਾ ਸੁਭਾ ਚਿੜਚਿੜਾ ਨਹੀਂ ਸੀ ਰਿਹਾ। ਹੁਣ ਉਹ ਸ਼ਰਾਰਤਾਂ ਕਰਕੇ ਅਧਿਆਪਕ ਅਤੇ ਵਿਦਿਆਰਥੀਆਂ ਦੀ ਇਕਾਗਰਤਾ ਭੰਗ ਨਹੀਂ ਸੀ ਕਰਦੀ। ਉਸਦੀ ਅੱਖ ਬਲੈਕ ਬੋਰਡ ਉੱਪਰ ਟਿਕੀ ਰਹਿੰਦੀ ਸੀ। ਲੈਕਚਰ ਉਸ ਨੂੰ ਸਮਝ ਆਉਣ ਲੱਗੇ ਸਨ। ਹਾਊਸ ਟੈਸਟਾਂ ਵਿਚ ਉਸਦੀ ਪੁਜ਼ੀਸ਼ਨ ਸੁਧਰੀ ਸੀ। ਉਹ ਚੰਚਲ ਅਤੇ ਮਿਲਣਸਾਰ ਹੋ ਗਈ ਸੀ। ਉਸ ਦੀਆਂ ਸਹੇਲੀਆਂ ਦਾ ਘੇਰਾ ਵਧ ਗਿਆ ਸੀ। ਪਹਿਲਾਂ ਵਾਂਗ ਉਹ ਕੰਟੀਨ ਵਿਚ ਜਾ ਕੇ ਡੋਸੇ ਬਰਗਰ ਨਹੀਂ ਸੀ ਖਾਂਦੀ। ਸਗੋਂ ਲਾਇਬ੍ਰੇਰੀ ਵਿਚ ਬੈਠ ਕੇ ਉਹ ਸਹੇਲੀਆਂ ਨੂੰ ਯੋਗ ਆਸਨ ਅਤੇ ਧਿਆਨ ਲਾਉਣ ਦੀ ਵਿਧੀ ਅਤੇ ਉਸਦੀ ਮਹੱਤਤਾ ਸਮਝਾਉਂਦੀ ਸੀ।'' ਸੋ ਯੋਗ ਸਾਧਨਾ ਦੇ ਤਰਕ ਰਾਹੀਂ ਪ੍ਰਾਪਤ ਕੀਤੇ ਜਾਣ ਵਾਲਾ ਇਹ ਸਰੀਰਕ, ਮਾਨਸਿਕ ਅਤੇ ਵਿਹਾਰਕ ਰੁਟੀਨ/ਜ਼ਾਬਤਾ ਮਨੁੱਖ ਦੀ ਵਿਅਕਤੀਗਤ ਯੋਗਤਾ, ਸਮਰੱਥਾ ਅਤੇ ਕਾਰਜ ਕੁਸ਼ਲਤਾ ਨੂੰ ਐਕਸਲਰੇਟ ਕਰ ਦਿੰਦਾ ਹੈ।

ਏਥੇ ਦੋ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ: ਨੰਬਰ ਇਕ, ਕਰਮਕਾਂਡ ਦੀ ਥਾਂ ਤਰਕ ਨੂੰ ਧਾਰਮਿਕ ਵਿਸ਼ਵਾਸ ਦਾ ਅਧਾਰ ਬਨਾਉਣਾ ਅਤੇ ਨੰਬਰ ਦੋ: ਮਨੁੱਖ ਦੇ ਤਨ ਅਤੇ ਮਨ ਨੂੰ ਰੁਟੀਨ ਅਤੇ ਜਾਬਤੇ ਵਿਚ ਬੰਨ੍ਹ ਕੇ, ਉਸ ਨੂੰ ਸਨਅਤੀ ਪੂੰਜੀਵਾਦ ਦੀਆਂ ਨਵੀਆਂ ਪੈਦਾਵਾਰੀ ਲੋੜਾਂ ਅਨੁਸਾਰ ਢਾਲਣਾ।

ਇਸਦੇ ਨਾਲ ਹੀ ਇਹ ਨਵੀਂ ਧਾਰਮਿਕ ਸੰਸਥਾ ਇਕ ਹੋਰ ਤਬਦੀਲੀ ਵੀ ਦ੍ਰਿੜ ਕਰਵਾਉਂਦੀ ਹੈ ਉਹ ਹੈ ਧਾਰਮਿਕ ਕਿਰਤ ਦੀ ਵੰਡ ਦੇ ਰੱਦ ਹੋਣ ਦੀ ਗੱਲ। ਜੇਕਰ ਆਪਾਂ ਸਥਾਪਤ ਧਰਮਾਂ ਦੀ ਗੱਲ ਕਰੀਏ ਤਾਂ ਓਥੇ ਕਿਸੇ ਵੀ ਭਾਈਚਾਰੇ ਦੀ ਵੱਡੀ ਗਿਣਤੀ ਕਾਰ ਵਿਹਾਰ ਕਰਦੀ ਸੀ ਅਤੇ ਧਾਰਮਿਕ ਪੁਜਾਰੀਆਂ ਦੀ ਇਕ ਛੋਟੀ ਗਿਣਤੀ ਇਹਨਾਂ ਕਾਰ ਵਿਹਾਰੀ ਲੋਕਾਂ ਲਈ ਧਾਰਮਿਕ ਰਹੁ ਰੀਤਾਂ ਪੂਰੀਆਂ ਕਰਦੀ ਸੀ ਜਿਸ ਲਈ ਇਹਨਾਂ ਨੂੰ ਭੁਗਤਾਨ ਕੀਤਾ ਜਾਂਦਾ ਸੀ। ਇਹ ਸੰਸਥਾ ਧਾਰਮਿਕ ਕਿਰਤ ਦੀ ਇਹ ਵੰਡ ਰੱਦ ਕਰ ਦਿੰਦੀ ਹੈ। ਇਸ ਸੰਸਥਾ ਵਿਚ ਕੋਈ ਵੀ ਪੁਜਾਰੀ ਨਹੀਂ। ਸਭ ਕਾਰ ਵਿਹਾਰੀ ਲੋਕ ਹਨ ਜੋ ਆਪਣੇ ਪੁਜਾਰੀ ਵੀ ਆਪ ਹੀ ਹਨ। ਹਰ ਕਿਸੇ ਨੂੰ ਆਪਣੀਆਂ ਅਖਲਾਕੀ ਅਤੇ ਧਾਰਮਿਕ ਜ਼ੁੰਮੇਵਾਰੀਆਂ ਆਪ ਹੀ ਨਿਭਾਉਣੀਆਂ ਪੈਂਦੀਆਂ ਹਨ। ਕੋਈ ਕਿਸੇ ਹੋਰ ਲਈ ਯੋਗ ਸਾਧਨਾ ਨਹੀਂ ਕਰ ਸਕਦਾ। ਹਰ ਕਿਸੇ ਨੂੰ ਆਪਣੇ ਸੁਆਲ ਆਪ ਹੀ ਪੁੱਛਣੇ ਪੈਂਦੇ ਹਨ ਅਤੇ ਮਾਤਾ ਜੀ ਦੀ ਆਸ਼ੀਰਵਾਦ ਨਾਲ ਜੁਆਬ ਵੀ ਖ਼ੁਦ ਹੀ ਢੂੰਡਣੇ ਪੈਂਦੇ ਹਨ : ''ਪ੍ਰਸ਼ਨ ਮਨ ਵਿਚ ਧਾਰ ਕੇ ਆਪਣੇ ਕੰਮੀ ਜੁਟ ਜਾਓ। ਦੇਰ ਸਵੇਰ ਮਾਤਾ ਜੀ ਪ੍ਰਸ਼ਨ ਦਾ ਉੱਤਰ ਸੁਝਾਉਂਦੇ ਸਨ।'' ਇਸੇ ਤਰ੍ਹਾਂ ਹਰ ਕਿਸੇ ਨੂੰ ਆਪਣੀ ਪ੍ਰਾਰਥਨਾ ਵੀ ਆਪ ਹੀ ਕਰਨੀ ਪੈਂਦੀ ਹੈ ਜਿਸ ਬਾਰੇ ਕਮਲ ਆਖਿਆ ਕਰਦਾ ਸੀ, ''ਪ੍ਰਾਰਥਨਾ ਵਿਅਕਤੀ ਨੂੰ ਵਿਸ਼ਵਾਸ ਦਵਾ ਦਿੰਦੀ ਸੀ ਕਿ ਉਹ ਸੁਰੱਖਿਅਤ ਹੈ। ਬੱਸ ਉਹ ਨਿਡਰ ਹੋ ਜਾਂਦਾ ਸੀ।'' ਇਹ ਹੈ ਇਸ ਨਵੀਂ ਧਾਰਮਿਕ ਸੰਸਥਾ ਦੁਆਰਾ ਦ੍ਰਿੜ ਕਰਵਾਇਆ ਜਾ ਰਿਹਾ ਧਾਰਮਿਕ ਵਿਅਕਤੀਵਾਦ।

ਇਹ ਤਿੰਨੋ ਗੱਲਾਂ: ਤਰਕਸ਼ੀਲਤਾ, ਅਨੁਸ਼ਾਸਨ ਅਤੇ ਵਿਅਕਤੀਵਾਦ ਕੇਵਲ ਇਸ ਧਾਰਮਕ ਸੰਸਥਾ ਦੀਆਂ ਹੀ ਜਿੰਦ ਜਾਨ ਨਹੀਂ ਹਨ, ਆਧੁਨਿਕ ਪੂੰਜੀਵਾਦ ਦੀ ਰੂਹ ਵੀ ਇਹਨਾਂ ਤਿੰਨੋ ਗੱਲਾਂ ਵਿਚ ਹੀ ਵਸੀ ਹੋਈ ਹੈ। ਸੋ ਇਸ ਧਾਰਮਿਕ ਸੰਸਥਾ ਵੱਲੋਂ ਪਰਚਾਰੀ ਜਾ ਰਹੀ ਨੈਤਿਕਤਾ ਆਧੁਨਿਕ ਪੂੰਜੀਵਾਦ ਦੀ ਰੂਹ ਹੈ। ਇਸ ਤਰ੍ਹਾਂ ਇਹ ਸੰਸਥਾ ਪੂੰਜੀਵਾਦ ਦੀ ਵਿਚਾਰਧਾਰਾ ਦੇ ਪੁਨਰਉਤਪਾਦਨ ਦਾ ਹੀ ਕੰਮ ਕਰਦੀ ਹੈ। ਇਸ ਸੰਸਥਾ ਦੀ ਇਸ ਨਵੀਂ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਦਾ ਇਸ ਗੱਲ ਤੋਂ ਵੀ ਪਤਾ ਚੱਲਦਾ ਹੈ ਕਿ ਜਦੋਂ ਇਸ ਧਾਰਮਿਕ ਸੰਸਥਾ ਦੇ ਕੁੱਝ ਲੋਕਾਂ ਅਤੇ ਖ਼ਾਸ ਕਰਕੇ ਸੰਚਾਲਕ ਨੂੰ ਜੋ ਆਪਣੇ ਉੱਪਰ ਪੁਰਾਣੀਆਂ ਜਗੀਰੂ ਕਦਰਾਂ ਕੀਮਤਾਂ ਦੇ ਹਾਵੀ ਹੋਣ ਕਾਰਨ ਨਿਹਾ ਨੂੰ ਮੁੜ ਅਪਨਾਉਣ ਤੋਂ ਇਨਕਾਰੀ ਹੋ ਜਾਂਦੇ ਹਨ, ਦੀ ਅਮਰੀਕਾ ਵਿਚ ਬੈਠੇ ਮਾਤਾ ਜੀ ਕੋਲ ਸ਼ਿਕਾਇਤ ਕੀਤੀ ਜਾਂਦੀ ਹੈ ਅਤੇ ਮਾਤਾ ਜੀ ਆਪਣੇ ਹੱਥੀਂ ਨਿਹਾ ਦੀ ਪਹਿਲੇ ਵਾਲੀ ਥਾਂ ਬਹਾਲ ਕਰਕੇ ਉਸਨੂੰ ਆਸ਼ੀਰਵਾਦ ਦਿੰਦੇ ਹਨ: ''ਯੁਵਾ ਸ਼ਕਤੀ ਨੇ ਸੰਸਥਾ ਦੇ ਪ੍ਰਬੰਧਕਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਵਾਇਆ ਸੀ। ਮਜਬੂਰਨ ਪ੍ਰਬੰਧਕਾਂ ਨੂੰ ਮਾਮਲਾ ਅਮਰੀਕਾ ਬੈਠੇ ਮਾਤਾ ਜੀ ਦੇ ਧਿਆਨ ਵਿਚ ਲਿਆਉਣਾ ਪਿਆ। ਮਾਤਾ ਜੀ ਨੇ ਪ੍ਰਬੰਧਕਾਂ ਨੂੰ ਝਾੜਾਂ ਪਾਈਆਂ ਸਨ। ਮਾਤਾ ਜੀ ਦੇ ਆਦੇਸ਼ ਤੇ ਸੰਚਾਲਕ ਨੂੰ ਹਸਪਤਾਲ ਆ ਕੇ ਨਿਹਾ ਤੋਂ ਮੁਆਫ਼ੀ ਮੰਗਣੀ ਪਈ ਸੀ।''

ਇਸ ਸੰਸਥਾ ਦੇ ਕਿਰਦਾਰ ਨੂੰ ਸਮਝਣ ਲਈ ਇਕ ਗੱਲ ਵੱਲ ਹੋਰ ਵੀ ਧਿਆਨ ਦੇਣ ਦੀ ਲੋੜ ਹੈ। ਉਹ ਇਹ ਕਿ ਇਹ ਇਸ ਤਰ੍ਹਾਂ ਦੀ ਕੋਈ ਇਕੱਲੀਕਾਰੀ ਸੰਸਥਾ ਨਹੀਂ ਹੈ : ''ਇਨ੍ਹੀਂ ਦਿਨੀਂ ਪੁਰਾਤਨ ਭਾਰਤੀ ਪ੍ਰੰਪਰਾ ਨੂੰ ਸੁਰਜੀਤ ਕਰਨ ਦਾ ਯਤਨ ਪੂਰੇ ਜ਼ੋਰ ਸ਼ੋਰ ਨਾਲ ਹੋ ਰਿਹਾ ਸੀ। ਧਿਆਨ ਸਾਧਨਾ ਲੋਕਾਂ ਦਾ ਧਿਆਨ ਖਿੱਚ ਰਹੀ ਸੀ। ਨਵੇਂ ਨਵੇਂ ਸਾਧੂ ਨਵੀਆਂ ਨਵੀਆਂ ਸੰਸਥਾਵਾਂ ਖੜ੍ਹੀਆਂ ਕਰਕੇ ਲੋਕਾਂ ਨੂੰ ਯੋਗ ਸਾਧਨਾ ਲਈ ਪ੍ਰੇਰ ਰਹੇ ਸਨ। ਅਖ਼ਬਾਰਾਂ ਵਿਚ ਧਿਆਨ ਸ਼ਿਵਰਾਂ ਦੇ ਵੱਡੇ ਵੱਡੇ ਇਸ਼ਤਿਹਾਰ ਛਪ ਰਹੇ ਸਨ। ਟੀ.ਵੀ. ਉਪਰ ਯੋਗੀ ਮਹਾਤਮਾ ਅਤੇ ਉਹਨਾਂ ਕਿਸਮਤ ਵਾਲੇ ਲੋਕਾਂ ਦੇ ਇੰਟਰਵਿਊ ਆ ਰਹੇ ਸਨ ਜਿਹਨਾਂ ਨੂੰ ਯੋਗ ਸਾਧਨਾ ਰਾਹੀਂ ਹੈਰਾਨ ਕਰਨ ਵਾਲੇ ਲਾਭ ਪ੍ਰਾਪਤ ਹੋਏ ਸਨ।''

ਬਿਲਕੁਲ ਇਸੇ ਤਰ੍ਹਾਂ ਸਿੰਘ ਸਭਾ ਲਹਿਰ ਨੇ ਸਿੱਖ ਪ੍ਰੰਪਰਾ ਦੀ ਆਧੁਨਿਕ ਲੀਹਾਂ ਉੱਪਰ ਪੁਨਰ ਵਿਆਖਿਆ ਕਰਕੇ, ਪੂੰਜੀਵਾਦੀ ਲੋੜਾਂ ਅਨੁਸਾਰ ਇਸ ਦੀ ਨਵੀਂ ਵਿਹਾਰਕਤਾ ਸਿਰਜੀ ਸੀ। ਇਸ ਤੋਂ ਵੀ ਪਹਿਲਾਂ ਈਸਾਈ ਮੱਤ ਨੇ ਪੂੰਜੀਵਾਦੀ ਭਾਵਨਾ ਅਨੁਸਾਰ ਪਰੋਟੈਸਟੈਂਟ ਨੈਤਿਕਤਾ ਦਾ ਨਿਰਮਾਣ ਕਰਕੇ ਪੂੰਜੀਵਾਦ ਨੂੰ ਇਕ ਨਵੀਂ ਮਾਨਸਿਕਤਾ ਪ੍ਰਦਾਨ ਕੀਤੀ ਸੀ। ਪੂੰਜੀਵਾਦੀ ਵਿਕਾਸ ਲਈ ਪੂੰਜੀਵਾਦੀ ਮਾਨਸਿਕਤਾ ਦੇ ਨਿਰਮਾਣ ਵਾਸਤੇ ਪੁਰਾਤਨ ਧਾਰਮਿਕ ਪਰੰਪਰਾਵਾਂ ਦਾ ਰੂਪਾਂਤਰਣ, ਇਸ ਲਈ ਅਧਿਐਨ ਦਾ ਇੱਕ ਬਹੁਤ ਹੀ ਦਿਲਚਸਪ ਵਿਸ਼ਾ ਹੈ। ਇਸ ਲਈ ਧਰਮ ਤੋਂ, ਇਸ ਨੂੰ ਗਰੀਬ ਦਾ ਹਉਕਾ ਆਖਕੇ ਖਹਿੜਾ ਨਹੀਂ ਛੁਡਾਇਆ ਜਾ ਸਕਦਾ। ਜਿਵੇਂ ਕਿ ਆਪਾਂ ਉੱਪਰ ਗੱਲ ਕਰ ਆਏ ਹਾਂ, ਇਹ ਦੇਖਣਾ ਵਧੇਰੇ ਉਪਯੋਗੀ ਹੋਵੇ ਗਾ ਕਿ ਆਧੁਨਿਕ ਕਾਲ ਵਿਚ ਧਰਮਾਂ ਦੀ ਪੁਨਰ ਵਿਆਖਿਆ ਰਾਹੀਂ, ਇਹਨਾਂ ਨੂੰ ਪੂੰਜੀਵਾਦੀ ਲੋੜਾਂ ਅਨੁਸਾਰ ਕਿੰਝ ਰੂਪਾਂਤ੍ਰਿਤ ਕੀਤਾ ਗਿਆ ਹੈ। ਪੂੰਜੀਵਾਦੀ ਮਾਨਸਿਕਤਾ ਦੇ ਨਿਰਮਾਣ ਲਈ ਕੀ ਰੋਲ ਅਦਾ ਕੀਤਾ ਹੈ। ਸਹਿਯੋਗ ਸੰਸਥਾ ਰਾਹੀਂ ਧਾਰਮਿਕ ਸੰਸਥਾਵਾਂ ਦੇ ਰੋਲ ਨੂੰ ਇਸ ਤਰ੍ਹਾਂ ਸਮਝਣਾ ਇਸ ਨਾਵਲ ਦੀ ਇਕ ਵਧੀਆ ਪ੍ਰਾਪਤੀ ਆਖੀ ਜਾ ਸਕਦੀ ਹੈ।

ਇਸ ਸੰਸਥਾ ਦੀ ਨੈਤਿਕਤਾ, ਪੂੰਜੀਵਾਦ ਦੀ ਨੈਤਿਕਤਾ ਕਿਵੇਂ ਹੈ, ਇਸ ਨੂੰ ਇਕ ਹੋਰ ਤਰੀਕੇ ਨਾਲ ਵੀ ਸਮਝਿਆ ਜਾ ਸਕਦਾ ਹੈ। ਅਜੇਹੀਆਂ ਸੰਸਥਾਵਾਂ ਰਾਹੀਂ ਨਿਰਮਿਤ ਹੋਣ ਵਾਲੇ ਸ਼ੁੱਧਤਾਵਾਦੀ ਲੋਕ ਕਿਰਤ ਨੂੰ ਪੂਜਾ ਸਮਝਦੇ ਹਨ। ਮਿਹਨਤ, ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰਨਾ ਆਪਣਾ ਧਰਮ ਸਮਝਦੇ ਹਨ। ਇਸ ਤਰ੍ਹਾਂ ਦੀ ਮਿਹਨਤ ਨਾਲ ਕਮਾਏ ਹੋਏ ਪੈਸੇ ਨੂੰ ਐਸ਼ੋ-ਇਸ਼ਰਤ ਵਿਚ ਵੀ ਨਹੀਂ ਗਵਾਉਂਦੇ। ਐਸ਼ੋ-ਇਸ਼ਰਤ ਵਾਲੇ ਬਹੁਤੇ ਕੰਮਾਂ ਨੂੰ ਪਾਪ ਸਮਝਦੇ ਹਨ। ਕਿਉਂਕਿ ਪਾਪਾਂ ਦੀ ਭੁੱਲ ਜਾਂ ਮੁਆਫ਼ੀ ਇਸ ਨਵੀਂ ਸੋਚ ਮੁਤਾਬਕ ਖਰੀਦੀ ਨਹੀਂ ਜਾ ਸਕਦੀ, ਇਸ ਲਈ ਅਜਿਹੇ ਕੰਮਾਂ ਉੱਪਰ ਪੈਸਾ ਬਰਬਾਦ ਕਰਨ ਦੀ ਥਾਂ ਉਸ ਨੂੰ ਪੈਦਾਵਾਰੀ ਕੰਮਾਂ ਵਿਚ ਲਗਾ ਕੇ ਪੂੰਜੀਵਾਦ ਦੀ ਸੇਵਾ ਕਰਦੇ ਹਨ।

ਭਾਵੇਂ ਸੋਚਿਆ ਤਾਂ ਇਹ ਜਾ ਰਿਹਾ ਸੀ ਕਿ ਪੂੰਜੀਵਾਦ ਦੀ ਸਖ਼ਤ ਤਰਕਸ਼ੀਲਤਾ ਅਤੇ ਅੰਤਰਮੁਖੀ ਨਿੱਜਤਾ, ਧਾਰਮਿਕ ਭਾਵਨਾਵਾਂ ਲਈ ਸਮਾਜ ਵਿਚ ਕੋਈ ਥਾਂ ਨਹੀਂ ਛੱਡੇਗੀ, ਪਰ ਹੋਇਆ ਇਸਦੇ ਬਿਲਕੁਲ ਉਲਟ ਕਿ ਧਰਮ ਨੇ ਆਪਣੇ ਆਪ ਨੂੰ

ਇਹਨਾਂ ਨਵੀਆਂ ਲੋੜਾਂ ਅਨੁਸਾਰ ਰੂਪਾਂਤ੍ਰਿਤ ਕਰਕੇ ਸਟੇਟ ਦੇ ਇਕ ਮਹੱਤਵਪੂਰਨ ਆਈਡੀਆਲੋਜੀਕਲ ਅਪਰੇਟਿਸ ਦਾ ਰੁਤਬਾ ਹਾਸਲ ਕਰ ਲਿਆ।

ਪਰ ਪੰਜਾਬ ਦੇ ਸੰਬੰਧ ਵਿਚ ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਸਨਾਤਨ ਸਿੱਖ ਪ੍ਰੰਪਰਾਵਾਂ ਉੱਪਰ ਅਧਾਰਿਤ ਪੰਜਾਬ ਦੇ ਡੇਰਿਆਂ ਨੂੰ ਨਵੀਆਂ ਧਾਰਮਿਕ ਭਾਵਨਾਵਾਂ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ। ਦਰਅਸਲ ਇਹ ਡੇਰੇ ਤਾਂ ਆਧੁਨਿਕ ਧਾਰਮਿਕ ਭਾਵਨਾਵਾਂ ਨੂੰ ਪ੍ਰਚਾਰਨ ਵਾਲੀ ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰਭਾਵ ਤੋਂ ਬਾਹਰ ਰਹਿ ਗਈ ਜਗੀਰੂ ਧਾਰਮਿਕ ਭਾਵਨਾਵਾਂ ਦੀ ਰਹਿੰਦ ਖੂੰਹਦ ਹੀ ਹਨ। ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਵਰਗੀਆਂ ਆਧੁਨਿਕ ਲਹਿਰਾਂ ਅਤੇ ਇਹਨਾਂ ਦੇ ਸੰਘਰਸ਼ ਵਿਚੋਂ ਨਿਕਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਧੁਨਿਕ ਪੂੰਜੀਵਾਦੀ ਕਿਰਦਾਰ ਨੇ ਇਹਨਾਂ ਡੇਰਿਆਂ ਦੇ ਉਲਟ ਪੰਜਾਬ ਦੇ ਵਿਕਾਸ ਵਿਚ ਬੜਾ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਖ਼ਾਸ ਕਰਕੇ ਪੰਜਾਬ ਦੇ ਖੇਤੀ ਵਿਕਾਸ ਵਿਚ। ਇਕ ਉਦਾਹਰਣ ਲੈ ਕੇ ਇਹ ਗੱਲ ਮੁਕਾਉਂਦੇ ਹਾਂ। ਸਾਂਝੇ ਪੰਜਾਬ ਵੇਲੇ ਦੀ ਗੱਲ ਹੈ। ਇਕ ਪਿੰਡ ਅਜੋਕੇ ਪੰਜਾਬ ਵਾਲੇ ਇਲਾਕੇ ਵਿਚੋਂ ਚੁਣਿਆ ਗਿਆ ਅਤੇ ਦੂਸਰਾ ਅੱਜ ਦੇ ਹਰਿਆਣੇ ਵਾਲੇ ਇਲਾਕੇ ਵਿਚੋਂ। ਦੋਹਾਂ ਪਿੰਡਾਂ ਵਿਚ ਸੜਕ ਬਨਾਉਣ ਵਾਸਤੇ ਮਿੱਟੀ ਪਾਉਣ ਲਈ ਲੋਕਾਂ ਨੂੰ ਕਾਰ ਸੇਵਾ ਕਰਨ ਵਾਸਤੇ ਆਖਿਆ ਗਿਆ। ਪੰਜਾਬ ਵਿਚ ਮਿੱਟੀ ਪਾਉਣ ਦਾ ਜਿੰਨਾ ਕੰਮ ਇਕ ਦਿਨ ਵਿਚ ਹੋਇਆ, ਹਰਿਆਣੇ ਵਿਚ ਓਨੇ ਕੰਮ ਲਈ ਦੋ ਦਿਨ ਲੱਗ ਗਏ। ਕਾਰਨ: ਪੰਜਾਬ ਦੇ ਲੋਕ ਕਹੀਆਂ ਅਤੇ ਤਗਾਰੀਆਂ ਲੈ ਕੇ ਆਏ ਸਨ ਜਦੋਂ ਕਿ ਹਰਿਆਣੇ ਦੇ ਲੋਕ ਕਹੀਆਂ ਅਤੇ ਤਗਾਰੀਆਂ ਦੇ ਨਾਲ ਨਾਲ ਹੁੱਕੇ ਵੀ ਲੈਂਦੇ ਆਏ ਸਨ। ਹਰਿਆਣੇ ਦੇ ਲੋਕਾਂ ਨੇ ਅੱਧਾ ਵਕਤ ਹੁੱਕਾ ਪੀਣ ਵਿਚ ਹੀ ਲੰਘਾ ਦਿੱਤਾ। ਹੋਰ ਵੀ ਕਾਰਨ ਹੋਣਗੇ ਜਿਵੇਂ ਕਿ ਆਧੁਨਿਕ ਸਿੱਖ ਪ੍ਰੰਪਰਾ ਵਿਚ ਕਿਰਤ ਅਤੇ ਸੇਵਾ ਦੇ ਮਹੱਤਵ ਉੱਪਰ ਜ਼ੋਰ ਆਦਿ।

ਨੇਹਾ ਦੇ ਬਲਾਤਕਾਰ ਪ੍ਰਤੀ ਧਾਰਮਿਕ ਬਿਰਤੀ ਵਾਲੇ ਲੋਕਾਂ ਦੇ ਦੋ ਬਿਲਕੁਲ ਹੀ ਵਿਪਰੀਤ ਪ੍ਰਤੀਕਰਮ ਪੇਸ਼ ਹੁੰਦੇ ਹਨ। ਜਿੱਥੇ ਪੁਰਾਤਨ ਬਿਰਤੀ ਵਾਲੇ ਲੋਕ ਬਲਾਤਕਾਰ ਤੋਂ ਬਾਅਦ ਨਿਹਾ ਨੂੰ ਅਪਵਿੱਤਰ ਹੋ ਗਿਆ ਮੰਨਦੇ ਸਨ ਅਤੇ ਉਹਨਾਂ ਨੂੰ ਨਿਹਾ ਦੇ ਕੇਂਦਰ ਆਉਣ ਉਪਰ ਵੀ ਇਤਰਾਜ਼ ਹੋਣ ਲੱਗਾ ਸੀ, ਉਥੇ ਕੇਂਦਰ ਦੇ ਪ੍ਰਧਾਨ ਸਮੇਤ ਬਹੁ-ਗਿਣਤੀ ਸਹਿਯੋਗੀਆਂ ਖ਼ਾਸ ਕਰਕੇ 'ਯੁਵਾ ਸ਼ਕਤੀ ਦੁਆਰਾ ਸਤ ਭੰਗ ਹੋਣ 'ਤੇ ਕੁੜ੍ਹਨ ਨੂੰ ਪੁਰਾਣੀ ਜਗੀਰੂ ਸੋਚ ਆਖਿਆ ਜਾ ਰਿਹਾ ਸੀ। ਇਸ ਤਰ੍ਹਾਂ ਦੀ ਜਗੀਰੂ ਸੋਚ ਨੂੰ ਉਹ ਔਰਤ ਦੀ ਗੁਲਾਮੀ ਨਾਲ ਵੀ ਜੋੜ ਕੇ ਦੇਖ ਰਹੇ ਸਨ। ਇਹਨਾਂ ਲੋਕਾਂ ਦਾ ਵਿਚਾਰ ਸੀ ਕਿ ''ਜੇ ਅਜੇਹੀ ਸੋਚ ਰੱਖਣ ਵਾਲਾ ਸਾਗਰ ਨੇਹਾ ਨੂੰ ਤਿਆਗ ਰਿਹਾ ਸੀ ਤਾਂ ਉਹ ਜਾਂਗਲੀ ਸੋਚ ਦਾ ਮਾਲਕ ਸੀ। ਕਮਜ਼ੋਰ ਸੋਚ ਦੇ ਮਾਲਕ ਨੂੰ ਨਿਹਾ ਵੱਲੋਂ ਖ਼ੁਦ ਹੀ ਤਿਆਗ ਦੇਣਾ ਚਾਹੀਦਾ ਸੀ। ਇਸ ਨਵੀਂ ਸੋਚ ਨੇ ਨੇਹਾ ਨੂੰ ਸੰਘਰਸ਼ ਲਈ ਤਿਆਰ ਕੀਤਾ ਕਿਉਂਕਿ ਇਹ ਸੰਘਰਸ਼ ਸਾਗਰ ਨੂੰ ਤਿਆਗ ਦੇਣ ਨਾਲ ਹੀ ਖ਼ਤਮ ਨਹੀਂ ਹੋ ਜਾਂਦਾ। ਇਹ ਤਾਂ ਸਾਗਰ ਵਰਗੇ ਬੰਦੇ ਪੈਦਾ ਕਰਨ ਵਾਲੀ ਵਿਚਾਰਧਾਰਾ ਵਿਰੁੱਧ ਸੰਘਰਸ਼ ਸੀ।

ਜਦੋਂ ਨੇਹਾ ਨੇ ਆਪਣੇ ਮਾਮੇ ਰਾਮ ਨਾਥ ਦੇ ਛਿੰਦੋ ਦਾ ਕਚਹਿਰੀ ਵਿਚ ਚੀਰ ਹਰਨ ਵਾਲੇ ਸੁਆਲ ਮਿਸਲ ਉੱਪਰ ਪੜ੍ਹੇ ਤਾਂ ਉਸ ਨੂੰ ਸਮਝ ਆਈ ਕਿ ਇਹ ਸੰਘਰਸ਼ ਵੱਡਾ ਹੈ ਤੇ ਇਸ ਨੂੰ ਇਕੱਲੀ ਯੋਗ ਸਾਧਨਾ ਰਾਹੀਂ ਨਹੀਂ ਲੜਿਆ ਜਾ ਸਕਦਾ। ਯੁੱਧ ਦੇ ਮੈਦਾਨ ਵਿਚ ਉਤਰਨਾ ਪਵੇਗਾ। ਤੇ ਇਸ ਦਿਸ਼ਾ ਵਿਚ ਕਾਨੂੰਨ ਨੂੰ ਪਹਿਲਾ ਪੜਾਅ ਮੰਨ ਕੇ ਉਹ ਕਾਨੂੰਨੀ ਵਿਦਿਆ ਹਾਸਲ ਕਰਨ ਦਾ ਮਨ ਬਣਾਉਂਦੀ ਹੈ: ''ਮਾਮਾ ਜੀ ਮੈਨੂੰ ਲਾਅ ਵਿਚ ਦਾਖ਼ਲਾ ਨਹੀਂ ਮਿਲ ਸਕਦਾ? ਲਾਅ ਕਰਕੇ ਮੈਂ ਹਰੀਸ਼ ਅੰਕਲ ਦੀ ਸੁਸਾਇਟੀ ਦੀ ਮੈਂਬਰ ਬਣਾਂਗੀ। ਫੇਰ ਮੈਂ ਮੁਲਜ਼ਮ ਪੱਖੀ ਕਾਨੂੰਨ ਦੀਆਂ ਧੱਜੀਆਂ ਉਡਾਵਾਂਗੀ।'' ਤੇ ਫੇਰ ਕਚਹਿਰੀ ਤੋਂ ਅੱਗੇ, ਜਿਵੇਂ ਕਿ ਵਿਕਟਮ ਵੈਲਫ਼ੇਅਰ ਸੁਸਾਇਟੀ ਦਾ ਪ੍ਰਧਾਨ ਹਰੀਸ਼ ਰਾਇ ਆਖਦਾ ਹੈ: ''ਇਕ ਦਿਨ ਇਹ ਆਵਾਜ਼ ਕਚਹਿਰੀ ਵਿਚੋਂ ਨਿਕਲ ਕੇ ਸੜਕਾਂ 'ਤੇ ਆ ਜਾਏਗੀ। ਸਰਕਾਰ ਦੇ ਕੰਨ 'ਤੇ ਜੂੰਅ ਸਰਕੇਗੀ। ਤਖ਼ਤ ਹਿੱਲਣਗੇ। ਨਵੇਂ ਕਾਨੂੰਨ ਬਣਨਗੇ।''

ਸਾਰੇ ਨਾਵਲ ਵਿਚ ਨਿਹਾ ਅਤੇ ਹਰੀਸ਼ ਰਾਇ ਹੀ ਦੋ ਕਿਰਦਾਰ ਹਨ ਜੋ ਸਮਾਜਕ ਤਬਦੀਲੀ ਲਈ ਪ੍ਰਤੀਬੱਧ ਅਤੇ ਸਰਗਰਮ ਹਨ। ਦੋਨੋ ਦੋ ਵੱਖੋ ਵੱਖਰੀਆਂ ਸੰਸਥਾਵਾਂ ਦੀ ਨੁਮਾਇੰਦਗੀ ਕਰਦੇ ਹਨ। ਨੇਹਾ ਜੋ ਇਕ ਧਾਰਮਿਕ ਸੰਸਥਾ ਨਾਲ ਜੁੜੀ ਹੋਈ ਹੈ, ਹਰੀਸ਼ ਰਾਇ ਦੀ ਸੰਸਥਾ 'ਵਿਕਟਮ ਵੈਲਫ਼ੇਅਰ ਸੁਸਾਇਟੀ' ਲਈ ਕੰਮ ਕਰਨ ਵਾਸਤੇ ਉਤਸੁਕਤਾ ਦਿਖਾ ਕੇ ਇਹਨਾਂ ਦੋਨਾਂ ਸੰਸਥਾਵਾਂ ਵਿਚਕਾਰ ਇਕ ਰਿਸ਼ਤਾ ਜੋੜਨ ਦੀ ਕੋਸ਼ਿਸ਼ ਕਰਦੀ ਹੈ। ਜੇਕਰ ਆਪਾਂ ਇਹਨਾਂ ਦੋਹਾਂ ਸੰਸਥਾਵਾਂ ਦੇ ਸੰਗਠਨ ਵਿਚੋਂ ਪੈਦਾ ਹੋਣ ਵਾਲੇ ਸੰਘਰਸ਼ ਦੀ ਦਿਸ਼ਾ ਅਤੇ ਦਸ਼ਾ ਪਛਾਨਣੀ ਹੋਵੇ ਤਾਂ ਸਾਨੂੰ ਇਹਨਾਂ ਦੋਹਾਂ ਸੰਸਥਾਵਾਂ ਦੀ ਵਿਚਾਰਧਾਰਾ ਤੋਂ ਗੱਲ ਸ਼ੁਰੂ ਕਰਨੀ ਹੋਵੇਗੀ। ਸਹਿਯੋਗ ਸੰਸਥਾ ਇਕ ਧਾਰਮਿਕ ਜੱਥੇਬੰਦੀ ਹੈ। ਜਿਵੇਂ ਕਿ ਆਪਾਂ ਦੇਖ ਹੀ ਚੁੱਕੇ ਹਾਂ ਕਿ ਇਹ ਸੰਸਥਾ ਵਿਅਕਤੀਵਾਦ, ਡਸਿਪਲਨ ਅਤੇ ਤਰਕ ਦੇ ਤਿੰਨ ਮਹੱਤਵਪੂਰਨ ਥੰਮ੍ਹਾਂ ਉੱਪਰ ਟਿਕੀ ਹੋਈ ਹੈ। ਸਹਿਯੋਗ ਸੰਸਥਾ ਦੇ ਇਹ ਤਿੰਨੋ ਗੁਣ ਇਸ ਨੂੰ ਪੂੰਜੀਵਾਦ ਦੀ ਲਿਬਰਲ ਵਿਚਾਰਧਾਰਾ ਨਾਲ ਜੋੜ ਦਿੰਦੇ ਹਨ, ਇਹ ਵੀ ਆਪਾਂ ਜਾਣ ਚੁੱਕੇ ਹਾਂ। ਏਥੋਂ ਸਹਿਯੋਗ ਸੰਸਥਾ ਦੇ ਵਿਅਕਤੀਗਤ ਆਜ਼ਾਦੀ ਵਾਲੀ ਸੋਚ ਵਿਚ ਵਿਸ਼ਵਾਸ ਦਾ ਵੀ ਪਤਾ ਚੱਲਦਾ ਹੈ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਸਹਿਯੋਗ ਸੰਸਥਾ ਦੀ ਇਸ ਸੋਚ ਦਾ ਸਰੋਤ ਕੀਤਾ ਹੈ? ਇਸ ਨੂੰ ਸ਼ਕਤੀ ਕਿੱਥੋਂ ਮਿਲਦੀ ਹੈ? ਆਧਾਰ ਕੀ ਹੈ? ਨਾਵਲ ਵਿਚੋਂ ਇਸਦਾ ਬਹੁਤ ਹੀ ਤਸੱਲੀਬਖ਼ਸ਼ ਜੁਆਬ ਮਿਲਦਾ ਹੈ।

ਸਹਿਯੋਗ ਸੰਸਥਾ ਅਤੇ ਇਸਦੀ ਸਮੁੱਚੀ ਕਾਰਜ ਪ੍ਰਣਾਲੀ ਜੋ ਸਮਾਜ ਵਿਚ ਵਿਅਕਤੀਵਾਦ, ਡਸਿਪਲਨ ਅਤੇ ਤਰਕਸ਼ੀਲਤਾ ਪੈਦਾ ਕਰਕੇ ਵਿਅਕਤੀਗਤ ਆਜ਼ਾਦੀ ਦੀ ਲਿਬਰਲ ਸੋਚ ਦਾ ਸੰਚਾਰ ਕਰਦੀ ਹੈ, ਆਪਣੀ ਸਾਰੀ ਸ਼ਕਤੀ ''ਪਰਮ ਸੱਚ ਪਰਮਾਤਮਾ ਅਤੇ ਉਸਦੇ ਨਿਰਪੇਖ ਤਰਕ ਉੱਪਰ ਅਧਾਰਿਤ ਸਰਵ ਵਿਆਪਕ ਕਾਨੂੰਨ'' ਉੱਪਰ ਅਟੱਲ ਵਿਸ਼ਵਾਸ ਵਿਚੋਂ ਪ੍ਰਾਪਤ ਕਰਦੀ ਹੈ। ਸਭ ਤੋਂ ਪਹਿਲੀ ਗੱਲ ਕਿ ਇਸ ਸੰਸਥਾ ਦੀ ਸਥਾਪਨਾ ਮਾਤਾ ਕਲਿਆਣੀ ਜੀ ਨੇ ਇਸ ਦਾਅਵੇ ਨਾਲ ਕੀਤੀ ਕਿ ਉਹ ਭਗਵਾਨ ਸ਼ਿਵ ਦੀ ਆਦਿ ਸ਼ਕਤੀ ਮਾਂ ਪਾਰਵਤੀ ਦਾ ਅਵਤਾਰ ਸਨ।

ਦੂਸਰੀ ਗੱਲ ਕਿ ਸਭਨਾਂ ਸ਼ਕਤੀਆਂ ਦਾ ਮੂਲ ਸਰੋਤ ਪਰਮਾਤਮਾ ਹੈ ਜਿਸਦੇ ਸੰਪਰਕ ਵਿਚ ਆ ਕੇ ਮਨੁੱਖ ਨੂੰ ਪਰਮ ਅਨੰਦ ਪ੍ਰਾਪਤ ਹੁੰਦਾ ਸੀ। ਤੀਸਰੀ ਗੱਲ ਕਿ ਮਨੁੱਖੀ ਦੇਹ ਅੰਦਰ ਸੁੱਤੀ ਪਈ ਸ਼ਕਤੀ ਨੂੰ ਜਗਾਉਣ ਪਿੱਛੇ ਇਕ ਤਰਕ ਕੰਮ ਕਰਦਾ ਹੈ ਜਿਸਦੀ ਬਹੁਤ ਘੱਟ ਰਿਸ਼ੀਆਂ ਨੂੰ ਸਮਝ ਸੀ। ਪਰ ਇਸ ਸ਼ਕਤੀ ਦੇ ਜਾਗਰਨ ਲਈ ਮਾਤਾ ਜੀ ਨੇ ਆਮ ਲੋਕਾਂ ਲਈ ਯੋਗ ਸਾਧਨਾ ਦੀ ਇਕ ਤਕਨਾਲੋਜੀ ਵਿਕਸਤ ਕਰ ਲਈ ਸੀ। ਇਸ ਤਕਨਾਲੋਜੀ ਰਾਹੀਂ ਆਮ ਲੋਕ ਵੀ ਆਪਣੇ ਅੰਦਰ ਸੁੱਤੀ ਪਈ ਇਸ ਸ਼ਕਤੀ ਨੂੰ ਵਿਅਕਤੀਗਤ ਪੱਧਰ 'ਤੇ ਜਗਾ ਸਕਦੇ ਸਨ। ਬੱਸ ਜੇ ਕਰ ਲੋੜ ਹੈ ਤਾਂ ਉਸ ਰੁਟੀਨ ਅਤੇ ਡਸਿਪਲਨ ਦੀ ਜੋ ਇਸ ਤਕਨਾਲੋਜੀ ਨੂੰ ਸਾਧਣ ਲਈ ਆਵੱਸ਼ਕ ਹੈ। ਸੋ ਇਹ ਹੈ ਨਾਵਲ ਵਿਚ ਪੇਸ਼ ਕੀਤੀ ਗਈ ਉਹ ਸਾਰੀ ਵਿਧਾ ਜਿਸ ਰਾਹੀਂ ਸਹਿਯੋਗ ਸੰਸਥਾ ਵਰਗੀਆਂ ਧਾਰਮਿਕ ਸੰਸਥਾਵਾਂ ਆਪਣੀ ਆਧੁਨਿਕ (ਰਾਜਨੀਤਕ) ਵਿਚਾਰਧਾਰਾ ਨੂੰ ਪਰਮ ਸੱਚ ਪਰਮਾਤਮਾ ਅਤੇ ਉਸਦੇ ਤਰਕ ਨਾਲ ਜੋੜ ਕੇ ਆਪਣੀ ਵਿਸ਼ਵਾਸਨੀਅਤਾ ਹਾਸਲ ਕਰਦੀਆਂ ਹਨ।

ਹੁਣ ਇਸ ਤੋਂ ਅੱਗੇ ਆਪਾਂ ਇਹ ਗੱਲ ਲੈ ਕੇ ਚੱਲਾਂਗੇ ਕਿ ਸਹਿਯੋਗ ਸੰਸਥਾ ਦੀ ਇਸ ਪੂੰਜੀਵਾਦੀ ਲਿਬਰਲ ਵਿਚਾਰਧਾਰਾ ਦਾ ਸ੍ਰੋਤ ਜਾਂ ਆਧਾਰ ਸਰਬ-ਸੱਤਾਧਾਰੀ ਪ੍ਰਮਾਤਮਾ ਅਤੇ ਉਸਦੇ ਸਰਵ-ਵਿਆਪਕ ਤਰਕ ਵਿਚ ਵਿਸ਼ਵਾਸ ਹੈ। ਕਮਲ ਦੁਆਰਾ ਸਹਿਯੋਗੀ ਸੰਸਥਾ ਦੀਆਂ ਧਾਰਨਾਵਾਂ ਦੀ ਆਲੋਚਨਾ ਤਾਂ ਸਗੋਂ ਸਰਬ ਸੱਤਾਧਾਰੀ ਪਰਮਾਤਮਾ ਵਿਚ ਇਸ ਵਿਚਾਰਧਾਰਾ ਦੇ ਸ੍ਰੋਤ ਹੋਣ ਦਾ ਵਿਸ਼ਵਾਸ ਹੋਰ ਵੀ ਪੱਕਾ ਕਰਦੀ ਹੈ। ਉਦਾਹਰਣ ਦੇ ਤੌਰ 'ਤੇ ਜਦੋਂ ਉਹ ਸਹਿਯੋਗੀਆਂ ਦੀ ਇਹ ਧਾਰਨਾ ਕਿ ''ਮਾਤਾ ਜੀ ਸਹਿਯੋਗੀ ਦੇ ਹਰ ਪ੍ਰਸ਼ਨ ਦਾ ਉੱਤਰ ਦਿੰਦੇ ਸਨ। ਪ੍ਰਸ਼ਨ ਮਨ ਵਿਚ ਧਾਰ ਕੇ ਆਪਣੇ ਕੰਮੀ ਜੁੱਟ ਜਾਓ। ਦੇਰ ਸਵੇਰ ਮਾਤਾ ਜੀ ਖ਼ੁਦ ਪ੍ਰਸ਼ਨ ਦਾ ਉੱਤਰ ਸੁਝਾਉਂਦੇ ਸਨ'', ਦਾ ਜੁਆਬ ਇਹ ਆਖ ਕੇ ਦਿੰਦਾ ਹੈ ਕਿ, ''ਪ੍ਰਸ਼ਨਾਂ ਦੇ ਉੱਤਰ ਕੋਈ ਗੈਬੀ ਸ਼ਕਤੀ ਨਹੀਂ ਦਿੰਦੀ। ਜੇ ਕੋਈ ਵਿਅਕਤੀ ਮਨ ਵਿਚ ਪੈਦਾ ਹੋਏ ਸ਼ੰਕਿਆਂ ਦਾ ਸਮਾਧਾਨ ਇਕਾਗਰ ਚਿੱਤ ਹੋ ਕੇ ਸੋਚਣ ਲੱਗੇ ਤਾਂ ਦਿਮਾਗ਼ ਆਪਣੇ ਅੰਦਰ ਜਮ੍ਹਾਂ ਗਿਆਨ ਦੇ ਅਧਾਰ 'ਤੇ ਉੱਤਰ ਸੁਝਾਅ ਦਿੰਦਾ ਸੀ'', ਤਾਂ ਉਹ ਕੇਵਲ ਮਾਤਾ ਜੀ ਨੂੰ ਇਕ ਗੈਬੀ ਸ਼ਕਤੀ ਵਜੋਂ ਹੀ ਮਨਫ਼ੀ ਕਰਦਾ ਹੈ। ਉਸਨੇ ਮਾਤਾ ਜੀ ਦੀ ਏਜੰਸੀ ਖ਼ਤਮ ਕਰ ਦਿੱਤੀ। ਮਾਤਾ ਜੀ ਦੀ ਏਜੰਸੀ ਦੀ ਥਾਂ ਦਿਮਾਗ ਦੀ ਏਜੰਸੀ ਲੈ ਆਂਦੀ।

ਜਦੋਂ ਉਹ ਆਖਦਾ ਹੈ ਕਿ 'ਦਿਮਾਗ ਆਪਣੇ ਅੰਦਰ ਜਮ੍ਹਾਂ ਪਏ ਗਿਆਨ ਦੇ ਅਧਾਰ 'ਤੇ ਉੱਤਰ ਸੁਝਾਉਂਦਾ ਹੈ ਤਾਂ ਉਹ ਦਿਮਾਗ਼ ਦੀ ਥਾਂ ਦਿਮਾਗ਼ ਅੰਦਰ ਜਮ੍ਹਾਂ ਪਏ ਗਿਆਨ ਨੂੰ ਏਜੰਸੀ ਬਣਾ ਲੈਂਦਾ ਹੈ। ਇਸ ਨਾਲ ਇਕ ਬਹੁਤ ਹੀ ਮਹੱਤਵਪੂਰਨ ਸੁਆਲ ਸਾਹਮਣੇ ਆ ਜਾਂਦਾ ਹੈ ਕਿ ਗਿਆਨ ਦਾ ਸ੍ਰੋਤ ਕੀ ਹੈ? ਗਿਆਨ ਦਾ ਸੋਮਾ ਕੀ ਹੈ? ਗਿਆਨ ਹੈ ਕੀ? ਜੇ ਗਿਆਨ ਕੁਦਰਤ ਦਾ ਸੱਚ ਹੈ, ਤਾਂ ਫੇਰ ਕੁਦਰਤ ਦਾ ਸੱਚ ਕੀ ਹੈ? ਕੁਦਰਤ ਦੇ ਸੱਚ ਦਾ ਸੋਮਾ ਕੀ ਹੈ? ਕੁਦਰਤ ਦੇ ਸੱਚ ਦਾ ਸ੍ਰੋਤ ਕੀ ਹੈ?

ਕੁਦਰਤ ਦਾ ਅਟੱਲ ਵਿਧਾਨ ਹੀ ਉਸਦਾ ਸੱਚ ਹੈ। 'ਧਰਤੀ ਆਪਣੀ ਗਰੂਤਾ ਸ਼ਕਤੀ ਨਾਲ ਹਰ ਵਸਤੂ ਨੂੰ ਆਪਣੇ ਵੱਲ ਖਿੱਚਦੀ ਹੈ', ਨਿਊਟਨ ਇਸ ਨੂੰ ਕੁਦਰਤ ਦਾ ਅਟੱਲ ਨਿਯਮ ਆਖਦਾ ਹੈ। ਕੁਦਰਤ ਦਾ ਇਹ ਅਟੱਲ ਨਿਯਮ ਕਿਸ ਨੇ ਬਣਾਇਆ ਹੈ? ਕੁਦਰਤ ਨੇ ਖ਼ੁਦ ਜਾਂ ਫੇਰ ਕਿ ਨਿਊਟਨ ਨੇ? ਨਿਊਟਨ ਨੇ ਇਹ ਨਿਯਮ ਬਣਾਇਆ ਨਹੀਂ, ਲੱਭਿਆ ਹੈ। ਇਹ ਨਿਯਮ ਤਾਂ ਨਿਊਟਨ ਤੋਂ ਪਹਿਲਾਂ ਵੀ ਮੌਜੂਦ ਸੀ। ਧਰਤੀ ਤਾਂ ਪਹਿਲਾਂ ਵੀ ਵਸਤੂਆਂ ਨੂੰ ਆਪਣੇ ਵੱਲ ਇਸੇ ਤਰ੍ਹਾਂ ਖਿੱਚਦੀ ਸੀ, ਜਿਵੇਂ ਹੁਣ ਨਿਊਟਨ ਤੋਂ ਬਾਅਦ ਖਿੱਚਦੀ ਹੈ। ਨਿਊਟਨ ਨੇ ਤਾਂ ਇਸ ਖਿੱਚ ਦੇ ਸੁਭਾਅ ਨੂੰ ਪਹਿਚਾਣ ਕੇ ਇਕ ਸਮੀਕਰਣ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਹ ਨਿਯਮ ਤਾਂ ਕੁਦਰਤ ਦੇ ਅੰਦਰ ਹੀ ਸੀ। ਕੁਦਰਤ ਇਸ ਨਿਯਮ ਦੀ ਪਾਲਣਾ ਨਹੀਂ ਕਰਦੀ, ਇਹ ਨਿਯਮ ਤਾਂ ਕੁਦਰਤ ਦਾ ਸੁਭਾਅ ਹੈ। ਜੇ ਇਹ ਨਿਯਮ ਕੁਦਰਤ ਦੇ ਸੁਭਾਅ ਦਾ ਹਿੱਸਾ ਹੈ ਤਾਂ ਕੁਦਰਤ ਦਾ ਇਹ ਸੁਭਾਅ ਕਿਸ ਨੇ ਬਣਾਇਆ ਹੈ। ਨਿਊਟਨ ਇਸਦਾ ਕੋਈ ਜੁਆਬ ਨਹੀਂ ਦਿੰਦਾ। ਬੱਸ ਇਕ ਵਿਸ਼ਵਾਸ ਹੈ ਕਿ ਕੁਦਰਤ ਦੇ ਇਹ ਨਿਯਮ ਉਸੇ ਨੇ ਬਣਾਏ ਹਨ ਜਿਸ ਨੇ ਕੁਦਰਤ ਬਣਾਈ ਹੈ। ਇਸੇ ਦਾ ਨਾਮ ਪਰਮ ਸੱਚ ਪਰਮਾਤਮਾ ਹੈ।

ਇਸ ਲਈ ਇਹ ਪਰਮਾਤਮਾ ਹੀ ਕੁਦਰਤ ਦੇ ਇਸ ਸੁਭਾਅ, ਕੁਦਰਤ ਦੇ ਇਸ ਸੱਚ ਜਾਂ ਕੁਦਰਤ ਦੇ ਇਹਨਾਂ ਨਿਯਮਾਂ ਦਾ ਸੋਮਾ ਹੈ। ਸੋ ਪਰਮਾਤਮਾ ਦੁਆਰਾ ਸਥਾਪਤ ਕੁਦਰਤ ਦੇ ਸੱਚ ਦਾ ਅਨੁਭਵ ਜਾਂ ਉਸਦੀ ਪਹਿਚਾਣ ਹੀ ਗਿਆਨ ਹੈ। ਇਸ ਧਾਰਮਕ ਸੰਸਥਾ ਦੇ ਲੋਕਾਂ ਨੂੰ ਕੁਦਰਤ ਦੇ ਸੱਚ ਦਾ ਅਨੁਭਵ ਮਾਤਾ ਜੀ ਰਾਹੀਂ ਹੁੰਦਾ ਹੈ ਤੇ ਕਮਲ ਵਰਗੇ ਲੋਕਾਂ ਨੂੰ ਕੁਦਰਤ ਦੇ ਇਸ ਸੱਚ ਦੀ ਪਹਿਚਾਣ ਗਿਆਨ ਵਿਗਿਆਨ ਰਾਹੀਂ ਹੁੰਦੀ ਹੈ। ਇਹ ਮਾਤਾ ਅਤੇ ਗਿਆਨ ਵਿਗਿਆਨ ਤਾਂ ਪਰਮਾਤਮਾ ਭਾਵ ਉਸ ਕਰਤੇ ਦੇ ਅਵਤਾਰ ਜਾਂ ਪੈਗ਼ੰਬਰ ਹਨ ਜਿਹਨਾਂ ਰਾਹੀਂ ਸਾਨੂੰ ਕਰਤੇ ਦੀ ਕੁਦਰਤ ਦੇ ਸੱਚ ਦੀ ਪਹਿਚਾਣ ਹੁੰਦੀ ਹੈ। ਸੋ ਫ਼ਰਕ ਤਾਂ ਕੇਵਲ ਏਜੰਸੀ ਦਾ ਹੀ ਹੈ। ਸੱਚ ਦਾ ਅਸਲ ਸਰੋਤ ਤਾਂ ਉਹ ਪ੍ਰਭੂ ਸੱਤਾ ਸੰਪੰਨ ਪਰਮਾਤਮਾ ਹੀ ਹੈ।

ਕੁਦਰਤ ਦਾ ਸੂਖਸ਼ਮ ਵਿਧਾਨ, ਜਾਂ ਕੁਦਰਤ ਸਵੈਮ ਵੀ ਪਰਮਾਤਮਾ ਹੋ ਸਕਦੇ ਹਨ। ਇਸ ਚਰਚਾ ਰਾਹੀਂ ਆਪਾਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਇਸ ਸੋਚ ਮੁਤਾਬਕ ਪਰਮਾਤਮਾ ਦੁਆਰਾ ਸਥਾਪਤ ਸੱਚ ਪਰਮਾਤਮਾ ਕਾਰਨ ਜਾਂ ਆਪਣੇ ਆਪ ਕਾਰਨ ਹੀ ਸੱਚ ਹੈ। ਕਿਸੇ ਵੀ ਵਸਤੂ, ਵਰਤਾਰੇ ਜਾਂ ਕੁਦਰਤ ਦਾ ਸੱਚ, ਇਸ ਸੱਚ ਦੀ ਖੋਜ ਕਰਨ ਵਾਲੇ ਮਨੁੱਖ ਤੋਂ ਆਜ਼ਾਦ, ਆਪਣੇ ਆਪ ਵਿਚ ਹੀ ਸੱਚ ਹੁੰਦਾ ਹੈ। ਸੱਚ ਦਾ ਖੋਜੀ ਇਸ ਸੱਚ ਨੂੰ ਪ੍ਰਭਾਵਤ ਨਹੀਂ ਕਰ ਸਕਦਾ। ਜੇ ਕਿਸੇ ਸੱਚ ਨੂੰ ਲੋਕ ਵੱਖੋ ਵੱਖਰੇ ਰੂਪਾਂ ਵਿਚ ਦੇਖਦੇ ਹਨ, ਤਾਂ ਉਹ ਅਜੇਹਾ ਆਪਣੀ ਅਗਿਆਨਤਾ ਕਾਰਨ ਹੀ ਦੇਖ ਰਹੇ ਹੁੰਦੇ ਹਨ। ਉਹ ਇਸ ਸੱਚ ਪ੍ਰਤੀ ਆਪਣੀ ਅਗਿਆਨਤਾ ਕਾਰਨ ਇਸ ਨੂੰ ਦੂਸ਼ਿਤ ਕਰ ਲੈਂਦੇ ਹਨ। ਜਿਸ ਵਸਤੂ/ਵਰਤਾਰੇ ਬਾਰੇ ਤੁਸੀਂ ਗਿਆਨ ਹਾਸਲ ਕਰਨਾ ਚਾਹੁੰਦੇ ਹੋ, ਉਸ ਵਸਤੂ/ਵਰਤਾਰੇ ਦਾ ਸੱਚ ਤੁਹਾਥੋਂ ਪੂਰੀ ਤਰ੍ਹਾਂ ਨਾਲ ਆਜ਼ਾਦ ਉਸ ਵਸਤੂ/ਵਰਤਾਰੇ ਦੇ ਅੰਦਰ ਸੁਭਾਅ ਦੇ ਰੂਪ ਵਿਚ ਹੀ ਵਸਿਆ ਹੁੰਦਾ ਹੈ। ਸੋ ਕਰਤਾ ਤਾਂ ਕੇਵਲ ਉਹ ਪ੍ਰਭੁਸੱਤਾ ਸੰਪੰਨ ਪਰਮਾਤਮਾ ਹੀ ਹੈ। ਤੁਸੀਂ ਤਾਂ ਇਸ ਨੂੰ ਪ੍ਰਸਾਦ ਦੇ ਰੂਪ ਵਿਚ ਹੀ ਪ੍ਰਾਪਤ ਕਰਦੇ ਹੋ। ਉਪਰੋਕਤ ਉਦਾਹਰਣ ਵਿਚ ਜਿਵੇਂ ਇਹ ਮਾਤਾ

ਕਲਿਆਣੀ ਜੀ ਅਤੇ ਨਿਊਟਨ ਨੂੰ ਪ੍ਰਾਪਤ ਹੁੰਦਾ ਹੈ। ਸੇਬ ਨੂੰ ਧਰਤੀ ਉੱਪਰ ਗਿਰਦਾ ਤਾਂ ਸਾਰੇ ਹੀ ਦੇਖਦੇ ਹਨ। ਪਰਮਾਤਮਾ ਨੇ ਨਿਊਟਨ ਉੱਪਰ ਕਿਰਪਾ ਕੀਤੀ ਕਿ ਉਸ ਨੂੰ ਇਸ ਵਰਤਾਰੇ ਵਿਚੋਂ ਧਰਤੀ ਦੀ ਖਿੱਚ ਦਾ ਅਨੁਭਵ ਹੋਇਆ।

ਗਿਆਨ ਨਿਰਪੇਖ ਹੈ, ਸਰਬ ਵਿਆਪਕ ਹੈ, ਸੱਚ ਹੈ। ਪਰਮਾਤਮਾ ਇਸ ਦਾ ਸ੍ਰੋਤ ਹੈ। ਮਾਲਕ ਹੈ। ਤੇ ਉਸ ਮਾਲਕ ਦੀ ਕ੍ਰਿਪਾ ਨਾਲ ਇਹ ਮਨੁੱਖਾਂ ਅੰਦਰ ਪ੍ਰਗਟ ਹੁੰਦਾ ਹੈ। ਉਹਨਾਂ ਨੂੰ ਪ੍ਰਸਾਦ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਪਰਮਾਤਮਾ ਅਤੇ ਮਨੁੱਖ ਵਿਚਕਾਰ ਇਹ ਮਾਲਕ ਅਤੇ ਪਰਜਾ ਵਾਲਾ ਸ਼ਕਤੀ-ਸਬੰਧ ਹੈ। ਸਮਰਾਟਵਾਦ ਵਾਲਾ, ਜਿੱਥੇ ਪ੍ਰਭੁਸੱਤਾ ਸੰਪੰਨ ਸਮਰਾਟ ਅਤੇ ਸ਼ਕਤੀ ਵਿਹੂਣੀ ਪਰਜਾ ਵਿਚਕਾਰ ਇਹੋ ਹੀ ਰਿਸ਼ਤਾ ਹੁੰਦਾ ਹੈ। ਉਦਾਰ ਜਮਹੂਰੀਅਤ ਇਸਦਾ ਆਧੁਨਿਕ ਸ੍ਰੇਸ਼ਟ ਰੂਪ ਹੈ ਜਿੱਥੇ ਸਮਰਾਟ ਦੀ ਥਾਂ ਇਕ ਪ੍ਰਤੀਨਿਧ ਸਰਕਾਰ ਲੋਕਾਂ (ਪਰਜਾ) ਦੇ ਅਧਿਕਾਰਾਂ ਦੀ ਨਿਗਰਾਨ ਹੁੰਦੀ ਹੈ।

ਸੋ ਇਸ ਤਰ੍ਹਾਂ ਦੀ ਵਿਚਾਰਧਾਰਾ ਲੈ ਕੇ ਨੇਹਾ ਕਾਨੂੰਨ ਦੇ ਖੇਤਰ ਵਿਚ ਦਾਖਲ ਹੋਣ ਜਾ ਰਹੀ ਹੈ। ਪਰ ਕਾਨੂੰਨ ਦੇ ਖੇਤਰ ਵਿਚ ਦਾਖ਼ਲਾ ਹੋਣ ਪਿੱਛੇ ਉਸਦਾ ਜੋ ਮਕਸਦ ਹੈ, ਉਹ ਹੈ: 'ਵਿਕਟਮ ਵੈਲਫ਼ੇਅਰ ਸੁਸਾਇਟੀ ਵਿਚ ਸ਼ਾਮਲ ਹੋ ਕੇ ਮੁਲਜ਼ਮ ਪੱਖੀ ਕਾਨੂੰਨ ਵਿਰੁੱਧ ਸੰਘਰਸ਼ ਕਰਨਾ'। ਇਸ ਸੰਘਰਸ਼ ਦੀ ਸੀਮਾ ਅਤੇ ਸੰਭਾਵਨਾ ਕੀ ਹੈ ਅਤੇ ਇਹ ਸਮਾਜ ਨੂੰ ਕਿਸ ਦਿਸ਼ਾ ਵੱਲ ਲਿਜਾਵੇਗਾ, ਇਹ ਸਭ ਦੇਖਣ ਲਈ ਵਿਕਟਮ ਵੈਲਫ਼ੇਅਰ ਸੁਸਾਇਟੀ ਦੀ ਵਿਚਾਰਧਾਰਾ ਬਾਰੇ ਵੀ ਜਾਨਣ ਦੀ ਆਵੱਸ਼ਕਤਾ ਹੈ। ਵਿਕਟਮ ਵੈਲਫ਼ੇਅਰ ਸੁਸਾਇਟੀ ਬਾਰੇ ਆਪਾਂ ਵਿਸਤਾਰ ਵਿਚ ਚਰਚਾ ਕਰ ਚੁੱਕੇ ਹਾਂ ਜਿੱਥੇ ਆਪਾਂ ਦੇਖਿਆ ਕਿ ਹਰੀਸ਼ ਰਾਇ ਦੀ ਵਿਕਟਮ ਵੈਲਫ਼ੇਅਰ ਸੁਸਾਇਟੀ ਦਾ ਮੁੱਖ ਉਦੇਸ਼ ਨਿਆਂ ਪ੍ਰਣਾਲੀ ਵਿਚ ਫ਼ੈਲੀ ਰਿਸ਼ਵਤਖੋਰੀ, ਅਨੈਤਿਕਤ, ਲੁੱਟ-ਖਸੁੱਟ ਆਦਿ ਅਤੇ ਉਹਨਾਂ ਕਾਨੂੰਨੀ ਕਮਜ਼ੋਰੀਆਂ, ਜਿਹਨਾਂ ਦਾ ਫ਼ਾਇਦਾ ਉਠਾ ਕੇ ਅਪਰਾਧੀ ਬਚ ਨਿਕਲਦੇ ਹਨ, ਵਿਰੁੱਧ ਸੰਘਰਸ਼ ਕਰਨਾ ਹੈ। ਦੂਸਰੇ ਪਾਸੇ ਆਪਾਂ ਇਹ ਵੀ ਦੇਖ ਚੁੱਕੇ ਹਾਂ ਕਿ ਸਮਾਜਕ ਅਨ੍ਹਿਆਂ ਵਿਰੁੱਧ ਸੰਘਰਸ਼ ਕਰਨ ਵਾਲੇ ਨਿਰਦੋਸ਼ ਜਿਹਨਾਂ ਨੂੰ ਇਹਨਾਂ ਕਾਨੂੰਨੀ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਫਸਾ ਲਿਆ ਜਾਂਦਾ ਹੈ, ਉਹਨਾਂ ਦੇ ਹੱਕਾਂ ਲਈ ਮਾਨਵ ਅਧਿਕਾਰ ਸੰਗਠਨ ਉਲਟ ਦਿਸ਼ਾ ਵਿਚ ਸੰਘਰਸ਼ਸ਼ੀਲ ਹਨ।

ਨਾਵਲਕਾਰ ਨੇ ਵਿਕਟਮ ਵੈਲਫ਼ੇਅਰ ਸੁਸਾਇਟੀ ਅਤੇ ਮਾਨਵ ਅਧਿਕਾਰ ਸੰਗਠਨ ਇਕ ਦੂਸਰੇ ਦੇ ਵਿਰੋਧ ਵਿਚ ਸੰਘਰਸ਼ ਕਰਦੇ ਦਿਖਾਏ ਹਨ। ਵਿਕਟਮ ਵੈਲਫ਼ੇਅਰ ਸੁਸਾਇਟੀ ਦਾ ਹੀਰੋ ਹਰੀਸ਼ ਰਾਇ ਹੈ ਅਤੇ ਮਾਨਵ ਅਧਿਕਾਰ ਸੰਗਠਨਾਂ ਦੀ ਨੁਮਾਇੰਦਗੀ ਕਰਨ ਵਾਲੇ ਹੀਰੋ ਨੂੰ ਗ਼ੈਰਹਾਜ਼ਰ ਕਰ ਕੇ ਇਹ ਜ਼ਿੰਮੇਵਾਰੀ ਪਾਠਕ ਦੇ ਮੋਢਿਆਂ ਉੱਪਰ ਸੁੱਟੀ ਗਈ ਹੈ। ਭਾਵੇਂ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਮੁਜਰਮ ਨੂੰ ਜੁਰਮ ਕਰਨ ਵੇਲੇ ਸੌ ਵਾਰ ਸੋਚਣਾ ਪਵੇ।

ਸਮਾਜ ਵਿਚ ਜੁਰਮ ਨੂੰ ਰੋਕਣ ਲਈ ਮੁਜਰਮਾਂ ਲਈ ਸਜ਼ਾਵਾਂ ਜ਼ਰੂਰੀ ਹਨ। ਪਰ ਨੇਹਾ ਕਮਲ ਦੇ ਕਾਤਲਾਂ ਨੂੰ ਇਸ ਲਈ ਫ਼ਾਂਸੀ ਦੇ ਫੱਟੇ ਤੱਕ ਪਹੁੰਚਾਣਾ ਚਾਹੁੰਦੀ ਹੈ ਕਿਉਂਕਿ ਉਹਨਾਂ ਨੇ ਉਸ ਦੇ ਭਰਾ ਕਮਲ ਦਾ ਕਤਲ ਕੀਤਾ ਹੈ। ਦੂਸਰੇ ਸ਼ਬਦਾਂ ਵਿਚ ਉਹ ਕਮਲ ਦੇ ਕਤਲ ਦਾ ਬਦਲਾ ਲੈਣਾ ਚਾਹੁੰਦੀ ਹੈ। ਹਰੀਸ਼ ਸ਼ਾਇਦ ਬਦਲਾ ਤਾਂ ਨਹੀਂ ਲੈਣਾ ਚਾਹੁੰਦਾ ਪਰ ਉਹ ਸੋਚਦਾ ਹੈ ਕਿ ਗੁਨਾਹਗਾਰ ਨੂੰ ਗੁਨਾਹ ਦੀ ਸਜ਼ਾ ਦੇਣਾ ਹੀ ਇਨਸਾਫ਼ ਹੈ।

ਜੁਰਮ ਪਾਪ ਹੈ ਅਤੇ ਪਾਪੀ ਨੂੰ ਪਾਪ ਦੀ ਸਜ਼ਾ ਮਿਲਣੀ ਹੀ ਚਾਹੀਦੀ ਹੈ। ਇਸੇ ਨੂੰ ਇਨਸਾਫ਼ ਕਿਹਾ ਜਾਂਦਾ ਹੈ। ਹੁਣ ਏਥੇ ਦੇਖਣ ਵਾਲੀ ਗੱਲ ਇਹ ਹੈ ਕਿ ਉਹ ਕਿਹੜੀ ਵਿਚਾਰਧਾਰਾ ਹੈ ਜੋ ਨੇਹਾ ਅਤੇ ਹਰੀਸ਼ ਨੂੰ ਇਸ ਤਰ੍ਹਾਂ ਸੋਚਣ ਲਈ ਮਜਬੂਰ ਕਰ ਰਹੀ ਹੈ? ਨੇਹਾ ਵਰਗੇ ਲੋਕਾਂ ਦੇ ਨਜ਼ਰੀਏ ਤੋਂ ਤਾਂ ਸ਼ਾਇਦ ਇਹ ਸੁਆਲ ਹੀ ਗਲਤ ਹੈ ਕਿਉਂਕਿ ਪਾਪੀ ਨੂੰ ਪਾਪ ਦੀ ਸਜ਼ਾ ਦੇਣਾ ਕੋਈ ਵਿਚਾਰਧਾਰਕ ਪੈਂਤੜਾ ਨਹੀਂ, ਕੁਦਰਤ ਦੁਆਰਾ ਸਥਾਪਤ ਇਨਸਾਫ਼ ਦੀ ਪਾਲਣਾ ਹੈ। ਧਾਰਮਿਕ ਸੰਸਥਾ ਨਾਲ ਜੁੜੀ ਹੋਈ ਨੇਹਾ ਅਤੇ ਤਰਕਸ਼ੀਲ ਸੋਚ ਨਾਲ ਜੁੜੇ ਹੋਏ ਹਰੀਸ਼ ਰਾਇ ਦੀ ਵਿਚਾਰਧਾਰਾ ਅਨੁਸਾਰ ਗੁਨਾਹਗਾਰ ਨੂੰ ਗੁਨਾਹ ਅਤੇ ਮੁਜਰਮ ਨੂੰ ਉਸਦੇ ਜੁਰਮ ਦੀ ਸਜ਼ਾ ਦੇਣਾ ਹੀ ਇਨਸਾਫ਼ ਹੈ। ਇਸ ਤਰ੍ਹਾਂ ਇਹ ਜੁਰਮ ਨੂੰ ਕਿਸੇ ਨਿਰਪੇਖ ਅਤੇ ਸਰਬਵਿਆਪਕ ਨੈਤਿਕਤਾ ਨਾਲ ਜੋੜ ਲੈਂਦੇ ਹਨ। ਗੁਨਾਹ ਨੂੰ ਧਾਰਮਿਕ ਅਵੱਗਿਆ ਦੇ ਰੂਪ ਵਿਚ ਵੇਖਦੇ ਹਨ। ਕਿਸੇ ਨੈਤਿਕ, ਧਾਰਮਿਕ ਅਤੇ ਕੁਦਰਤੀ ਨਿਯਮ ਦੀ ਉਲੰਘਣਾ ਦੇ ਰੂਪ ਵਿਚ ਜਿਸ ਵਾਸਤੇ ਕੇਵਲ ਸਜ਼ਾ ਹੀ ਇਨਸਾਫ਼ ਹੋ ਸਕਦੀ ਹੈ।

ਜਿਵੇਂ ਕਿ ਆਪਾਂ ਸਹਿਯੋਗ ਸੰਸਥਾ ਦੇ ਅਧਿਐਨ ਸਮੇਂ ਦੇਖਿਆ ਕਿ ਕੇਵਲ ਅਜੇ ਹੀਆਂ ਧਾਰਮਿਕ ਸੰਸਥਾਵਾਂ ਹੀ ਨਹੀਂ, ਆਧੁਨਿਕ ਵਿਗਿਆਨ ਵੀ ਸੱਚ ਨੂੰ ਪ੍ਰਮਾਤਮਾ ਦੁਆਰਾ ਸਥਾਪਤ ਕੁਦਰਤ ਦੇ ਵਿਧਾਨ ਭਾਵ ਕੁਦਰਤੀ ਨਿਯਮਾਂ ਦੇ ਰੂਪ ਵਿਚ ਹੀ ਦੇਖਦੇ ਹਨ। ਸੋ ਸੱਚ ਝੂਠ, ਪੁੰਨ ਪਾਪ, ਨੈਤਿਕ ਅਨੈਤਿਕ ਆਦਿ ਦਾ ਅੰਤਰ ਵੀ ਪਰਮਾਤਮਾ ਦੁਆਰਾ ਹੀ ਸਥਾਪਤ ਹੈ। ਜਿਵੇਂ ਕਿ ਆਮ ਹੀ ਕਿਹਾ ਜਾਂਦਾ ਹੈ ਕਿ ਇੱਕ ਕਚਹਿਰੀ ਉੱਪਰ ਵੀ ਹੈ-ਪ੍ਰਮਾਤਮਾ ਦੀ ਕਚਿਹਰੀ, ਅੰਤਮ ਫ਼ੈਸਲਾ ਤਾਂ ਉਸ ਦੇ ਹੱਥ ਵਿਚ ਹੈ। ਕੀ ਸੱਚ ਹੈ ਅਤੇ ਕੀ ਝੂਠ ਹੈ, ਕੀ ਪੁੰਨ ਹੈ ਅਤੇ ਕੀ ਪਾਪਾ ਹੈ, ਇਸ ਦਾ ਸ੍ਰੋਤ ਵੀ ਪਰਮਾਤਮਾ ਹੀ ਹੈ। ਜਿਵੇਂ ਵਿਗਿਆਨੀ ਸੱਚ ਬਣਾਉਂਦੇ ਨਹੀਂ ਖੋਜਦੇ ਹਨ, ਇਸੇ ਤਰ੍ਹਾਂ ਸਰਕਾਰਾਂ ਪਾਪ ਪੁੰਨ ਘੜਦੀਆਂ ਨਹੀਂ, ਪਾਪਾਂ ਦਾ ਵਰਗੀਕਰਨ ਕਰਕੇ, ਦੰਡਾਵਲੀ ਬਣਾਉਂਦੀਆਂ ਹਨ, ਤਾਂ ਜੋ ਦੋਸ਼ੀਆਂ ਨੂੰ ਉਹਨਾਂ ਦੇ ਦੋਸ਼ ਦੀ ਸਜ਼ਾ ਦੇ ਕੇ ਇਨਸਾਫ਼ ਕੀਤਾ ਜਾ ਸਕੇ। ਇਨਸਾਫ਼ ਤਾਂ ਪ੍ਰਭੁਸੱਤਾ ਸੰਪੰਨ ਪਰਮਾਤਮਾ ਦੁਆਰਾ ਹੀ ਸਥਾਪਤ ਹੈ, ਅਸੀਂ ਤਾਂ ਕੇਵਲ ਉਸਦੀ ਮੰਗ ਹੀ ਕਰ ਸਕਦੇ ਹਾਂ।

ਇਸੇ ਤਰ੍ਹਾਂ ਨੇਹਾ, ਹਰੀਸ਼ ਰਾਇ ਅਤੇ ਉਹਨਾਂ ਦੀ ਸੰਸਥਾ ਵਿਕਟਮ ਵੈਲਫ਼ੇਅਰ ਸੁਸਾਇਟੀ ਦਾ ਸੰਘਰਸ਼ ਸਰਵਸੱਤਾ ਸੰਪੰਨ ਸਰਕਾਰ ਪਾਸੋਂ ਇਨਸਾਫ਼ ਦੀ ਮੰਗ ਤੱਕ ਹੀ ਸੀਮਤ ਹੈ। ਨਿਆਂ ਪ੍ਰਣਾਲੀ ਵਿਚ ਫ਼ੈਲੇ ਭ੍ਰਿਸ਼ਟਾਚਾਰ ਅਤੇ ਮੁਜ਼ਰਮਾਂ ਨੂੰ ਮਿਲਣ ਵਾਲੀਆਂ ਰਿਆਇਤਾਂ ਵਿਰੁੱਧ, ਤਾਂ ਜੋ ਮੁਲਜ਼ਮਾਂ ਹੱਥੋਂ ਮਾਰ ਖਾਈ ਬੈਠੇ ਲੋਕਾਂ ਨੂੰ ਇਨਸਾਫ਼ ਮਿਲ ਸਕੇ: ''ਹਰੀਸ਼ ਰਾਇ ਨੇ ਇਹਨਾ ਪੀੜਤਾਂ ਦੇ ਹੰਝੂ ਪੂੰਝਣ ਦਾ ਬੀੜਾ

ਚੁੱਕਿਆ ਸੀ।''

ਸਮਾਜਕ ਤਬਦੀਲੀ ਨਾਲ ਇਹਨਾ ਦਾ ਕੋਈ ਲੈਣਾ ਦੇਣਾ ਨਹੀਂ। ਜੇਕਰ ਲੈਣਾ ਦੇਣਾ ਹੈ ਤਾਂ ਜਮਹੂਰੀ ਅਧਿਕਾਰਾਂ ਲਈ ਲੜਨ ਵਾਲੀਆਂ ਉਹਨਾਂ ਸੰਸਥਾਵਾਂ ਦਾ ਜਿਹਨਾਂ ਨੂੰ ਨਾਵਲਕਾਰ ਨੇ ਵਿਕਟਮ ਵੈਲਫ਼ੇਅਰ ਸੁਸਾਇਟੀ ਵਰਗੀਆਂ ਸੰਸਥਾਵਾਂ ਦੇ ਵਿਰੋਧ ਵਿਚ ਖੜ੍ਹਾ ਕਰਕੇ ਨਾਵਲ ਵਿਚੋਂ ਗੈਰਹਾਜ਼ਰ ਕਰ ਦਿੱਤਾ ਹੈ ਤਾਂ ਜੋ ਪਾਠਕ ਇਹਨਾਂ ਸੰਸਥਾਵਾਂ ਦੀ ਨੁਮਾਇੰਦਗੀ ਦਾ ਬੀੜਾ ਚੁੱਕ ਕੇ ਸਮਾਜਕ ਤਬਦੀਲੀ ਦੀ ਦਿਸ਼ਾ ਵਿੱਚ ਯਤਨਸ਼ੀਲ ਹੋ ਸਕਣ।

ਪਰ ਜਿਵੇਂ ਕਿ ਅਸੀਂ ਆਧੁਨਿਕ ਨਿਆਂ ਪ੍ਰਣਾਲੀ ਦਾ ਅਧਿਐਨ ਕਰਦੇ ਹੋਏ ਦੇਖ ਚੁੱਕੇ ਹਾਂ ਕਿ ਜੁਰਮ ਕਿਸੇ ਪਾਪ ਜਾਂ ਅਨੈਤਿਕਤਾ ਦਾ ਨਾਮ ਨਹੀਂ, ਇਕ ਸਮਾਜਕ ਅਹਿਦਨਾਮੇ ਨੂੰ ਤੋੜਨ ਦਾ ਨਾਮ ਹੈ। ਸਮਾਜ ਦੀ ਭਲਾਈ ਲਈ ਬਣਾਏ ਗਏ ਵਿਧਾਨ ਨੂੰ ਤੋੜਨ ਦਾ ਨਾਮ ਹੈ। ਸਮਾਜਕ ਕਾਨੂੰਨ ਦੀ ਉਲੰਘਣਾ ਦਾ ਨਾਮ ਹੈ। ਸਮਾਜਕ ਸੰਕਟ ਜਾਂ ਸਮਾਜਕ ਬਿਮਾਰੀ ਦਾ ਨਾਮ ਹੈ। ਇਸ ਵਾਸਤੇ ਮੁਜਰਮ ਪਾਪੀ ਨਹੀਂ, ਸਮਾਜ ਦਾ ਨੁਕਸਾਨ ਕਰਨ ਵਾਲਾ ਸਮਾਜ-ਵਿਰੋਧੀ ਤੱਤ ਹੁੰਦਾ ਹੈ। ਕਾਨੂੰਨ ਅਤੇ ਕਚਹਿਰੀ ਦਾ ਉਦੇਸ਼ ਅਜੇਹੇ ਸਮਾਜ-ਵਿਰੋਧੀ ਤੱਤਾਂ ਨੂੰ ਸਜ਼ਾ ਦੇਣਾ ਨਹੀਂ, ਅਜੇਹੇ ਲੋਕਾਂ ਨੂੰ ਸਿੱਧੇ ਰਸਤੇ 'ਤੇ ਲਿਆਉਣਾ ਹੈ। ਇਹ ਦੇਖਣਾ ਵੀ ਹੈ ਕਿ ਭਵਿੱਖ ਵਿਚ ਕੋਈ ਹੋਰ ਲੋਕ ਅਜੇਹੇ ਜੁਰਮ ਨਾ ਕਰਨ। ਸਮਾਜ ਵਿਚੋਂ ਜੁਰਮ ਨੂੰ ਖ਼ਤਮ ਕਰਨਾ ਹੀ ਅਸਲ ਵਿਚ ਨਿਆਂ ਪ੍ਰਣਾਲੀ ਦਾ ਕਰਤੱਵ ਹੈ। ਕਿਹੜੀਆਂ ਪ੍ਰਸਥਿਤੀਆਂ, ਘਟਨਾਵਾਂ ਅਤੇ ਮਨੋਸਥਿਤੀਆਂ ਅਮਨ ਕਾਨੂੰਨ ਲਈ ਸੰਕਟ ਪੈਦਾ ਕਰ ਸਕਦੀਆਂ ਹਨ, ਉਹਨਾ ਦੀ ਪਹਿਚਾਣ ਕਰਕੇ ਰੋਕਣਾ ਵੀ ਆਧੁਨਿਕ ਨਿਆਂ ਪ੍ਰਣਾਲੀ ਦੀ ਹੀ ਜ਼ਿੰਮੇਵਾਰੀ ਹੈ।

ਜਿੱਥੇ ਜੁਰਮ ਦੀ ਇਸ ਨਵੀਂ ਪਰਿਭਾਸ਼ਾ ਨੇ ਇਨਸਾਫ਼ ਦੇ ਸੰਕਲਪ ਨੂੰ ਵਧੇਰੇ ਜਟਿਲ ਅਤੇ ਵਿਸ਼ਾਲ ਕੀਤਾ ਹੈ, ਓਥੇ ਨਿਆਂ ਪ੍ਰਣਾਲੀ ਨੂੰ ਸਮਾਜ ਉੱਪਰ ਆਪਣਾ ਕੰਟਰੋਲ ਸਥਾਪਤ ਕਰਨ ਦਾ ਪੂਰਨ ਅਧਿਕਾਰ ਵੀ ਦੇ ਦਿੱਤਾ ਹੈ। ਕਿਉਂਕਿ ਜੁਰਮ ਦੀ ਇਸ ਨਵੀਂ ਪਰਿਭਾਸ਼ਾ ਮੁਤਾਬਕ ਜੁਰਮ ਪਰਮਾਤਮਾ ਦੁਆਰਾ ਨਿਸ਼ਚਿਤ ਕੀਤਾ ਗਿਆ, ਪਾਪ ਨਹੀਂ, ਸਟੇਟ ਦੁਆਰਾ ਨਿਸ਼ਚਿਤ ਕੀਤਾ ਗਿਆ ਸਮਾਜ ਵਿਰੋਧੀ ਕਰਮ ਹੈ, ਇਸ ਲਈ ਇਹ ਆਧੁਨਿਕ ਨਿਆਂ ਪ੍ਰਣਾਲੀ ਸਮਾਜ ਉੱਪਰ ਸਟੇਟ ਭਾਵ ਹਾਕਮ ਜਮਾਤ ਦੇ ਕੰਟਰੋਲ ਦੀ ਵਿਧਾ ਦਾ ਹੀ ਨਾਮ ਹੈ। ਕੀ ਪਾਪ ਹੈ ਅਤੇ ਕੀ ਪੁੰਨ ਹੈ, ਇਸ ਦਾ ਫ਼ੈਸਲਾ ਪਰਮਾਤਮਾ ਨਹੀਂ ਸਿਆਸਤ ਕਰਦੀ ਹੈ। ਪਾਪ ਪੁੰਨ ਪ੍ਰਮਾਤਮਾ ਦੁਆਰਾ ਨਹੀਂ ਸਮਾਜ ਦੁਆਰਾ ਸਿਆਸੀ ਤੌਰ ਤੇ ਸਥਾਪਤ ਹੁੰਦੇ ਹਨ। ਇਸ ਲਈ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਕਾਨੂੰਨ ਅਤੇ ਇਨਸਾਫ਼ ਜਮਾਤੀ ਜਾਂ ਹੈਜਮੌਨਿਕ ਸੰਘਰਸ਼ਾਂ ਰਾਹੀਂ ਨਿਸ਼ਚਿਤ ਹੁੰਦੇ ਹਨ। ਇਸ ਨਾਵਲ ਵਿਚ ਹਰੀਸ਼ ਰਾਇ ਦੀ ਵਿਕਟਮ ਵੈਲਫ਼ੇਅਰ ਸੁਸਾਇਟੀ ਅਤੇ ਮਾਨਵ-ਅਧਿਕਾਰ ਸੰਗਠਨਾਂ ਵਿਚਕਾਰ ਚੱਲ ਰਿਹਾ ਸੰਘਰਸ਼ ਇਸੇ ਕਿਸਮ ਦੇ ਹੈਜਮੌਨਿਕ ਸੰਘਰਸ਼ ਦਾ ਹੀ ਇਕ ਪ੍ਰਤੀਕ ਹੈ। ਮਾਨਵ ਅਧਿਕਾਰ ਸੰਗਠਨ ਇਹ ਸੋਚ ਕੇ ਚੱਲਦੇ ਹਨ ਕਿ ਕਾਨੂੰਨ ਅਤੇ ਇਨਸਾਫ਼ ਪ੍ਰਮਾਤਮਾ ਦੁਆਰਾ ਨਹੀਂ ਹਾਕਮ ਜਮਾਤ ਦੁਆਰਾ ਡਿਸਕਰਸਿਵਲੀ ਨਿਰਮਿਤ ਹੁੰਦੇ ਹਨ। ਇਸ ਲਈ ਇਹ ਜਮਾਤੀ ਜਾਂ ਹੈਜਮੌਨਿਕ ਸੰਘਰਸ਼ਾਂ ਦਾ ਅਖਾੜਾ ਹਨ ਅਤੇ ਇਹਨਾਂ ਸੰਘਰਸ਼ਾਂ ਰਾਹੀਂ ਹੀ ਤਬਦੀਲ ਹੁੰਦੇ ਹਨ। ਇਸੇ ਤਰ੍ਹਾਂ ਜੇਕਰ ਕਾਨੂੰਨ ਦੀ ਤਰ੍ਹਾਂ ਸੱਚ ਵੀ ਪ੍ਰਮਾਤਮਾ ਦੁਆਰਾ ਨਹੀਂ ਹਾਕਮ ਜਮਾਤ ਦੁਆਰਾ ਰਾਜਨੀਤਕ ਤੌਰ ਤੇ ਡਿਸਕਰਸਿਵਲੀ ਹੀ ਨਿਰਮਿਤ ਹੁੰਦਾ ਹੈ, ਤਾਂ ਸਾਨੂੰ ਮੰਨਣਾ ਪਵੇਗਾ ਕਿ ਸਟੇਟ ਪ੍ਰਭੁਸੱਤਾ ਸੰਪੰਨ ਪ੍ਰਮਾਤਮਾ ਦੀ ਪ੍ਰਤੀਕ ਨਹੀਂ ਜਮਾਤੀ/ ਹੈਜਮੌਨਿਕ ਸੰਘਰਸ਼ਾਂ ਦਾ ਅਖਾੜਾ ਹੈ ਅਤੇ ਜਮਾਤੀ/ਹੈਜਮੌਨਿਕ ਹਿੱਤਾਂ ਅਨੁਸਾਰ ਤਬਦੀਲ ਹੁੰਦੀ ਹੈ।

ਇਸ ਧਾਰਨਾ ਤੇ ਟਿਕਣ ਲਈ ਸਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਸੱਚ ਕੁਦਰਤ ਦੇ ਅੰਦਰ ਕਿਸੇ ਨਿਰਪੇਖ ਰੂਪ ਵਿਚ ਮੌਜੂਦ ਨਹੀਂ ਹੁੰਦਾ ਸਗੋਂ ਕੁਦਰਤ ਦੇ ਬਾਹਰ ਉਸ ਨਾਲ ਸੰਘਰਸ਼ ਵਿਚੋਂ ਪੈਦਾ ਹੁੰਦਾ ਹੈ। ਕੋਈ ਖੋਜਣ ਵਾਲੀ ਵਸਤ ਨਹੀਂ, ਆਵਿਸ਼ਕਾਰ, ਵਿਉਂਤਬੰਦੀ ਜਾਂ ਘਾੜਤ ਹੀ ਹੁੰਦੀ ਹੈ। ਇਕ ਰਾਜਨੀਤਕ ਵਿਉਂਤਬੰਦੀ। ਕਾਨੂੰਨ ਦੀ ਤਰ੍ਹਾਂ ਸੱਚ ਅਤੇ ਗਿਆਨ ਦਾ ਵੀ ਇਕ ਰਾਜਨੀਤਕ ਇਤਿਹਾਸ ਹੈ ਜੋ ਜਮਾਤੀ/ਹੈਜਮੌਨਿਕ ਸੰਘਰਸ਼ਾਂ ਵਿਚੋਂ ਸਿਰਜਿਤ ਹੁੰਦਾ ਹੈ। ਇਸ ਗੱਲ ਨੂੰ ਕਵਿਤਾ ਦੀ ਉਦਾਹਰਣ ਲੈ ਕੇ ਸਮਝਿਆ ਜਾ ਸਕਦਾ ਹੈ। ਕਈ ਲੋਕ ਸਮਝਦੇ ਹਨ ਕਿ ਕਵਿਤਾ ਦਾ ਉਹਨਾਂ ਨੂੰ ਇਲਹਾਮ ਹੁੰਦਾ ਹੈ। ਉਹ ਕਵਿਤਾ ਲਿਖਣ ਨੂੰ ਕਵਿਤਾ ਉੱਤਰਨੀ ਆਖਦੇ ਹਨ। ਜਿਵੇਂ ਕਿ ਕਵਿਤਾ ਕਿਤੇ ਪਹਿਲਾਂ ਹੀ ਮੌਜੂਦ ਹੋਵੇ, ਉਹਨਾਂ ਨੇ ਤਾਂ ਉਸ ਨੂੰ ਕੇਵਲ ਲੱਭਣ ਦਾ ਹੀ ਕੰਮ ਕੀਤਾ ਹੈ। ਪੁੱਛਿਆ ਜਾਂਦਾ ਹੈ ਕਿ ਇਸ ਦੁਨੀਆਂ 'ਤੇ ਕਵਿਤਾ ਦਾ ਜਨਮ ਜਾਂ ਉਤਪਤੀ ਕਦੋਂ ਅਤੇ ਕਿਵੇਂ ਹੋਈ? ਨਿਤੇਸ਼ ਆਖਦਾ ਹੈ ਕਿ ਕਵਿਤਾ ਦੀ ਉਤਪਤੀ ਜਾਂ ਖੋਜ ਨਹੀਂ ਹੋਈ। ਇਹ ਤਾਂ ਕਿਸੇ ਨੇ ਬੋਲੀ ਦੇ ਸਰੋਦੀ ਗੁਣਾਂ ਅਤੇ ਉਸਦੀ ਤਾਲਬੱਧਤਾ ਨੂੰ ਵਰਤ ਕੇ ਆਪਣੀ ਗੱਲ ਵਧੇਰੇ ਸ਼ਕਤੀਸ਼ਾਲੀ ਢੰਗ ਨਾਲ ਕਹਿਣ ਦੀ ਸਟਰੈਟਿਜੀ ਵਿਕਸਤ ਕੀਤੀ ਸੀ ਤਾਂ ਜੋ ਅਗਲੇ ਬੰਦੇ ਨੂੰ ਆਪਣੀ ਗੱਲ ਆਸਾਨੀ ਨਾਲ ਮਨਵਾਈ ਜਾ ਸਕੇ। ਸੋ ਕਾਵਿ ਤਾਂ ਦੂਸਰੇ ਲੋਕਾਂ ਉੱਪਰ ਆਪਣੀ ਚੌਧਰ ਸਥਾਪਤ ਕਰਨ ਦੀ ਇਕ ਵਿਧਾ ਹੈ। ਸ਼ਕਤੀ ਸਬੰਧ (ਪਾਵਰ ਰੀਲੇਸ਼ਨਜ਼) ਸਥਾਪਤ ਕਰਨ ਦੀ ਜੁਗਤ ਹੈ। ਇਕ ਰਾਜਨੀਤਕ ਕਰਮ ਹੈ।

ਸੋ ਕਵਿਤਾ ਦੀ ਖੋਜ ਨਹੀਂ ਹੋਈ, ਗੁੰਮਨਾਮ ਸ਼ਕਤੀ ਸਬੰਧਾਂ ਰਾਹੀਂ ਇਸਦੀ ਵਿਉਂਤਬੰਦੀ ਹੋਈ ਹੈ। ਇਸੇ ਤਰ੍ਹਾਂ ਧਰਮ ਵੀ ਸ਼ਕਤੀ ਸਬੰਧਾਂ ਵਿਚੋਂ ਹੀ ਪੈਦਾ ਹੋਇਆ ਹੈ। ਗਿਆਨ ਜਿਸ ਨੂੰ ਅਸੀਂ ਕੁਦਰਤ ਦੇ ਸੱਚ ਦੇ ਰੂਪ ਵਿਚ ਪੇਸ਼ ਕਰਦੇ ਹਾਂ ਵੀ ਇਹਨਾਂ ਸ਼ਕਤੀ ਸਬੰਧਾਂ ਦੀ ਹੀ ਪੈਦਾਵਾਰ ਹੈ।

ਗਿਆਨ ਨਾ ਤਾਂ ਉਸ ਵਸਤ ਜਾਂ ਵਰਤਾਰੇ ਦੇ ਅੰਦਰ ਹੁੰਦਾ ਹੈ ਜਿਸ ਬਾਰੇ ਅਸੀਂ ਗਿਆਨ ਹਾਸਲ ਕਰਨਾ ਹੈ ਅਤੇ ਨਾ ਹੀ ਸਾਡੇ ਅੰਦਰ ਹੁੰਦਾ ਹੈ ਜਿਹਨਾ ਨੇ ਗਿਆਨ ਹਾਸਲ ਕਰਨਾ ਹੈ। ਦੋਨਾਂ ਦੇ ਸੰਘਰਸ਼ ਵਿਚ ਪਿਆ ਹੁੰਦਾ ਹੈ। ਗਿਆਨ ਕਿਸੇ ਵਸਤੂ, ਵਰਤਾਰੇ ਜਾਂ ਘਟਨਾ ਦੀ ਪਹਿਚਾਣ, ਨਿਰੀਖਣ ਜਾਂ ਅਨੁਭਵਤਾ ਵਿਚੋਂ ਪੈਦਾ ਨਹੀਂ ਹੁੰਦਾ। ਉਹਨਾਂ ਦੇ ਅੰਦਰ ਲੁਕੀ ਕਿਸੇ ਤਰਤੀਬਬੱਧਤਾ ਦੀ ਖੋਜ ਵਿਚੋਂ ਵੀ ਨਹੀਂ। ਇਹ ਤਾਂ ਉਸ ਵਸਤੂ, ਵਰਤਾਰੇ ਜਾਂ ਘਟਨਾ ਨਾਲ ਸ਼ਕਤੀ ਸਬੰਧਾਂ ਦੀ

ਸਥਾਪਨਾ ਦਾ ਹੀ ਨਾਮ ਹੈ।

ਜਿਵੇਂ ਕਿ ਆਪਾਂ ਸਹਿਯੋਗ ਸੰਸਥਾ ਦੇ ਅਧਿਐਨ ਵਿਚੋਂ ਦੇਖ ਰਹੇ ਸੀ ਕਿ ਅਜੇ ਹੀਆਂ ਸੰਸਥਾਵਾਂ ਸਮੇਤ ਆਧੁਨਿਕ ਵਿਗਿਆਨ ਦੇ ਗਿਆਨ ਅਤੇ ਸੱਚ ਦਾ ਸ੍ਰੋਤ ਪ੍ਰਭੁਸੱਤਾ ਸੰਪੰਨ ਪਰਮਾਤਮਾ ਵਿਚ ਹੀ ਦੇਖਦੀਆਂ ਹਨ ਜਿਸ ਕਾਰਨ ਇਹ ਸੱਚ ਉਹਨਾਂ ਨੂੰ ਤਬਦੀਲੀ ਰਹਿਤ ਨਿਰਪੇਖ ਰੂਪ ਵਿਚ ਦਿਖਾਈ ਦਿੰਦਾ ਹੈ। ਇਸੇ ਲਈ ਉਹਨਾਂ ਨੂੰ ਸਮਾਜ ਦੇ ਬੁਨਿਆਦੀ ਢਾਂਚੇ ਵਿਚ ਤਬਦੀਲੀ ਲਈ ਸੰਘਰਸ਼ ਦੀ ਸਾਰਥਕਤਾ ਵਿਚ ਵਿਸ਼ਵਾਸ ਨਹੀਂ ਬੱਝਦਾ। ਉਹ ਇਹ ਸਮਝ ਹੀ ਨਹੀਂ ਪਾਉਂਦੇ ਕਿ ਉਹ ਸਾਰੀਆਂ ਪਰੰਪਰਾਵਾਂ, ਸੰਸਥਾਵਾਂ, ਸਿਧਾਂਤ, ਦਰਜਾਬੰਦੀਆਂ, ਆਦਿ ਜਿਹਨਾਂ ਨੂੰ ਉਹ ਕੁਦਰਤੀ ਸੱਚ ਦੇ ਰੂਪ ਵਿਚ ਗ੍ਰਹਿਣ ਕਰੀ ਬੈਠੇ ਹਨ, ਦਰਅਸਲ ਜਮਾਤੀ/ਹੈਜਮੌਨਿਕ ਸੰਘਰਸ਼ਾਂ ਰਾਹੀਂ ਰਾਜਨੀਤਕ ਪੱਧਰ ਤੇ ਨਿਰਮਤ ਹੋਈਆਂ ਹਨ। ਇਸ ਲਈ ਇਹਨਾਂ ਸਭਨਾਂ ਦਾ ਰਾਜਨੀਤਕ ਇਤਿਹਾਸ ਹੈ। ਅਜੇਹੇ ਸੰਘਰਸ਼ਾਂ ਰਾਹੀਂ ਹੀ ਇਹਨਾਂ ਨੇ ਅਗਾਂਹ ਵੀ ਤਬਦੀਲ ਹੋਣਾ ਹੈ। ਪਰ ਇਸ ਨਾਵਲ ਵਿਚ ਸਾਰੀਆਂ ਸੰਸਥਾਵਾਂ ਅਤੇ ਸਾਰੇ ਕਿਰਦਾਰ ਜਿਹਨਾਂ ਦਾ ਅਸੀਂ ਅਧਿਐਨ ਕਰ ਚੁੱਕੇ ਹਾਂ, ਜਿਵੇਂ ਕਿ ਸਹਿਯੋਗ ਸੰਸਥਾ, ਵਿਕਟਮ ਵੈਲਫ਼ੇਅਰ ਸੁਸਾਇਟੀ, ਨੇਹਾ, ਹਰੀਸ਼ ਰਾਇ ਆਦਿ ਸਭ ਸੱਚ ਦਾ ਸ੍ਰੋਤ ਪ੍ਰਭੁਸੱਤਾ ਸੰਪੰਨ ਪ੍ਰਮਾਤਮਾ ਵਿਚ ਦੇਖਣ ਕਾਰਨ, ਸਮਾਜਕ-ਰਾਜਨੀਤਿਕ ਸੰਗਠਨਕਾਰੀ ਦੇ ਸਮਾਜਕ ਨਿਆਂ ਦੀ ਦਿਸ਼ਾ ਵਿਚ ਤਬਦੀਲੀ ਦੇ ਵਿਰੋਧ ਵਿਚ ਖੜ੍ਹੇ ਦਿਖਾਈ ਦਿੰਦੇ ਹਨ। ਪਰ ਜਿਵੇਂ ਕਿ ਅਸੀਂ ਦੇਖ ਹੀ ਚੁੱਕੇ ਹਾਂ ਕਿ ਨਾਵਲਕਾਰ ਨੇ ਇਸ਼ਾਰਿਆਂ ਨਾਲ ਪਾਠਕ ਨੂੰ ਇਹਨਾਂ ਸੰਸਥਾਵਾਂ ਅਤੇ ਕਿਰਦਾਰਾਂ ਨਾਲ ਵਿਚਾਰਧਾਰਕ ਸੰਘਰਸ਼ ਵਿਚ ਪਾਇਆ ਹੋਇਆ ਹੈ। ਪਾਠਕ ਇਸ ਨਾਵਲ ਦੇ ਕਿਸੇ ਵੀ ਕਿਰਦਾਰ ਜਾਂ ਸੰਸਥਾ ਨਾਲ ਅਭੇਦਤਾ ਸਥਾਪਤ ਨਹੀਂ ਕਰਦਾ, ਸਗੋਂ ਉਹਨਾਂ ਨਾਲ ਲੜਦਾ ਝਗੜਦਾ ਹੋਇਆ ਸੰਘਰਸ਼ਮਈ ਸੰਵਾਦ ਰਚਾਉਂਦਾ ਹੈ। ਇਹ ਪੰਜਾਬੀ ਦਾ ਪਹਿਲਾ ਨਾਵਲ ਹੈ ਜਿਸ ਦਾ ਪਾਠਕ ਹੀ ਹੀਰੋ ਹੈ ਜੋ ਇਸ ਨਾਵਲ ਵਿਚ ਮੌਜੂਦ ਹਰ ਚੀਜ਼, ਹਰ ਘਟਨਾ, ਹਰ ਕਿਰਦਾਰ, ਹਰ ਸੰਸਥਾ, ਹਰ ਸੋਚ ਅਤੇ ਹਰ ਸੱਚ ਨਾਲ ਟਕਰਾਉਂਦਾ ਹੈ। ਇਹ ਬਹੁਤ ਹੀ ਵੱਖਰੀ ਕਿਸਮ ਦਾ ਹੀਰੋ ਹੈ। ਪਰ ਇਸ ਬਾਰੇ ਗੱਲਬਾਤ ਕਰਨ ਤੋਂ ਪਹਿਲਾਂ ਇਸ ਨਾਵਲ ਦੇ ਕੇਂਦਰੀ ਕਿਰਦਾਰ ਰਾਮ ਨਾਥ, ਬਿਰਤਾਂਤ ਜਿਸ ਦੇ ਨਾਲ ਨਾਲ ਤੁਰਦਾ ਹੈ, ਬਾਰੇ ਗੱਲਬਾਤ ਕਰਨੀ ਵੀ ਜ਼ਰੂਰੀ ਹੈ।

### ਹੀਰੋ

ਜਿਵੇਂ ਕਿ ਡਾ. ਕੇਸਰ ਸਿੰਘ ਕੇਸਰ ਆਪਣੇ ਪਰਚੇ ਪੈਸੇ ਦੀ ਸ਼ਕਤੀ ਦਾ ਪ੍ਰਵਚਨ: ਕੌਰਵ ਸਭਾ ਵਿਚ ਲਿਖਦੇ ਹਨ, ਰਾਮ ਨਾਥ ਵਕੀਲ ਇਸ ਨਾਵਲ ਦਾ ਕੇਂਦਰੀ ਪਾਤਰ ਹੈ। ਡਾ. ਕੇਸਰ ਦੀ ਇਹ ਗੱਲ ਵੀ ਠੀਕ ਹੈ ਕਿ ''ਰਾਮ ਨਾਥ ਵਕੀਲ ਆਪਣੀ ਕਾਨੂੰਨੀ ਸਮਝ, ਈਮਾਨਦਾਰੀ ਅਤੇ ਸੱਚਾਈ ਦੇ ਬਲਬੂਤੇ ਅਦਾਲਤ ਦੇ ਮਹੌਲ ਵਿਚ ਮੁਦੱਈ ਧਿਰ ਨਾਲ ਉਸੇ ਤਰ੍ਹਾਂ ਡਟਿਆ ਖੜ੍ਹਾ ਹੈ ਜਿਵੇਂ ਸ਼੍ਰੀ ਕ੍ਰਿਸ਼ਨ ਕੁਰੂਕਸ਼ੇਤਰ ਦੇ ਮੈਦਾਨ ਵਿਚ ਪਾਂਡਵਾਂ ਨਾਲ ਖੜ੍ਹੇ ਸਨ।'' ਪਰ ਇਸ ਸਭ ਕਾਸੇ ਦੇ ਬਾਵਜੂਦ ਰਾਮ ਨਾਥ ਵਕੀਲ ਇਸ ਨਾਵਲੀ ਬਿਰਤਾਂਤ ਦਾ ਨਾਇਕ ਨਹੀਂ ਹੈ।

ਕਮਲ ਦੇ ਭੋਗ ਬਾਅਦ ਜਦੋਂ ਰਾਮ ਨਾਥ ਦੀਆਂ ਸਾਰੀਆਂ ਭੈਣਾਂ, ਭਰਜਾਈਆਂ ਅਤੇ ਭਰਾ ਇਕ ਇਕ ਕਰਕੇ ਚਲੇ ਜਾਂਦੇ ਹਨ ਅਤੇ ਰਾਮ ਨਾਥ ਨੂੰ ਮੁਕੱਦਮੇ ਦੀ ਪੈਰਵਾਈ ਅਤੇ ਵੇਦ-ਪਰਿਵਾਰ ਦੀ ਦੇਖਭਾਲ ਲਈ ਇਕੱਲਿਆਂ ਛੱਡ ਜਾਂਦੇ ਹਨ ਤਾਂ ਇਕ ਵਾਰ ਤਾਂ ਰਾਮ ਨਾਥ ਸੋਚਦਾ ਹੈ: ''ਰਾਮ ਨਾਥ ਪੜ੍ਹੇ ਲਿਖੇ ਭਰਾਵਾਂ ਨੂੰ ਕਿਵੇਂ ਸਮਝਾਏ ਕਿ ਉਸਨੇ ਵੀ ਬੱਚੇ ਪਾਲਣੇ ਸਨ।''

ਬਾਕੀ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਤਾਂ ਪਹਿਲਾਂ ਹੀ ਕਿਰ ਗਏ ਸਨ। ਪਰ ਰਾਮ ਨਾਥ ਡਟਿਆ ਰਿਹਾ ਅਤੇ ਆਪਣੀ ਪਤਨੀ ਸੰਗੀਤਾ ਨੂੰ ਸਮਝਾਉਂਦਾ ਰਿਹਾ : ''ਜੇ ਹੋਰਾਂ ਨੇ ਮੂੰਹ 'ਤੇ ਮਿੱਟੀ ਮਲ ਲਈ ਹੈ ਤਾਂ ਮਲ ਲੈਣ। ਰਾਮ ਨਾਥ ਆਪਣੀ ਜ਼ਮੀਰ ਨਹੀਂ ਸੀ ਵੇਚ ਸਕਦਾ।... ਉਹ ਆਪਣਾ ਫਰਜ਼ ਨਿਭਾਉਂਦਾ ਰਹੇਗਾ। ... ਰਾਮ ਨਾਥ ਸੱਚ ਹੱਕ ਦੀ ਲੜਾਈ ਲੜ ਰਿਹਾ ਸੀ। ਉਹ ਕਾਇਰਾਂ ਵਾਂਗ ਪਿੱਛੇ ਹਟ ਕੇ ਦੋਸ਼ੀਆਂ ਨੂੰ ਬਰੀ ਹੋਣ ਵਿਚ ਸਹਾਈ ਨਹੀਂ ਸੀ ਹੋ ਸਕਦਾ। ਕੱਲ੍ਹ ਨੂੰ ਰਾਮ ਨਾਥ ਜਾਂ ਉਸਦੀ ਭੈਣ ਨੂੰ ਪਛਤਾਵਾ ਤੇ ਨਹੀਂ ਹੋਵੇਗਾ ਕਿ ਉਹ ਆਪਣੇ ਮਾਸੂਮ ਬੱਚੇ ਦੇ ਕਤਲ ਜਾਂ ਅਣਭੋਲ ਬੇਟੀ ਦੀ ਲੜਾਈ ਨਹੀਂ ਲੜੇ। ਰਾਮ ਨਾਥ ਨੇ ਦੂਜਿਆਂ ਦੀ ਇੱਜ਼ਤ ਰੋਲਣ ਵਾਲੇ ਪੰਕਜ ਹੋਰਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਰਾਮ ਨਾਥ ਮਨ ਦੀ ਤਸੱਲੀ ਲਈ ਲੜ ਰਿਹਾ ਸੀ। ਲੜਦੇ ਹਾਰਨਾ ਹਾਰ ਨਹੀਂ। ਇਨਸਾਫ਼ ਲਈ ਲੜਦਾ ਜੇ ਉਹ ਮਰ ਜਾਵੇ ਇਸਦੀ ਉਸਨੂੰ ਪਰਵਾਹ ਨਹੀਂ ਸੀ।''

ਰਾਮ ਨਾਥ ਨੂੰ ਜੋ ਦੂਜਿਆਂ ਦੀ ਇੱਜ਼ਤ ਰੋਲਣ ਵਾਲੇ ਪੰਕਜ ਹੋਰਾਂ ਦੀ ਜ਼ਿੰਦਗੀ ਨਰਕ ਬਨਾਉਣ ਵਿਚੋਂ ਤਸੱਲੀ ਹੋ ਰਹੀ ਸੀ, ਇਹ ਭਾਵੇਂ ਉਸਦੀ ਇਨਸਾਫ਼ ਬਾਰੇ ਜਗੀਰੂ ਸੋਚ ਦਾ ਹੀ ਪ੍ਰਗਟਾਵਾ ਸੀ, ਪਰ ਰਾਮ ਨਾਥ ਨੂੰ ਡਾ. ਕੇਸਰ ਵਰਗੇ ਲੋਕ ਉਸਦੀ ਸੋਚ ਕਰਕੇ ਨਹੀਂ, ਉਸਦੀ ਇਮਾਨਦਾਰੀ, ਬਾਜ਼ਮੀਰ ਸ਼ਖ਼ਸੀਅਤ, ਫਰਜ਼ਾਂ ਦੀ ਅਦਾਇਗੀ, ਬਚਨਬੱਧਤਾ ਅਤੇ ਕੁਰਬਾਨੀ ਕਾਰਨ ਨਾਇਕ ਮੰਨ ਰਹੇ ਸਨ। ਪਰ ਜੇ ਦੂਸਰੀ ਤਰ੍ਹਾਂ ਦੇਖਿਆ ਜਾਵੇ ਤਾਂ ਸਾਰਾ ਝਗੜਾ ਸ਼ੁਰੂ ਵੀ ਰਾਮ ਨਾਥ ਤੋਂ ਹੀ ਹੁੰਦਾ ਹੈ। ਜੇਕਰ ਰਾਮ ਨਾਥ ਵੇਦ ਨੂੰ ਕਚਹਿਰੀ ਦੇ ਰਸਤੇ ਨਾ ਪਾਉਂਦਾ ਤਾਂ ਸਾਰਾ ਝਗੜਾ ਲੈ ਦੇ ਕੇ ਭਾਈਵੰਦੀ ਨਾਲ ਹੀ ਨਿਪਟ ਜਾਣਾ ਸੀ। ਇਸੇ ਲਈ ਜਦੋਂ ਭਾਣਾ ਵਾਪਰ ਜਾਂਦਾ ਹੈ ਤਾਂ ਰਾਮ ਨਾਥ ਨੂੰ ਆਪਣੀ ਇਸ ਗੱਲ 'ਤੇ ਪਛਤਾਵਾ ਵੀ ਹੁੰਦਾ ਹੈ। ਰਾਮ ਨਾਥ ਸੋਚਦਾ ਹੈ: ''ਚੰਗਾ ਹੁੰਦਾ ਜੇ ਉਹ ਵਿਚ ਪੈ ਕੇ, ਲੈ ਦੇ ਕੇ ਝਗੜਾ ਨਿਪਟਾ ਦਿੰਦਾ। ਬਾਕੀ ਸਭ ਝਗੜੇ ਨਿੱਬੜ ਗਏ ਸਨ। ਅੱਡ ਵਿਡ ਹੋ ਕੇ ਕੋਈ ਰੁੱਖੀ ਖਾਂਦਾ ਕੋਈ ਚੋਪੜੀ ਖਾਂਦਾ। ਕਿਸੇ ਨੂੰ ਕਿਸੇ ਨਾਲ ਵਾਸਤਾ ਨਹੀਂ ਸੀ ਰਹਿਣਾ।''

ਫੇਰ ਰਾਮ ਨਾਥ ਵੀ ਹੋਰਨਾ ਭ੍ਰਿਸ਼ਟ ਅਤੇ ਬੇਈਮਾਨ ਵਕੀਲਾਂ ਵਰਗਾ ਹੀ ਇਕ ਵਕੀਲ ਸੀ। ਉਹ ਵੀ ਨੰਦ ਲਾਲ ਅਤੇ ਸਿੰਗਲੇ ਹੁਰਾਂ ਵਾਂਗ ਇਨਸਾਫ਼ ਲਈ ਨਹੀਂ, ਆਪਣੇ ਸਾਇਲਾਂ ਲਈ ਹੀ ਲੜਦਾ ਸੀ ''ਰਾਮ ਨਾਥ ਸੇਵਾਦਾਰ ਦਾ ਇਸ਼ਾਰਾ ਸਮਝ

ਗਿਆ। ਉਹ ਫੌਜਦਾਰੀ ਵਕੀਲ ਸੀ। ਆਪਣੇ ਸਾਇਲਾਂ ਦੇ ਹਿੱਤਾਂ ਦੀ ਰਾਖੀ ਲਈ ਉਸ ਨੂੰ ਆਪਣੇ ਸ਼ਹਿਰ ਦੇ ਸਿਵਲ ਹਸਪਤਾਲ ਜਾਣਾ ਪੈਂਦਾ ਸੀ। ਡਾਕਟਰਾਂ ਨੂੰ ਮਿਲਕੇ ਮਰਜ਼ੀ ਦੀ ਇੰਜਰੀ ਰਿਪੋਰਟ ਤਿਆਰ ਕਰਵਾਈ ਜਾ ਸਕਦੀ ਸੀ। ਰਾਮ ਨਾਥ ਇਹੋ ਕਰਨ ਜਾਂਦਾ ਸੀ। ਜੇ ਉਹ ਦੋਸ਼ੀਆਂ ਦਾ ਵਕੀਲ ਹੁੰਦਾ ਤਾਂ ਸੱਟਾਂ ਦੀ ਗਿਣਤੀ ਅਤੇ ਉਹਨਾਂ ਦੀ ਗੰਭੀਰਤਾ ਘਟਵਾ ਲੈਂਦਾ। ਜੇ ਮੁਦੱਈ ਦਾ ਵਕੀਲ ਹੁੰਦਾ ਤਾਂ ਸਬੂਤੀਆਂ ਹੱਡੀਆਂ ਨੂੰ ਟੁੱਟੀਆਂ ਬਣਵਾ ਲੈਂਦਾ। ਸੋਟੀਆਂ ਨਾਲ ਵੱਜੀਆਂ ਸੱਟਾਂ ਨੂੰ ਗੰਡਾਸਿਆਂ ਨਾਲ ਮਾਰੀਆਂ ਲਿਖਾ ਲੈਂਦਾ।”

ਪਰ ਰਾਮ ਨਾਥ ਦੀ ਜ਼ਮੀਰ ਤਾਂ ਸ਼ਾਇਦ ਨੰਦ ਲਾਲ ਅਤੇ ਸਿੰਗਲੇ ਹੁਰਾਂ ਤੋਂ ਵੀ ਵੱਧ ਗਿਰੀ ਹੋਈ ਸੀ। ਜਦੋਂ ਖੇਤਾਂ ਵਿਚ ਕੱਖ ਚੁਗਣ ਗਈ ਕੰਮੀਆਂ ਦੀ ਇਕ ਲੜਕੀ ਛਿੰਦੋ ਦਾ ਬਲਾਤਕਾਰ ਹੋ ਜਾਂਦਾ ਹੈ ਤਾਂ ਰਾਮ ਨਾਥ ਬਲਾਤਕਾਰ ਕਰਨ ਵਾਲੇ ਜ਼ਿਮੀਦਾਰਾਂ ਦੇ ਮੁੰਡੇ ਹਰਬੰਸ ਦਾ ਵਕੀਲ ਬਣਕੇ ਛਿੰਦੋ ਤੋਂ ਬਲਾਤਕਾਰ ਨਾਲੋਂ ਵੀ ਵੱਧ ਸ਼ਰਮਨਾਕ ਅਤੇ ਦਰਦਨਾਕ ਸੁਆਲ ਪੁੱਛ ਕੇ ਸੰਭੋਗ ਕਰਨ ਦੀ ਆਦੀ ਇਕ ਪੇਸ਼ਾਵਰ ਔਰਤ ਸਾਬਤ ਕਰ ਦਿੰਦਾ ਹੈ: “ਇਹ ਕੋਈ ਪੁੱਛਣ ਵਾਲਾ ਸਵਾਲ ਸੀ ਕਿ ਉਸਨੇ ਸਭ ਤੋਂ ਪਹਿਲਾਂ ਕਿਸ ਨਾਲ ਸੰਭੋਗ ਕੀਤਾ? ਡਾਕਟਰ ਕਹਿੰਦਾ ਸੀ ਛਿੰਦੋ ਦਾ ਕੁਆਰ ਪਰਦਾ ਬਹੁਤ ਪਹਿਲਾਂ ਦਾ ਹਟਿਆ ਹੋਇਆ ਸੀ। ਮਾਮੇ (ਰਾਮ ਨਾਥ) ਨੇ ਪੁੱਛਿਆ ਸੀ ਸ਼ਿੰਦੇ ਨੇ ਇਹ ਕੁਆਰ ਪਰਦਾ ਕਿਸ ਕੋਲੋਂ ਫੜਵਾਇਆ ਸੀ? ਦੋਸ਼ੀ ਨੇ ਛਿੰਦੇ ਦੇ ਕੱਪੜੇ ਕਿਸ ਤਰ੍ਹਾਂ ਲਾਹੇ? ਸਲਵਾਰ ਦਾ ਨਾਲਾ ਟੁੱਟਾ ਜਾਂ ਨਹੀਂ? ਬਿਨਾ ਨਾਲੇ ਦੇ ਉਸ ਨੇ ਸਲਵਾਰ ਕਿਸ ਤਰ੍ਹਾਂ ਪਾਈ? ਉਸ ਦਾ ਅੰਡਰ ਵੀਅਰ ਕਿਸ ਨੇ ਲਾਹਿਆ? ਬਰੇਜ਼ਰ ਦੀ ਹੁੱਕ ਟੁੱਟੀ ਜਾਂ ਨਹੀਂ? ਉਸ ਨੂੰ ਜ਼ਮੀਨ ਉੱਪਰ ਲਿਟਾਇਆ ਜਾਂ ਮੰਜੇ ਉੱਪਰ?.... ਸੰਭੋਗ ਕਿਰਿਆ ਕਿੰਨੀ ਦੇਰ ਚੱਲੀ? ਕੱਪੜੇ ਪਹਿਲਾਂ ਕਿਸ ਨੇ ਪਾਏ? ਅੰਡਰ ਵੀਅਰ ’ਤੇ ਖ਼ੂਨ ਕਿਉਂ ਨਹੀਂ ਲੱਗਾ? ਦੋਸ਼ੀ ਨੇ ਉਸ ਨੂੰ ਚੁੰਮਿਆ? ਛਿੰਦੋ ਨੇ ਦੰਦੀਆਂ ਕਿਉਂ ਨਾ ਵੱਢੀਆਂ। ਛਾਤੀਆਂ ਪੁੱਟੀਆਂ? ਛਿੰਦੋ ਚੁੱਪ ਚਾਪ ਸਭ ਕੁਝ ਕਿਉਂ ਬਰਦਾਸ਼ਤ ਕਰਦੀ ਰਹੀ?”

ਇਹ ਤਾਂ ਭਰੀ ਅਦਾਲਤ ਵਿਚ ਰਾਮ ਨਾਥ ਛਿੰਦੋ ਦਾ ਚੀਰ ਹਰਨ ਕਰ ਰਿਹਾ ਸੀ। ਰਾਮ ਨਾਥ ਇਹ ਚੀਰ ਹਰਨ ਉਸ ਵਕਤ ਕਰਦਾ ਹੈ ਜਦੋਂ ਉਸਦੀ ਆਪਣੀ ਭਾਣਜੀ ਨੇਹਾ ਬਲਾਤਕਾਰ ਦੀ ਸ਼ਿਕਾਰ ਹੋਕੇ ਛਿੰਦੋ ਦੀ ਜੂਨ ਭੋਗ ਰਹੀ ਸੀ। ਰਾਮ ਨਾਥ ਨੇ ਆਪਣੀ ਭਾਣਜੀ ਦਾ ਆਪਣੇ ਵਰਗੇ ਵਕੀਲਾਂ ਤੋਂ ਚੀਰ ਹਰਨ ਬਚਾਉਣ ਵਾਸਤੇ ਸਿਵਲ ਹਸਪਤਾਲ ਦੀ ਡਾਕਟਰਨੀ ਨੂੰ ਦੋ ਹਜ਼ਾਰ ਦੀ ਰਿਸ਼ਵਤ ਦੇ ਕੇ ਝੂਠੀ ਰਿਪੋਰਟ ਲਈ ਸੀ ਕਿ ਉਸਦਾ ਬਲਾਤਕਾਰ ਨਹੀਂ ਹੋਇਆ। ਸੋ ਰਾਮ ਨਾਥ ਵਕੀਲ ਨਾ ਇਮਾਨਦਾਰ ਹੈ, ਨਾ ਇਨਸਾਫ਼ ਪਸੰਦ, ਨਾ ਬਾਜ਼ਮੀਰ ਵਿਅਕਤੀ ਅਤੇ ਨਾ ਹੀ ਕੋਈ ਅੱਛਾ ਵਕੀਲ। ਉਹ ਤਾਂ ਜਗੀਰੂ ਸੋਚ ਅਧੀਨ ਆਪਣੀ ਭੈਣ ਦਾ ਬਦਲਾ ਲੈਣ ਲਈ ਬਦਲੇ ਦੀ ਅੱਗ ਵਿਚ ਸੜ ਰਿਹਾ ਹੈ।

ਮੁਕੱਦਮੇ ਦੀਆਂ ਕਮਜ਼ੋਰੀਆਂ ਕਾਰਨ ਉਸ ਨੂੰ ਤਾਂ ਇਹ ਵੀ ਯਕੀਨ ਨਹੀਂ ਸੀ ਕਿ ਉਹ ਜਿਤਾ ਸਕੇਗਾ। ਉਹ ਤਾਂ ਕੇਵਲ ਅਤੇ ਕੇਵਲ ਆਪਣੀ ਇਸ ਤਸੱਲੀ ਲਈ ਲੜ ਰਿਹਾ ਸੀ ਕਿ ਕੱਲ੍ਹ ਨੂੰ ਕੋਈ ਇਹ ਨਾ ਆਖੇ ਕਿ ਉਸਨੇ ਆਪਣੀ ਭੈਣ ਦੀ ਲੜਾਈ ਨਹੀਂ ਲੜੀ। ਬਾਕੀ ਜਿੱਥੋਂ ਤੱਕ ਇਹ ਕਾਨੂੰਨੀ ਨਿਆਂ ਪ੍ਰਣਾਲੀ ਵਿਚ ਕਿਸੇ ਸਿਫ਼ਤੀ ਤਬਦੀਲੀ ਲਈ ਸੰਘਰਸ਼ ਦਾ ਸੁਆਲ, ਨਾ ਅਜੇਹੀ ਕੋਈ ਉਸਦੀ ਇੱਛਾ ਹੈ ਅਤੇ ਨਾ ਹੀ ਉਸਨੂੰ ਇਸਦੀ ਸਮਝ ਹੈ। ਹੁਣ ਸੁਆਲਾਂ ਦਾ ਸੁਆਲ ਤਾਂ ਇਹ ਹੈ ਕਿ ਅਜੇਹੇ ਕਿਰਦਾਰ ਨੂੰ, ਜੋ ਖ਼ੁਦ ਕੌਰਵ ਸਭਾ ਦਾ ਭਾਗ ਬਣਾ ਕੇ ਛਿੰਦੋ ਦਾ ਚੀਰ ਹਰਨ ਕਰਦਾ ਹੈ, ਨੂੰ ਡਾ. ਕੇਸਰ ਵਰਗੇ ਅਗਾਂਹ ਵਧੂ ਚਿੰਤਕ ਨਾਇਕ ਕਿਵੇਂ ਮੰਨ ਸਕਦੇ ਹਨ? ਇਸ ਤਰ੍ਹਾਂ ਰਾਮ ਨਾਥ ਵਕੀਲ ਦਾ ਕਿਰਦਾਰ ਅਧਿਐਨ ਲਈ ਉਤਸੁਕਤਾ ਪੈਦਾ ਕਰਦਾ ਹੈ।

ਸਭ ਤੋਂ ਪਹਿਲੀ ਗੱਲ ਤਾਂ ਇਹ ਕਿ ਇਹ ਪਾਤਰ ਜਿਵੇਂ ਕਿ ਡਾ. ਰਜਨੀਸ਼ ਬਹਾਦਰ ਸਿੰਘ ਆਪਣੇ ਪਰਚੇ ‘ਲੋਕਤੰਤਰੀ ਰਾਜ ਪ੍ਰਬੰਧ ਅਤੇ ਨਿਆਂ-ਪ੍ਰਣਾਲੀ ਦੇ ਨਿਘਾਰ ਦਾ ਬਿਰਤਾਂਤ-ਕੌਰਵ ਸਭਾ’ ਵਿਚ ਲਿਖਦੇ ਹਨ। “ਰਾਮ ਨਾਥ ਇਸ ਨਾਵਲ ਦਾ ਅਜਿਹਾ ਪਾਤਰ ਹੈ ਜਿਹੜਾ ਇਸ ਸਾਰੀ ਸਥਿਤੀ ਨੂੰ ਭੋਗਦਾ ਹੈ। ... ਨਾਵਲ ਵਿਚ ਇਕ ਇਹ ਹੀ ਅਜੇਹਾ ਪਾਤਰ ਹੈ ਜਿਹੜਾ ਸਮੁੱਚੇ ਬਿਰਤਾਂਤ ਦੇ ਕੇਂਦਰ ਵਿਚ ਹੈ।” ਇਸੇ ਤਰ੍ਹਾਂ ਆਪਣੇ ਲੇਖ ‘ਨਾਵਲ ਕੌਰਵ ਸਭਾ ਸਮੇਂ ਦਾ ਕਰੂਰ ਯਥਾਰਥ’ ਵਿਚ ਸੂਫ਼ੀ ਅਮਰਜੀਤ ਵੀ ਲਿਖਦੇ ਹਨ “ਅੱਗੇ ਨਾਵਲ ਦੀ ਸਾਰੀ ਕਥਾ... ਰਾਮ ਨਾਥ ਦੇ ਥਕਾਅ ਦੇਣ ਵਾਲੇ ਅਤੇ ਜ਼ਿੰਮੇਵਾਰੀਆਂ ਨਿਭਾਉਂਦੇ ਯਤਨਾਂ ਦੀ ਕਥਾ ਹੈ।” ਡਾ. ਕੇਸਰ ਦਾ ਰਾਮ ਨਾਥ ਵਕੀਲ ਦੀ ਸ਼੍ਰੀ ਕ੍ਰਿਸ਼ਨ ਨਾਲ ਤੁਲਨਾ ਕਰਨਾ, ਡਾ. ਰਜਨੀਸ਼ ਬਹਾਦਰ ਸਿੰਘ ਦਾ ਰਾਮ ਨਾਥ ਦੇ ਕਿਰਦਾਰ ਨੂੰ ਇਸ ਨਾਵਲੀ ਬਿਰਤਾਂਤ ਦੀ ਕੇਂਦਰੀ ਸ਼ਕਤੀ ਮੰਨਣਾ ਅਤੇ ਸੂਫ਼ੀ ਅਮਰਜੀਤ ਦਾ ਇਸ ਪਾਤਰ ਨਾਲ ਹਮਦਰਦੀ ਵੰਡਾਉਣਾ ਇਹਨਾਂ ਚਿੰਤਕਾਂ ਦੇ ਕਿਸੇ ਆਲੋਚਨਾਤਮਕ ਅਧਿਐਨ ਦੀ ਉਪਜ ਨਹੀਂ ਹੈ। ਇਹਨਾਂ ਚਿੰਤਕਾਂ ਦੀ ਇਸ ਪਾਤਰ ਪ੍ਰਤੀ ਇਹ ਹਮਦਰਦੀ ਉਹਨਾਂ ਪ੍ਰਤੀਕਰਮਾਂ ਦਾ ਹੀ ਪਰਿਣਾਮ ਹੈ ਜੋ ਪ੍ਰਤਿਕਰਮ ਇਹ ਨਾਵਲ ਇਸ ਪਾਤਰ ਪ੍ਰਤੀ ਆਮ ਪਾਠਕਾਂ ਦੇ ਮਨਾਂ ਵਿਚ ਜਗਾਉਂਦਾ ਹੈ।

ਨਿਰਸੰਦੇਹ ਇਸ ਨਾਵਲ ਦੇ ਪਾਠਕ ਰਾਮ ਨਾਥ ਵਕੀਲ ਦੇ ਕਿਰਦਾਰ ਨਾਲ ਹਮਦਰਦੀ ਪ੍ਰਗਟਾਉਂਦੇ ਹਨ। ਉਸਦਾ ਦਰਦ ਵੰਡਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਸੁਆਲ ਹੈ ਕਿ ਕੀ ਉਹਨਾਂ ਨੂੰ ਉਸਦੀ ਰਿਸ਼ਵਤਖੋਰੀ ਨਹੀਂ ਦਿਸਦੀ? ਉਸਦਾ ਇਕ ਮਾਸੂਮ ਦਲਿਤ ਲੜਕੀ ਛਿੰਦੋ ਪ੍ਰਤੀ ਬਲਾਤਕਾਰ ਨਾਲੋਂ ਵੀ ਵੱਧ ਸ਼ਰਮਨਾਕ ਰਵੱਈਆ ਦਿਖਾਈ ਨਹੀਂ ਦਿੰਦਾ? ਸਭ ਦਿਖਾਈ ਦਿੰਦਾ ਹੈ ਪਰ ਇਸ ਸਭ ਕਾਸੇ ਦੇ ਬਾਵਜੂਦ ਪਾਠਕ ਉਸ ਨਾਲ ਹਮਦਰਦੀ ਕਰਦੇ ਹਨ। ਇਸ ਨਾਵਲ ਦੇ ਰਿਸ਼ਵਖੋਰੀ ਵਿਚ ਫਸੇ ਦੂਸਰੇ ਵਕੀਲਾਂ ਨਾਲ ਪਾਠਕਾਂ ਦੀ ਕੋਈ ਹਮਦਰਦੀ ਨਹੀਂ। ਨੇਹਾ ਦੇ ਬਲਾਤਕਾਰ ਲਈ ਜ਼ਿੰਮੇਵਾਰ ਪੰਕਜ ਹੋਰਾਂ ਲਈ ਪਾਠਕਾਂ ਦੇ ਮਨਾਂ ਅੰਦਰ ਨਫ਼ਰਤ ਜਾਗਦੀ ਹੈ।

ਪਾਠਕਾਂ ਦੀਆਂ ਭ੍ਰਿਸ਼ਟਾਚਾਰ ਅਤੇ ਦੂਸਰੇ ਅਖਲਾਕੀ ਅਪਰਾਧਾਂ ਵਿਰੁੱਧ ਜਾਗੀਆਂ ਭਾਵਨਾਵਾਂ ਰਾਮ ਨਾਥ ਵਕੀਲ ਦੀਆਂ ਇਹਨਾਂ ਕਰਤੂਤਾਂ ਨਾਲ ਟਕਰਾ ਕੇ ਪਾਠਕਾਂ ਦੇ ਮਨਾਂ ਵਿਚ ਉਸ ਲਈ ਨਫ਼ਰਤ ਕਿਉਂ ਨਹੀਂ ਪੈਦਾ ਕਰਦੀਆਂ? ਉਹ ਫੇਰ ਵੀ ਉਸ

ਨਾਲ ਹਮਦਰਦੀ ਕਰਦੇ ਹਨ। ਪਰ ਕਿਉਂ? ਜੁਆਬ ਬਹੁਤ ਸਿੱਧਾ ਹੈ। ਨਾਵਲ ਕੌਰਵ ਸਭਾ ਦੇ ਪਾਠਕ ਰਾਮ ਨਾਥ ਵਕੀਲ ਨਾਲ ਉਸ ਦੇ ਤਮਾਮ ਔਗੁਣਾਂ ਦੇ ਬਾਵਜੂਦ ਇਸ ਲਈ ਹਮਦਰਦੀ ਕਰਦੇ ਹਨ ਕਿਉਂਕਿ ਇਹ ਨਾਵਲ ਚਾਹੁੰਦਾ ਹੈ ਕਿ ਪਾਠਕ ਉਸ ਨਾਲ ਹਮਦਰਦੀ ਕਰਨ।

ਇਸਦਾ ਮਤਲਬ ਨਾਵਲ ਕਲਾ ਵਿਚ ਪਾਠਕਾਂ ਦੀ ਹਮਦਰਦੀ ਨੂੰ ਸੇਧ ਦੇਣ ਦੀ ਸਮਰੱਥਾ ਹੁੰਦੀ ਹੈ। ਆਪਣੇ ਰਾਜਨੀਤਕ ਮਨੋਰਥ ਦੀ ਪ੍ਰਾਪਤੀ ਲਈ ਨਾਵਲੀ ਬਿਰਤਾਂਤ ਵਿਚ ਪਾਠਕਾਂ ਦੇ ਮਨਾਂ ਅੰਦਰ ਇੱਛਿਤ ਤਰੰਗਾਂ ਛੇੜਨ ਦੀ ਸ਼ਕਤੀ ਹੁੰਦੀ ਹੈ। ਕਹਿਣ ਤੋਂ ਭਾਵ ਹੈ ਕਿ ਕਿਸੇ ਵੀ ਪਾਤਰ ਪ੍ਰਤੀ ਪਾਠਕਾਂ ਦੀ ਹਮਦਰਦੀ ਨਿਰਾ ਪੁਰਾ ਨੈਤਿਕ ਸਾਂਝ ਦਾ ਮਸਲਾ ਨਹੀਂ। ਇਹ ਤਾਂ ਨਾਵਲ ਦੀਆਂ ਬਿਰਤਾਂਤਕ ਜੁਗਤਾਂ ਰਾਹੀਂ ਪੈਦਾ ਕੀਤੀ ਜਾਂਦੀ ਹੈ ਅਤੇ ਕੰਟਰੋਲ ਵੀ ਕੀਤੀ ਜਾਂਦੀ ਹੈ। ਨਾਵਲ ਦਾ ਕਥਾਕਾਰ ਕਿਹੜੀਆਂ ਜੁਗਤਾਂ ਰਾਹੀਂ ਰਾਮ ਨਾਥ ਵਕੀਲ ਪ੍ਰਤੀ ਹਮਦਰਦੀ ਪੈਦਾ ਕਰਦਾ ਹੈ, ਇਹ ਜਾਨਣ ਤੋਂ ਪਹਿਲਾਂ ਸਾਨੂੰ ਉਹ ਵਿਧਾ ਸਮਝਣੀ ਪਵੇਗੀ ਜਿਸ ਰਾਹੀਂ ਨਾਵਲ ਦਾ ਕਥਾਕਾਰ ਨਾਵਲ ਦੀ ਕਥਾ ਨੂੰ ਕੰਟਰੋਲ ਕਰਦਾ ਹੈ। ਇਸ ਵਿਧਾ ਦਾ ਨਾਮ ਹੈ ਦ੍ਰਿਸ਼ਟੀਕੋਣ।

ਦ੍ਰਿਸ਼ਟੀਕੋਣ ਦਾ ਮਤਲਬ ਬਿਰਤਾਂਤਕਾਰ ਦਾ ਵਿਚਾਰਧਾਰਕ ਪੱਖ ਨਹੀਂ ਹੈ। ਜਿਵੇਂ ਕੈਮਰਾ ਕਿਸੇ ਸੀਨ/ਘਟਨਾ/ਪਾਤਰ ਨੂੰ ਕਿਸੇ ਇਕ ਸਥਾਨ /ਕੋਣ ਤੋਂ ਦੇਖਦਾ/ਫਿਲਮਾਉਂਦਾ ਹੈ, ਬਿਲਕੁਲ ਇਸੇ ਤਰ੍ਹਾਂ ਨਾਵਲ ਦਾ ਕਥਾਕਾਰ ਵੀ ਨਾਵਲ ਦੇ ਸਾਰੇ ਘਟਨਾ ਕ੍ਰਮ ਨੂੰ ਕਿਸੇ ਵਿਸ਼ੇਸ਼ ਕੋਣ ਤੋਂ ਹੀ ਵਿਉਂਤਦਾ ਹੈ। ਕੈਮਰੇ ਵਾਂਗ ਹੀ ਕਦੇ ਉਹ ਸੀਨ ਨੂੰ ਉਪਰੋਂ ਦੇਖਦਾ ਹੈ, ਕਦੇ ਕਿਸੇ ਪਾਤਰ ਦੇ ਪਿੱਛਿਉਂ ਅਤੇ ਕਦੇ ਕਿਸੇ ਦੇ ਹਾਵ ਭਾਵ ਨੂੰ ਬਹੁਤ ਨੇੜਿਉਂ ਹੋ ਕੇ ਤੱਕਦਾ ਹੈ। ਸਾਡਾ ਮਕਸਦ ਤਾਂ ਏਥੇ ਇਹ ਦੇਖਣਾ ਹੀ ਹੈ ਕਿ 'ਕੌਰਵ ਸਭਾ' ਵਿਚ ਰਾਮ ਨਾਥ ਵਕੀਲ ਦੇ ਕਿਰਦਾਰ ਵਿਚ ਬਹੁਤ ਸਾਰੀਆਂ ਨਫ਼ਰਤਯੋਗ ਗੱਲਾਂ ਹੋਣ ਦੇ ਬਾਵਜੂਦ ਵੀ ਨਾਵਲ ਸਾਡੇ ਮਨਾਂ ਵਿਚ ਉਸ ਲਈ ਹਮਦਰਦੀ ਕਿਵੇਂ ਪੈਦਾ ਕਰਦਾ ਹੈ। ਇਸ ਤੋਂ ਵੀ ਅੱਗੇ ਕਿ 'ਦ੍ਰਿਸ਼ਟੀਕੋਣ' ਦੀ ਬਿਰਤਾਂਤਕ ਜੁਗਤ ਇਸ ਕੰਮ ਵਿਚ ਕਿਵੇਂ ਸਹਾਈ ਹੁੰਦੀ ਹੈ। ਭਰੀ ਕਚਹਿਰੀ ਵਿਚ ਛਿੰਦੇ ਦਾ ਚੀਰ ਹਰਨ ਕਰਨ ਵਾਲੇ ਰਾਮ ਨਾਥ ਵਕੀਲ ਲਈ ਇਹ ਬਿਰਤਾਂਤਕ ਜੁਗਤ ਸਾਡੇ ਮਨਾਂ ਵਿਚ ਕਿਵੇਂ ਹਮਦਰਦੀ ਪੈਦਾ ਕਰਦੀ ਹੈ? ਇਹ ਦੇਖਣ ਤੋਂ ਪਹਿਲਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਕੋਈ ਅਲੋਕਾਰੀ ਗੱਲ ਨਹੀਂ, ਕਿਉਂਕਿ ਆਪਣੇ ਵਿਚੋਂ ਬਹੁਤਿਆਂ ਨੇ ਦੇਖਿਆ ਹੋਵੇਗਾ ਕਿ ਹਿੰਦੀ ਦੀਆਂ ਦੋ ਫ਼ਿਲਮਾਂ 'ਬਾਜ਼ੀਗਰ' ਅਤੇ 'ਡਰ' ਮਾਸੂਮ ਲੜਕੀਆਂ ਦਾ ਕਤਲ ਕਰਨ ਵਾਲੇ ਪ੍ਰਤਿ ਨਾਇਕ ਸ਼ਾਹਰੁਖ਼ ਖ਼ਾਨ ਲਈ ਵੀ ਹਮਦਰਦੀ ਪੈਦਾ ਕਰ ਦਿੰਦੀਆਂ ਹਨ।

ਬਿਰਤਾਂਤਕ ਜੁਗਤਾਂ ਰਾਹੀਂ ਕਿਸੇ ਨਾਵਲੀ ਪਾਤਰ ਲਈ ਸਾਡੇ ਮਨਾਂ ਵਿਚ ਹਮਦਰਦੀ ਕਿਵੇਂ ਪੈਦਾ ਹੁੰਦੀ ਹੈ, ਇਹ ਸੁਆਲ ਉਸ ਸੁਆਲ ਨਾਲੋਂ ਵੱਖਰਾ ਨਹੀਂ ਜਿਸ ਸੁਆਲ ਵਿਚ ਇਹ ਪੁੱਛਿਆ ਜਾਂਦਾ ਹੈ ਕਿ ਵਾਸਤਵਿਕ ਜ਼ਿੰਦਗੀ ਵਿਚ ਸਾਨੂੰ ਕਿਸੇ ਵਿਅਕਤੀ ਨਾਲ ਹਮਦਰਦੀ ਕਿਵੇਂ ਜਾਗਦੀ ਹੈ? ਇਹ ਸੁਆਲ ਇਸ ਲਈ ਵੱਖਰਾ ਨਹੀਂ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਪਹਿਚਾਣ ਉਸ ਦੇ ਅੰਦਰ ਨਹੀਂ ਹੁੰਦੀ ਸਗੋਂ ਇਹ ਪਹਿਚਾਣ ਉਸ ਦੇ ਜੀਵਨ ਬਿਰਤਾਂਤ ਵਿਚ ਹੁੰਦੀ ਹੈ। ਜੇਕਰ ਸਾਨੂੰ ਕੋਈ ਪੁੱਛੇ ਕਿ ਅਸੀਂ ਕੌਣ ਹਾਂ ਤਾਂ ਇਹ ਦੱਸਣ ਲਈ ਅਸੀਂ ਆਪਣੀ ਜੀਵਨ ਕਥਾ ਸੁਣਾਉਂਦੇ ਹਾਂ। ਆਪਣੇ ਜੀਵਨ ਦੀਆਂ ਚੰਦ ਘਟਨਾਵਾਂ ਚੁਣ ਕੇ ਉਹਨਾਂ ਨੂੰ ਬਿਰਤਾਂਤਕ ਜੁਗਤਾਂ ਅਨੁਸਾਰ ਇਕ ਕਹਾਣੀ ਵਿਚ ਪਰੋ ਕੇ ਪੇਸ਼ ਕਰਦੇ ਹਾਂ ਜਿਵੇਂ ਕਿ ਕਿਸੇ ਹੋਰ ਦੀ ਕਹਾਣੀ ਸੁਣਾ ਰਹੇ ਹੋਈਏ। ਕਈ ਵਾਰ ਇਸਦੇ ਉਲਟ ਦੂਸਰੀਆਂ ਕਹਾਣੀਆਂ ਅਤੇ ਨਾਵਲਾਂ ਵਿਚੋਂ ਕੁਝ ਚੋਣਵੇਂ ਪਾਤਰਾਂ ਦੀ ਉਦਾਹਰਣ ਲੈ ਕੇ ਉਹਨਾਂ ਰਾਹੀਂ ਵੀ ਅਪਾਣੇ ਆਪ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਉਹਨਾਂ ਨਾਲ ਆਪਣੀ ਅਭੇਦਤਾ ਦਰਸਾ ਕੇ। ਇਹ ਬਿਰਤਾਂਤ ਦੀ ਸ਼ਕਤੀ ਹੈ।

ਇਹ ਬਿਰਤਾਂਤ ਹੀ ਹੈ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਪਹਿਚਾਣਦੇ ਹਾਂ ਅਤੇ ਸੰਗਠਿਤ ਕਰਦੇ ਹਾਂ। ਜੇਕਰ ਅਸੀਂ ਸ਼ਰਾਬੀ ਹਾਂ ਤਾਂ ਅਸੀਂ ਉਹਨਾਂ ਪ੍ਰਸਥਿਤੀਆਂ ਅਤੇ ਘਟਨਾਵਾਂ ਨੂੰ ਬਿਰਤਾਂਤਕ ਪ੍ਰਵਚਨ ਵਿੱਚ ਬੰਨ੍ਹ ਕੇ ਪੇਸ਼ ਕਰਾਂਗੇ। ਜੋ ਸਾਡੀ ਮਾਸੂਮੀਅਤ ਨੂੰ ਪੇਸ਼ ਕਰਨ। ਭਾਵ ਅਸੀਂ ਇਸ ਬਿਰਤਾਂਤਕ ਪ੍ਰਵਚਨ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਾਂਗੇ, ਕਿਸੇ ਦੂਸਰੇ ਦਾ ਦ੍ਰਿਸ਼ਟੀਕੋਣ ਸਾਨੂੰ ਨਸ਼ਈ ਅਤੇ ਦੁਰਾਚਾਰੀ ਵੀ ਸਾਬਤ ਕਰ ਸਕਦਾ ਹੈ।

ਜਦੋਂ ਅਸੀਂ ਕਿਸੇ ਕੋਲ ਆਪਣਾ ਦਿਲ ਖੋਹਲ ਕੇ ਰੱਖ ਦਿੰਦੇ ਹਾਂ। ਉਸ ਨਾਲ ਆਪਣੇ ਮਨ ਦੀ ਹਰ ਗੱਲ ਸਾਂਝੀ ਕਰਦੇ ਹਾਂ। ਉਸ ਨੂੰ ਇਹ ਯਕੀਨ ਹੁੰਦਾ ਹੈ ਕਿ ਉਸਦੀ ਪਹੁੰਚ ਸਾਡੇ ਧੁਰ ਅੰਦਰ ਤੱਕ ਹੈ। ਉਸ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਦੂਸਰੇ ਲੋਕਾਂ ਨੂੰ ਸਾਡੇ ਬਾਰੇ ਪੂਰਾ ਗਿਆਨ ਨਾ ਹੋਣ ਕਾਰਨ, ਉਹਨਾਂ ਦੇ ਮਨਾਂ ਵਿਚ ਸਾਡੇ ਲਈ ਗ਼ਲਤ ਧਾਰਨਾਵਾਂ ਬਣੀਆਂ ਹੋਈਆਂ ਹਨ। ਇਹ ਸਾਰੀਆਂ ਗੱਲਾਂ ਉਸ ਦੇ ਮਨ ਵਿਚ ਸਾਡੇ ਲਈ ਹਮਦਰਦੀ ਪੈਦਾ ਕਰਦੀਆਂ ਹਨ।

ਹੁਣ ਅਸੀਂ ਸਮਝ ਸਕਦੇ ਹਾਂ ਕਿ ਕੌਰਵ ਸਭਾ ਨਾਵਲ ਵਿਚ ਮਿੱਤਰ ਸੈਨ ਮੀਤ ਰਾਮ ਨਾਥ ਵਕੀਲ ਲਈ ਸਾਡੇ ਮਨਾਂ ਵਿਚ ਹਮਦਰਦੀ ਕਿਵੇਂ ਪੈਦਾ ਕਰਦਾ ਹੈ। ਮਿੱਤਰ ਸੈਨ ਮੀਤ ਲਈ ਪਾਠਕਾਂ ਦੇ ਮਨਾਂ ਵਿਚ ਰਾਮ ਨਾਥ ਵਕੀਲ ਦੇ ਲਈ ਹਮਦਰਦੀ ਪੈਦਾ ਕਰਨੀ ਜ਼ਰੂਰੀ ਵੀ ਸੀ ਕਿਉਂਕਿ ਪਾਠਕਾਂ ਨੇ ਨਾਵਲ ਦਾ ਸਾਰਾ ਸਫ਼ਰ ਰਾਮ ਨਾਥ ਵਕੀਲ ਦੇ ਨਾਲ ਨਾਲ ਹੀ ਕਰਨਾ ਹੈ। ਹਮਸਫ਼ਰ ਨਾਲ ਤਾਂ ਹਮਦਰਦੀ ਵੈਸੇ ਵੀ ਪੈਦਾ ਹੋ ਜਾਂਦੀ ਹੈ। ਪਰ ਇਹ ਹਮਦਰਦੀ ਪੈਦਾ ਹੋਣ ਦਾ ਵੱਡਾ ਕਾਰਨ ਤਾਂ ਇਹ ਹੈ ਕਿ ਇਸ ਨਾਵਲ ਦਾ ਬਿਰਤਾਂਤ ਰਾਮ ਨਾਥ ਵਕੀਲ ਦੇ ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕੀਤਾ ਗਿਆ ਹੈ।

ਦੇਖਣ ਨੂੰ ਤਾਂ ਇੰਝ ਲਗਦਾ ਹੈ ਜਿਵੇਂ ਇਸ ਨਾਵਲ ਦਾ ਬਿਰਤਾਂਤਕਾਰ ਕੋਈ ਤੀਸਰਾ ਵਿਅਕਤੀ ਹੋਵੇ, ਜੋ ਇਕ ਸੂਤਰਧਾਰ ਵਾਂਗ ਸਾਰੀ ਕਹਾਣੀ ਸੁਣਾ ਰਿਹਾ ਹੈ। ਪਰ ਜੇ ਅਸੀਂ ਥੋੜ੍ਹਾ ਧਿਆਨ ਨਾਲ ਦੇਖੀਏ ਤਾਂ ਪਤਾ ਚਲਦਾ ਹੈ ਕਿ ਇਹ ਤੀਸਰਾ ਵਿਅਕਤੀ ਵੀ ਸਾਰੀ ਕਹਾਣੀ ਰਾਮ ਨਾਥ ਦੇ ਦ੍ਰਿਸ਼ਟੀਕੋਣ ਤੋਂ ਹੀ ਸੁਣਾ ਰਿਹਾ ਹੈ। ਬਹੁਤ ਵਾਰ ਤੇ ਇਸ ਤੀਸਰੇ ਵਿਅਕਤੀ ਅਤੇ ਰਾਮ ਨਾਥ ਵਿਚ ਅੰਤਰ ਕਰਨਾ ਵੀ ਮੁਸ਼ਕਲ ਹੋ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਨਾਵਲ ਦੀ ਸ਼ੁਰੂਆਤ ਦੇਖੋ: ''ਪਾਰਕ

ਦਾ ਦੂਸਰਾ ਚੱਕਰ ਸ਼ੁਰੂ ਕਰਦਿਆਂ ਹੀ ਰਾਮ ਨਾਥ ਨੂੰ ਘਰੋਂ ਸੁਨੇਹਾ ਆ ਗਿਆ। ਮਾਇਆ ਨਗਰ ਤੋਂ ਫ਼ੋਨ ਆਇਆ ਸੀ। ਨੀਲਮ ਭੈਣ ਦੇ ਘਰ ਡਾਕਾ ਪਿਆ ਸੀ। ਸਾਰਾ ਟੱਬਰ ਜ਼ਖ਼ਮੀ ਸੀ।'' ਇਹ ਸੰਵਾਦ ਕੌਣ ਕਹਿ ਰਿਹਾ ਹੈ? ਇਕ ਤੀਸਰਾ ਵਿਅਕਤੀ। ਪਰ ਇਹ ਤੀਸਰਾ ਵਿਅਕਤੀ ਰਾਮ ਨਾਥ ਦੀ ਭੈਣ ਨੀਲਮ ਨੂੰ ਭੈਣ ਕਿਉਂ ਆਖੇਗਾ। ਕੁਝ ਪੈਰੇ ਅੱਗੇ ਦੇਖੋ: ''ਕੁਝ ਦੇਰ ਤੋਂ ਦੋਹਾਂ ਪਰਿਵਾਰਾਂ ਵਿਚਕਾਰ ਖਿੱਚੋਤਾਣ ਚੱਲ ਰਹੀ ਸੀ। ਜਾਇਦਾਦ ਦਾ ਝਗੜਾ ਪਰਿਵਾਰਕ ਸਾਲਸਾਂ ਦੇ ਹੱਥੋਂ ਨਿਕਲ ਕੇ ਕਚਹਿਰੀ ਤੱਕ ਅੱਪੜ ਗਿਆ ਸੀ। ਆਪਸ ਵਿਚ ਮੂੰਹ ਮੋਟੇ ਸਨ ਅਤੇ ਬੋਲਚਾਲ ਬੰਦ ਸੀ। ਰਾਮ ਨਾਥ ਦਾ ਮੱਥਾ ਠਣਕ ਰਿਹਾ ਸੀ। ਕਿਧਰੇ ਇਹ ਵਾਰਦਾਤ ਉਸੇ ਪਰਿਵਾਰ ਨੇ ਨਾ ਕਰਵਾਈ ਹੋਵੇ?'' ਸੁਆਲ ਹੈ ਕਿ ਰਾਮ ਨਾਥ ਦਾ ਸੰਵਾਦ ''ਕਿਧਰੇ ਇਹ ਵਾਰਦਾਤ ਉਸੇ ਪਰਿਵਾਰ ਨੇ ਨਾ ਕਰਵਾਈ ਹੋਵੇ'', ਸੂਤਰਧਾਰ ਕਿਉਂ ਬੋਲ ਰਿਹਾ ਹੈ। ਅੱਗੇ ਚੱਲੋ: ''ਇਹ ਵਾਰਦਾਤ ਕਿਸ ਨੇ ਕੀਤੀ ਹੋਏਗੀ? ਕਾਰ ਦੇ ਮਾਇਆ ਨਗਰ ਦੇ ਰਾਹ ਪੈਂਦਿਆਂ ਹੀ ਰਾਮ ਨਾਥ ਦਾ ਜ਼ਿਹਨ ਪ੍ਰਸ਼ਨਾਂ ਨਾਲ ਭਰਨ ਲੱਗਾ। ਅੱਜ ਕੱਲ੍ਹ ਕਾਲੇ ਕੱਛਿਆਂ ਵਾਲੇ ਅਜੇਹੀਆਂ ਵਾਰਦਾਤਾਂ ਵਿਚ ਰੁੱਝੇ ਹੋਏ ਸਨ। ਹੋ ਸਕਦਾ ਹੈ ਇਹ ਵਾਰਦਾਤ ਅਜੇਹੇ ਕਿਸੇ ਗਰੋਹ ਨੇ ਕੀਤੀ ਹੋਵੇ? ਦੂਸਰੇ ਹੀ ਪਲ ਉਸਨੇ ਕਾਲੇ ਕੱਛੇ ਵਾਲਿਆਂ ਦੇ ਇਸ ਵਾਰਦਾਤ ਵਿਚ ਸ਼ਾਮਲ ਹੋਣ ਨੂੰ ਨਕਾਰ ਦਿੱਤਾ। ਇਹ ਗਰੋਹ ਅਜੇਹੀ ਵਾਰਦਾਤ ਸ਼ਹਿਰਾਂ ਜਾਂ ਪਿੰਡਾਂ ਦੇ ਬਾਹਰ ਵਾਰ ਵੱਸੇ ਘਰਾਂ ਵਿਚ ਕਰਦੇ ਸੀ। ਨੀਲਮ ਦਾ ਘਰ ਸ਼ਹਿਰ ਦੇ ਪਚੱਗ ਵਿੱਚ ਸੀ। ਗਲੀ ਦੇ ਦੋਹੀਂ ਪਾਸੀਂ ਲੋਹੇ ਦੇ ਵੱਡੇ ਗੇਟ ਸਨ। ਪਹਿਰੇਦਾਰ ਸਾਰੀ ਰਾਤ ਪਹਿਰਾ ਦਿੰਦਾ ਸੀ। ਇਹ ਵਾਰਦਾਤ ਕਿਸੇ ਗਿਣੀ ਮਿਥੀ ਸਾਜ਼ਿਸ਼ ਦੇ ਤਹਿਤ ਹੋਈ ਜਾਪਦੀ ਸੀ।'' ਕੀ ਇਹ ਸੂਤਰਧਾਰ ਬਿਆਨ ਰਿਹਾ ਹੈ ਜਾਂ ਰਾਮ ਨਾਥ ਸੋਚ ਰਿਹਾ ਹੈ। ਇਹ ਬਹੁਤ ਹੀ ਸਪਸ਼ਟ ਢੰਗ ਨਾਲ ਸੂਤਰਧਾਰ ਦੇ ਬਿਆਨ ਨੂੰ ਰਾਮ ਨਾਥ ਦੀ ਸੋਚ ਨਾਲ ਰਲ ਗੱਡ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਰਾਮ ਨਾਥ ਦੀ ਸੋਚ ਨੂੰ ਸੂਤਰਧਾਰ ਦੇ ਬਿਆਨ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਹੈ।

ਨਾਵਲ ਦੇ ਪਹਿਲੇ ਕਾਂਡ ਵਿਚ ਜੇ ਮੋਹਨ-ਵੇਦ ਪਰਿਵਾਰ ਦੀ ਕਥਾ ਸੁਣਾਈ ਗਈ ਹੈ, ਉਹ ਰਾਮ ਨਾਥ ਦੇ ਦ੍ਰਿਸ਼ਟੀਕੋਣ ਤੋਂ ਸੂਤਰਧਾਰ ਰਾਹੀਂ ਪੇਸ਼ ਕੀਤੀ ਗਈ ਹੈ। ਪਰ ਸੂਤਰਧਾਰ ਹਮੇਸ਼ਾ ਰਾਮ ਨਾਥ ਦੇ ਦ੍ਰਿਸ਼ਟੀਕੋਣ ਨੂੰ ਹੀ ਪੇਸ਼ ਨਹੀਂ ਕਰਦਾ। ਉਸ ਨਾਲੋਂ ਇਕ ਵਿੱਥ ਵੀ ਸਥਾਪਤ ਕਰਦਾ ਹੈ: ''ਰਾਮ ਨਾਥ ਹਰਬੰਸ ਦਾ ਵਕੀਲ ਸੀ। ਉਸਨੇ ਛਿੰਦੋ ਤੋਂ ਜਿਰਾਹ ਸਮੇਂ ਜੋ ਸੁਆਲ ਪੁੱਛੇ ਉਹ ਬਲਾਤਕਾਰ ਨਾਲੋਂ ਵੀ ਵੱਖ ਸ਼ਰਮਨਾਕ ਅਤੇ ਦਰਦਨਾਕ ਸਨ।... ਨੇਹਾ ਨੂੰ ਆਪਣੇ ਵਕੀਲ ਮਾਮੇ 'ਤੇ ਗੁੱਸਾ ਆਇਆ। ਉਸਨੇ ਆਪਣੀ ਧੀਆਂ ਵਰਗੀ ਕੁੜੀ ਨੂੰ ਭਰੀ ਕਚਹਿਰੀ ਨੰਗਿਆਂ ਕੀਤਾ ਸੀ।... ਫਿਰ ਮਾਮੇ ਨੇ ਛਿੰਦੋ ਸਿਰ ਦੋਸ਼ ਮੜ੍ਹੇ ਕਿ ਉਸਦੇ ਆਪਣੇ ਵਿਹੜੇ ਦੇ ਧੀਰੇ ਨਾਲ ਸਬੰਧ ਸਨ। ਸ਼ਰਮ ਦੇ ਮਾਰੇ ਰਾਮ ਨਾਥ ਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਟਪਕਣ ਲੱਗੀਆਂ।'' ਏਥੇ ਬਿਰਤਾਂਤਕਾਰ ਰਾਮ ਨਾਥ ਵਕੀਲ ਦਾ ਪਾਠਕ ਨਾਲ ਨੈਤਿਕ ਟਕਰਾਅ ਪੈਦਾ ਕਰਕੇ, ਉਸ ਨਾਲੋਂ ਦੂਰੀ ਸਥਾਪਤ ਕਰਦਾ ਹੈ। ਏਥੇ ਸੂਤਰਧਾਰ ਰਾਮ ਨਾਥ ਦੀਆਂ ਕਮਜ਼ੋਰੀਆਂ ਅਤੇ ਕਰਤੂਤਾਂ ਨੂੰ ਇਕ ਤੀਸਰੇ ਵਿਅਕਤੀ ਵਜੋਂ ਪੇਸ਼ ਕਰਦਾ ਹੈ। ਇਹ ਤੀਸਰਾ ਵਿਅਕਤੀ ਏਥੇ ਰਾਮ ਨਾਥ ਦੀ ਨਹੀਂ ਕਿਸੇ ਹੋਰ ਧਿਰ ਦੀ ਸੋਚ ਪੇਸ਼ ਕਰਦਾ ਹੈ। ਏਥੇ ਇਹ ਧਿਰ ਨੇਹਾ ਹੈ, ਇਸੇ ਲਈ ਬਿਰਤਾਂਤਕਾਰ ਰਾਮ ਨਾਥ ਦੀ ਥਾਂ ਮਾਮਾ ਸ਼ਬਦ ਵਰਤ ਜਾਂਦਾ ਹੈ: ''ਫੇਰ ਮਾਮੇ ਨੇ ਛਿੰਦੋ ਸਿਰ ਦੋਸ਼ ਮੜ੍ਹੇ...।'' ਕਈ ਵਾਰ ਤਾਂ ਰਾਮ ਨਾਥ ਦੀ ਸੋਚ ਨੂੰ ਬਿਰਤਾਂਤ ਤੋਂ ਏਨਾ ਦੂਰ ਕਰ ਦਿੱਤਾ ਜਾਂਦਾ ਹੈ ਕਿ ਰਾਮ ਨਾਥ ਦੀ ਸੋਚ ਇਕ ਮਜ਼ਾਕ ਬਣ ਕੇ ਰਹਿ ਜਾਂਦੀ ਹੈ। ਜਿਵੇਂ ਕਿ ਇਸ ਗੱਲ ਦਾ ਸਭ ਨੂੰ (ਪਾਠਕਾਂ ਨੂੰ) ਪਤਾ ਹੈ ਕਿ ਜੇ ਬਘੇਲ ਸਿੰਘ ਨੇ ਮੁੱਖ ਮੰਤਰੀ ਰਾਹੀਂ ਕਾਰਵਾਈ ਨਾ ਕੀਤੀ ਹੁੰਦੀ, ਤਾਂ ਪੰਕਜ ਹੋਰਾਂ ਨੇ ਪੁਲਿਸ ਪੜਤਾਲ ਰਾਹੀਂ ਮੁਕੱਦਮੇ ਵਿੱਚੋਂ ਬਰੀ ਹੋ ਕੇ ਕਦੋਂ ਦੇ ਘਰੇ ਬੈਠੇ ਹੋਣਾ ਸੀ। ਪਰ ਰਾਮ ਨਾਥ ਨੂੰ ਇਹੋ ਹੀ ਲੱਗਦਾ ਰਹਿੰਦਾ ਹੈ ਕਿ ਸ਼ਾਇਦ ਉਸੇ ਦੀ ਪੈਰਵਾਈ ਕਰਕੇ ਪੰਕਜ ਹੋਰੀ ਨਰਕ ਭੋਗ ਰਹੇ ਹਨ: ''ਰਾਮ ਨਾਥ ਨੇ ਪੰਕਜ ਹੋਰਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਉਹਨਾਂ ਨੂੰ ਹਵਾਲਾਤ ਦੀ ਹਵਾ ਖਵਾ ਦਿੱਤੀ ਸੀ। ਰਾਮ ਨਾਥ ਮਨ ਦੀ ਤਸੱਲੀ ਲਈ ਲੜ ਰਿਹਾ ਸੀ।''

ਜੇ ਸੂਤਰਧਾਰ ਰਾਮ ਨਾਥ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਕੇ ਪਾਠਕਾਂ ਦੇ ਮਨਾਂ ਵਿਚ ਉਸ ਲਈ ਹਮਦਰਦੀ ਪੈਦਾ ਕਰਦਾ ਹੈ ਤਾਂ ਕਿਤੇ ਕਿਤੇ ਉਹ ਪੰਕਜ ਹੋਰਾਂ ਦੀ ਸੋਚ ਨੂੰ ਆਪਣੇ ਵੱਲੋਂ ਪੇਸ਼ ਕਰਕੇ ਉਹਨਾਂ ਲਈ ਵੀ ਪਾਠਕਾਂ ਅੰਦਰ ਹਮਦਰਦੀ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ: ''ਸੱਚ ਇਹ ਸੀ ਕਿ ਪੰਕਜ ਹੋਰਾਂ ਨੇ ਇਕ ਸਾਜ਼ਿਸ਼ ਘੜੀ ਸੀ। ਪਰ ਇਰਾਦਾ ਇੱਡਾ ਭਾਣਾ ਵਰਤਾਉਣ ਦਾ ਨਹੀਂ ਸੀ। ਉਹ ਮੂੰਹ ਫੱਟ ਚਾਚੀ ਅਤੇ ਸੱਪ ਵਾਂਗ ਫਨ ਚੁੱਕ ਰਹੇ ਕਮਲ ਨੂੰ ਥੋੜ੍ਹਾ ਸਬਕ ਸਿਖਾਉਣਾ ਚਾਹੁੰਦੇ ਸਨ। ਨਾ ਉਹਨਾਂ ਨੂੰ ਚਾਚੇ ਨਾਲ ਗਿਲਾ ਸੀ ਨਾ ਨੇਹਾ ਨਾਲ। ਨੇਹਾ ਦੀ ਇੱਜ਼ਤ ਉਨ੍ਹਾਂ ਦੀ ਇੱਜ਼ਤ ਸੀ। ਲਗਦਾ ਸੀ ਠੇਕੇਦਾਰ ਲਾਲਚ ਵਿਚ ਆ ਗਿਆ ਸੀ। ... ਕਮਲ ਦਾ ਕਤਲ ਕਿਉਂ ਹੋਇਆ? ਨੇਹਾ ਦੀ ਇੱਜ਼ਤ ਕਿਉਂ ਲੁੱਟੀ ਗਈ? - ਇਹਨਾਂ ਘਟਨਾਵਾਂ ਤੇ ਉਹਨਾਂ ਨੂੰ ਸ਼ਰਮ ਵੀ ਆ ਰਹੀ ਸੀ ਅਤੇ ਪਛਤਾਵਾ ਵੀ ਹੋ ਰਿਹਾ ਸੀ।'' ਇਹ ਸੰਵਾਦ ਉਸ ਵਕਤ ਦੇ ਹਨ ਜਦੋਂ ਨੰਦ ਲਾਲ ਸਾਰੀ ਵਾਰਦਾਤ ਦਾ ਵੇਰਵਾ ਹਾਸਲ ਕਰਨ ਲਈ ਪੰਕਜ ਅਤੇ ਉਸ ਦੇ ਭਰਾ ਨੀਰਜ ਨੂੰ ਦੂਸਰੇ ਕਮਰੇ ਵਿਚ ਲਿਜਾ ਕੇ ਪੁੱਛਦਾ ਹੈ: ''ਤੁਸੀਂ ਮੁਕੱਦਮੇ ਵਿਚ ਫਸ ਗਏ ਹੋ। ਸੋ ਵਕੀਲ ਦੇ ਨਾਤੇ ਤੁਹਾਡਾ ਬਚਾਅ ਕਰਨਾ ਹੈ। ਮੇਰੇ ਕੋਲੋਂ ਕੋਈ ਗੱਲ ਛੁਪਾਉਣੀ ਨਹੀਂ। ਦਾਈ ਕੋਲੋਂ ਪੇਟ ਨਹੀਂ ਛੁਪਾਇਆ ਜਾ ਸਕਦਾ। ਸੋ ਸਾਰੇ ਪੱਖ ਜਾਣ ਕੇ ਹੀ ਕੋਈ ਸਫ਼ਾਈ ਪੱਖ ਘੜ੍ਹ ਸਕਾਂਗਾ। ਇਸ ਲਈ ਸੱਚ ਸੱਚ ਦੱਸਣਾ।'' ਇਸ ਸੁਆਲ ਦੇ ਜੁਆਬ ਵਿਚ ਸੂਤਰਧਾਰ ਇੱਕ ਤੀਸਰੇ ਵਿਅਕਤੀ ਦੇ ਰੂਪ ਵਿਚ ਪੰਕਜ ਹੋਰਾਂ ਦੇ ਪੱਖ ਨੂੰ ਇੱਕ ਬਾਹਰਮੁਖੀ ਸੱਚ ਵਾਂਗ ਪੇਸ਼ ਕਰਦਾ ਹੈ ਤਾਂ ਜੋ ਪਾਠਕ ਇਸ ਗੱਲ 'ਤੇ ਵਿਸ਼ਵਾਸ ਕਰਕੇ ਪੰਕਜ ਹੋਰਾਂ ਲਈ ਆਪਣੇ ਰਵੱਈਏ ਵਿਚ ਥੋੜ੍ਹੀ ਹਮਦਰਦੀ ਪੈਦਾ ਕਰ ਸਕਣ।

ਇਹ ਹਮਦਰਦੀ ਸ਼ਾਇਦ ਜ਼ਰੂਰੀ ਵੀ ਸੀ। ਇਸ ਹਮਦਰਦੀ ਬਿਨਾ ਅਫ਼ਸਰਸ਼ਾਹੀ

ਅਤੇ ਸਿਆਸੀ ਪਾਰਟੀਆਂ ਵੱਲੋਂ ਪੰਕਜ ਹੋਰਾਂ ਭਾਵ ਨਿਵੇਸ਼ਯੋਗ ਪੂੰਜੀ ਦੀ ਲੁੱਟ-ਖਸੁੱਟ ਪ੍ਰਤੀ ਪਾਠਕਾਂ ਦੇ ਮਨ ਵਿਚ ਉਹ ਘ੍ਰਿਣਾ ਪੈਦਾ ਨਹੀਂ ਸੀ ਹੋ ਸਕਦੀ, ਜੋ ਇਹ ਨਾਵਲੀ ਬਿਰਤਾਂਤ ਪੈਦਾ ਕਰਨੀ ਚਾਹੁੰਦਾ ਹੈ। ਖਲਨਾਇਕ ਪੰਕਜ ਹੋਰੀਂ ਨਹੀਂ, ਉਹ ਗਲਿਆ ਸੜਿਆ, ਭ੍ਰਿਸ਼ਟ ਅਤੇ ਲੋਟੂ ਕਿਸਮ ਦਾ ਅਫ਼ਸਰਸ਼ਾਹੀ ਨਿਜ਼ਾਮ ਹੈ, ਜਿਸ ਦੇ ਅਸੀਂ ਸਾਰੇ ਹੀ ਸ਼ਿਕਾਰ ਹਾਂ। ਇਸ ਨਾਵਲ ਵਿਚ ਨਾ ਕੋਈ ਨਾਇਕ ਹੈ ਅਤੇ ਨਾ ਹੀ ਖਲਨਾਇਕ। ਸਾਰੇ ਹੀ ਇਸ ਗਲੇ ਸੜੇ ਭ੍ਰਿਸ਼ਟ ਅਤੇ ਲੋਟੂ ਨਿਜ਼ਾਮ ਦੇ ਸ਼ਿਕਾਰ ਹਨ। ਇਸ ਨਿਜ਼ਾਮ ਨੂੰ ਪਾਠਕਾਂ ਦੇ ਮਨਾਂ ਵਿਚ ਪੂਰੀ ਤਰ੍ਹਾਂ ਨੰਗਿਆਂ ਕਰਨ ਲਈ ਇਹ ਜ਼ਰੂਰੀ ਸੀ ਕਿ ਪੰਕਜ ਹੋਰਾਂ ਲਈ ਨਫ਼ਰਤ ਘਟਾਈ ਜਾਵੇ। ਉਹਨਾਂ ਲਈ ਪਾਠਕਾਂ ਦੇ ਮਨਾਂ ਵਿਚ ਥੋੜ੍ਹੀ ਹਮਦਰਦੀ ਜਗ੍ਹਾ ਕੇ ਪੰਕਜ ਹੋਰਾਂ ਦੀ ਥਾਂ, ਸਿਸਟਮ ਨੂੰ ਨਿਸ਼ਾਨਾ ਬਣਾਇਆ ਜਾ ਸਕੇ।

ਲੜਾਈ ਸਿਸਟਮ ਦੇ ਖਿਲਾਫ਼ ਹੈ, ਪੰਕਜ ਹੋਰਾਂ ਦੇ ਨਹੀਂ। ਪਰ ਸਿਸਟਮ ਦੇ ਖ਼ਿਲਾਫ਼ ਲੜਨ ਵਾਲਾ ਹੈ ਕੌਣ ਇਸ ਨਾਵਲ ਵਿਚ? ਕੋਈ ਵੀ ਤਾਂ ਨਹੀਂ। ਲੜਾਈ ਸਿਸਟਮ ਦੇ ਖ਼ਿਲਾਫ਼, ਪਰ ਸਿਸਟਮ ਦੇ ਖ਼ਿਲਾਫ਼ ਇਹ ਲੜਾਈ ਲੜਨ ਵਾਲਾ ਖ਼ੁਦ ਇਸ ਨਾਵਲ ਵਿਚੋਂ ਗ਼ੈਰਹਾਜ਼ਰ ਹੈ। ਇਸ ਲਈ ਪਾਠਕ ਜਿਸ ਦੇ ਸਾਹਮਣੇ ਸਿਸਟਮ ਦੀ ਸਾਰੀ ਕਰੂਰਤ ਨੰਗੀ ਹੁੰਦੀ ਹੈ, ਨਾ ਰਾਮ ਨਾਥ ਨਾਲ ਅਭੇਦਤਾ ਸਥਾਪਤ ਕਰ ਪਾਉਂਦਾ ਹੈ ਅਤੇ ਨਾ ਹੀ ਪੰਕਜ ਹੋਰਾਂ ਨਾਲ ਅੰਨ੍ਹੀ ਨਫ਼ਰਤ। ਸੋ ਪਾਠਕ ਕਦੇ ਰਾਮ ਨਾਥ ਦੇ ਨੇੜੇ ਜਾਂਦਾ ਹੈ ਅਤੇ ਕਦੇ ਦੂਰ। ਕਦੇ ਉਸ ਦੇ ਮਨ ਵਿਚ ਰਾਮ ਨਾਥ ਲਈ ਹਮਦਰਦੀ ਜਾਗਦੀ ਹੈ ਅਤੇ ਕਦੇ ਵਕਫ਼ਾ। ਪਾਠਕ ਦੇ ਮਨ ਵਿਚ ਰਾਮ ਨਾਥ ਲਈ ਹਮਦਰਦੀ ਤਾਂ ਇਸ ਲਈ ਪੈਦਾ ਕੀਤੀ ਜਾਂਦੀ ਹੈ ਤਾਂ ਜੋ ਉਹ ਰਾਮ ਨਾਥ ਦੇ ਨਾਲ ਨਾਲ ਇਸ ਨਾਵਲੀ ਬਿਰਤਾਂਤ ਦੀ ਯਾਤਰਾ ਕਰ ਸਕੇ। ਰਾਮ ਨਾਥ ਦੇ ਨੈਤਿਕ ਵਿਕਾਸ ਦੇ ਨਾਲ ਨਾਲ ਤੁਰ ਸਕੇ। ਪਾਠਕ ਨੂੰ ਰਾਮ ਨਾਥ ਦੇ ਕਿਰਦਾਰ ਨਾਲ ਅਭੇਦਤਾ ਸਥਾਪਤ ਕਰਨ ਤੋਂ ਰੋਕਣ ਵਾਸਤੇ ਦੋਨਾਂ ਵਿਚਕਾਰ ਦੂਰੀ ਸਥਾਪਤ ਕੀਤੀ ਜਾਂਦੀ ਹੈ। ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਪਾਠਕ ਰਾਮ ਨਾਥ ਦੇ ਨੈਤਿਕ ਵਿਕਾਸ ਦੇ ਨਾਲ ਨਾਲ ਤਾਂ ਤੁਰੇ। ਪਰ ਉਸ ਨਾਲ ਅਭੇਦਤਾ ਸਥਾਪਤ ਕਰਕੇ ਉਸਦੇ ਨੈਤਿਕ ਵਿਕਾਸ ਦੇ ਮਿਸ਼ਨ ਨੂੰ ਆਪਣਾ ਮਿਸ਼ਨ ਬਣਾਉਣ ਦੀ ਗਲਤੀ ਨਾ ਕਰ ਲਵੇ। ਇੱਕ ਵਕਫ਼ੇ ’ਤੇ ਰਹਿ ਕੇ ਰਾਮ ਨਾਥ ਦੇ ਨੈਤਿਕ ਮਿਸ਼ਨ ਉੱਪਰ ਇੱਕ ਆਲੋਚਨਾਤਮਕ ਨਜ਼ਰ ਵੀ ਰੱਖੇ। ਜੇਕਰ ਕਿਸੇ ਪਾਤਰ ਲਈ ਹਮਦਰਦੀ ਅਤੇ ਅਭੇਦਤਾ ਵਿਚਲੇ ਅੰਤਰ ਨੂੰ ਥੋੜ੍ਹਾ ਹੋਰ ਸਪਸ਼ਟ ਕਰ ਲਿਆ ਜਾਵੇ ਤਾਂ ਠੀਕ ਰਹੇਗਾ।

ਕਿਸੇ ਪਾਤਰ ਨਾਲ ਅਭੇਦਤਾ ਦਾ ਮਤਲਬ ਹੈ, ਉਸ ਪਾਤਰ ਵਿਚੋਂ ਆਪਣੇ ਆਪ ਨੂੰ ਦੇਖਣਾ। ਉਸ ਪਾਤਰ ਦੇ ਮਾਧਿਅਮ ਰਾਹੀਂ ਆਪਣੀ ਸਵੈ-ਪਹਿਚਾਣ ਸਥਾਪਤ ਕਰਨਾ। ਇਸ ਤਰ੍ਹਾਂ ਨਾਵਲੀ ਬਿਰਤਾਂਤ ਤੁਹਾਡੀ ਸਵੈ-ਪਹਿਚਾਣ ਨੂੰ ਪੁਨਰ ਸਥਾਪਿਤ ਕਰਨ ਦੀ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ। ਆਪਣੀ ਵਿਚਾਰਧਾਰਾ ਵਿਚ ਢਾਲ ਲੈਂਦਾ ਹੈ। ਪਰ ਹਮਦਰਦੀ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਏਥੇ ਤੁਸੀਂ ਉਸ ਪਾਤਰ ਨਾਲ ਕੇਵਲ ਦੋਸਤੀ ਹੀ ਕਰਦੇ ਹੋ। ਉਸਦੇ ਮਿਸ਼ਨ ’ਤੇ ਉਸਦੇ ਨਾਲ ਨਾਲ ਤੁਰਦੇ ਤਾਂ ਹੋ ਪਰ ਉਸਦੇ ਮਿਸ਼ਨ ਨੂੰ ਜੱਜ ਕਰਨ ਦੀ ਸਮਰੱਥਾ ਗੁਆਉਂਦੇ ਨਹੀਂ।

ਰਾਮ ਨਾਥ ਦਾ ਨੈਤਿਕ ਵਿਕਾਸ ਕਿਸ ਦਿਸ਼ਾ ਵਿਚ ਹੁੰਦਾ ਹੈ, ਨਾਵਲ ਉਸ ਗੱਲ ਨੂੰ ਸਪਸ਼ਟ ਕਰਦਾ ਹੈ: ‘‘ਆਪਣੇ ਹੱਡਾਂ ਤੇ ਦੁੱਖ ਹੰਡਾ ਕੇ ਰਾਮ ਨਾਥ ਨੂੰ ਮੁਦੱਈ ਧਿਰ ਦੀ ਪੀੜ ਸਮਝ ਆਈ ਸੀ। ਬਹਿਸ ਦੀ ਤਿਆਰੀ ਕਰਦੇ ਸਮੇਂ ਰਾਮ ਨਾਥ ਨੂੰ ਛਿੰਦੋ ਵਿਚੋਂ ਨੇਹਾ ਨਜ਼ਰ ਆਉਣ ਲੱਗਦੀ ਸੀ। ਹਰਬੰਸ ਨੂੰ ਨਿਰਦੋਸ਼ ਸਾਬਤ ਕਰਦੇ ਰਾਮ ਨਾਥ ਨੂੰ ਉਸਦੀ ਆਤਮਾ ਲਾਹਨਤਾਂ ਪਾਉਣ ਲੱਗਦੀ ਸੀ। ...‘‘ਅਸੀਂ ਸਭ ਵਕੀਲ ਸਭ ਛਿੰਦੋਆਂ ਅਤੇ ਨੇਹਾ ਦੇ ਗੁਨਾਹਗਾਰ ਹਾਂ। ਬੇਟੀਓ ਮੈਨੂੰ ਮੁਆਫ਼ ਕਰੋ।’’ ਇਹ ਆਖ ਕੇ ਰਾਮ ਨਾਥ ਬੱਚਿਆਂ ਵਾਂਗ ਰੋਣ ਲੱਗਾ। ਉਸਦੀਆਂ ਅੱਖਾਂ ਵਿਚੋਂ ਵਹੇ ਹੰਝੂ ਉਸ ਦੇ ਮਨ ਦੀ ਮੈਲ ਧੋਣ ਲੱਗੇ।’’ ਰਾਮ ਨਾਥ ਦਾ ਕਿਰਦਾਰ ਰੂਪਾਂਤ੍ਰਿਤ ਹੁੰਦਾ ਹੈ: ‘‘ਦੁੱਖ ਹੰਡਾ ਕੇ ਰਾਮ ਨਾਥ ਨੇ ਕਈ ਸਬਕ ਸਿੱਖੇ ਸਨ। ਹੁਣ ਉਸ ਨੂੰ ਮੁਲਜ਼ਮ ਦਾ ਪੱਖ ਪੂਰਦੇ ਝਿਜਕ ਮਹਿਸੂਸ ਹੁੰਦੀ ਸੀ। ਲਗਦੀ ਵਾਹ ਉਹ ਮੁੱਦਈ ਧਿਰ ਦਾ ਵਕੀਲ ਬਣਦਾ ਸੀ। ਦੋਸ਼ੀਆਂ ਨੂੰ ਸਜ਼ਾ ਕਰਾਉਣ ਲਈ ਉਹ ਦਿਨ ਰਾਤ ਇੱਕ ਕਰਕੇ ਸੰਘਰਸ਼ ਕਰਦਾ ਸੀ।’’ ਇਸ ਤਰ੍ਹਾਂ ਉਸ ਨੂੰ ਸਕੂਨ ਮਿਲਦਾ ਸੀ। ਇਸ ਤਰ੍ਹਾਂ ਰਾਮ ਨਾਥ ਦਾ ਨੈਤਿਕ ਵਿਕਾਸ ਉਸ ਨੂੰ ਵਿਕਟਮ ਵੈਲਫ਼ੇਅਰ ਸੁਸਾਇਟੀ ਦੇ ਉਦੇਸ਼ਾਂ ਦੀ ਸਮਝ ਅਤੇ ਪਾਲਣਾ ਤੱਕ ਹੀ ਲੈ ਕੇ ਜਾਂਦਾ ਹੈ। ਨੇਹਾ ਵੀ ਇਥੋਂ ਤੱਕ ਹੀ ਪਹੁੰਚਦੀ ਹੈ: ‘‘ਮਾਮਾ ਜੀ ਮੈਨੂੰ ਲਾਅ ਵਿਚ ਦਾਖਲਾ ਨਹੀਂ ਮਿਲ ਸਕਦਾ? ਲਾਅ ਕਰਕੇ ਮੈਂ ਹਰੀਸ਼ ਅੰਕਲ ਦੀ ਸੁਸਾਇਟੀ ਦੀ ਮੈਂਬਰ ਬਣਾਂਗੀ। ਫੇਰ ਮੈਂ ਮੁਲਜ਼ਮ ਪੱਖੀ ਕਾਨੂੰਨ ਦੀਆਂ ਧੱਜੀਆਂ ਉਡਾਵਾਂਗੀ।’’ ਇਸੇ ਤਰ੍ਹਾਂ ਸੌ ਚੂਹੇ ਖਾ ਚੁੱਕੀ ਨੰਦ ਲਾਲ ਵਰਗੀ ਬਿੱਲੀ ਵੀ ਵਿਕਟਮ ਵੈਲਫ਼ੇਅਰ ਦੇ ਹੱਜ ’ਤੇ ਜਾਣ ਦੀ ਤਿਆਰੀ ਕਰਦੀ ਹੈ: ‘‘ਬੜਾ ਮਾਣ ਸੀ ਨੰਦ ਲਾਲ ਨੂੰ ਆਪਣੀ ਕਾਬਲੀਅਤ ਉੱਪਰ। ਕਿਸ ਕੰਮ ਆਈ ਇਹ ਲਿਆਕਤ? ਪੈਸਾ ਕਮਾਉਣ ਲਈ? ਪੈਸੇ ਵਾਲੇ ਮੁਜ਼ਰਮਾਂ ਨੂੰ ਬਰੀ ਕਰਵਾਉਣ ਲਈ? ਮੁਲਜ਼ਮਾਂ ਨੂੰ ਸਜ਼ਾ ਦੇ ਭੈਅ ਤੋਂ ਬਰੀ ਕਰਾਉਣ ਲਈ? ਆਪ ਪੜਚੋਲ ਕਰਦੇ ਨੰਦ ਲਾਲ ਨੂੰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਹਾਂ ਵਿਚ ਮਿਲਦਾ ਸੀ। ਇਹ ਹਾਂ ਹੁਣ ਉਸ ਨੂੰ ਪਸ਼ਚਾਤਾਪ ਦੀ ਅੱਗ ਵਿਚ ਸਾੜ ਰਹੀ ਸੀ।’’

ਏਥੋਂ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿ ਵਿਕਟਮ ਵੈਲਫ਼ੇਅਰ ਦੀ ਮੁਜਰਮ ਵਿਰੋਧੀ ਬਦਲਾ ਲਊ ਜਗੀਰੂ ਨੈਤਿਕਤਾ ਅਤੇ ਸਿਆਸਤ ਹੀ ਇਸ ਨਾਵਲ ਦਾ ਉਦੇਸ਼ਪੂਰਕ ਮਿਸ਼ਨ ਹੋਵੇ। ਪਰ ਇਸ ਨਾਵਲ ਵਿਚ ਜਿਵੇਂ ਕਿ ਆਪਾਂ ਪਹਿਲਾਂ ਦੇਖ ਹੀ ਆਏ ਹਾਂ, ਇਹ ਮਿਸ਼ਨ ਮਾਨਵ ਅਧਿਕਾਰ ਸੰਗਠਨਾਂ ਦੀ ਸਿਆਸਤ ਦੇ ਵਿਰੋਧ ਵਿਚ ਉਸਾਰਿਆ ਗਿਆ ਹੈ। ਪਰ ਇਹਨਾਂ ਦੋਹਾਂ ਵਿਰੋਧੀ ਧਿਰਾਂ ਦਾ ਸੰਘਰਸ਼ ਪੇਸ਼ ਕਰਨ ਦੀ ਥਾਂ ਮਾਨਵ ਅਧਿਕਾਰ ਸੰਗਠਨਾਂ ਅਤੇ ਉਹਨਾਂ ਦੀ ਸਿਆਸਤ ਨੂੰ ਇਸ ਨਾਵਲ ਵਿਚੋਂ ਪੂਰੀ ਤਰ੍ਹਾਂ ਗ਼ੈਰ ਹਾਜ਼ਰ ਕਰ ਦੇਣਾ, ਇਸ ਨਾਵਲ ਦਾ ਇਕ ਫਾਸ਼ੀ ਡਿਜ਼ਾਈਨ ਪ੍ਰਤੀਤ ਹੋਣ ਲੱਗ ਪੈਂਦਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਇਸ ਮਿਸ਼ਨ ਨਾਲ ਜੁੜੀਆਂ ਸੰਸਥਾਵਾਂ ਅਤੇ ਵਿਅਕਤੀ ਜਿਹਨਾਂ ਨੂੰ ਡਾ. ਕੇਸਰ ਨਾਇਕ ਧਿਰ ਆਖਦਾ ਹੈ, ਫਾਸ਼ੀ ਹਨ? ਨਹੀਂ ਇਹ ਗੱਲ ਨਹੀਂ। ਫਾਸ਼ੀ ਕਹਿਣਾ ਗਲਤ ਹੋਵੇਗਾ। ਜਿਵੇਂ ਕਿ ਆਪਾਂ

ਪਹਿਲਾਂ ਵੀ ਗੱਲ ਕਰ ਆਏ ਹਾਂ, ਹਰਵਿੰਦਰ ਭੰਡਾਲ ਦਾ ਇਹ ਇਲਜ਼ਾਮ, ''ਮੁਲਜ਼ਮਾਂ ਦੇ ਮਾਨਵੀ ਅਧਿਕਾਰ ਅਤੇ ਬਿਹਤਰ ਜੀਵਨ ਸਹੂਲਤਾਂ, ਸਖ਼ਤ ਕਾਨੂੰਨੀ ਨਿਯੰਤਰਣ ਦੇ ਖ਼ਿਲਾਫ਼ ਮਾਨਵੀ ਸੰਘਰਸ਼ਾਂ ਦਾ ਸਿੱਟਾ ਹਨ। ਮੀਤ ਦੀ ਆਦਰਸ਼ਵਾਦੀ ਦ੍ਰਿਸ਼ਟੀ ਇਸ ਲਈ ਨਾ ਸਿਰਫ਼ ਪ੍ਰਤੀਕਿਰਿਆਵਾਦੀ ਹੋ ਜਾਂਦੀ ਹੈ, ਸਗੋਂ ਇਸ ਤੋਂ ਅੱਗੇ ਫਾਸ਼ੀਵਾਦੀ ਖ਼ਤਰੇ ਉਤਪੰਨ ਕਰ ਦਿੰਦੀ ਹੈ,'' ਹਰੀਸ਼ ਰਾਇ ਅਤੇ ਉਸਦੀ ਵਿਕਟਮ ਵੈਲਫੇਅਰ ਸੁਸਾਇਟੀ ਉੱਪਰ ਲਾਗੂ ਨਹੀਂ ਹੁੰਦਾ ਕਿਉਂਕਿ ਇਹ ਜੋ ਸੁਸਾਇਟੀ ਨੂੰ ਮਾਨਵ ਅਧਿਕਾਰ ਸੰਗਠਨਾਂ ਦੀ ਸਿਆਸਤ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਅਜੇਹਾ ਕੁਝ ਵੀ ਹਰੀਸ਼ ਰਾਇ ਅਤੇ ਉਸਦੀ ਸੁਸਾਇਟੀ ਵਿਚ ਨਹੀਂ ਹੈ।

ਇਹ ਲੇਖਕ ਦੀ ਸੂਤਰਧਾਰ ਦੇ ਰੂਪ ਵਿਚ ਸੁਸਾਇਟੀ ਬਾਰੇ ਕੀਤੀ ਗਈ ਕੁਮੈਂਟਰੀ ਦੁਆਰਾ ਪੈਦਾ ਹੋਣ ਵਾਲੀ ਗ਼ਲਤਫ਼ਹਿਮੀ ਤੋਂ ਵੱਧ ਹੋਰ ਕੁਝ ਵੀ ਨਹੀਂ ਹੈ। ਅਤੇ ਨਾ ਹੀ ਜਿਵੇਂ ਕਿ ਸੂਤਰਧਾਰ ਆਖਦਾ ਹੈ, ਇਹ ਸੁਸਾਇਟੀ ਮੁਲਜ਼ਮ ਪੀੜਤ ਲੋਕਾਂ ਦੇ ਹੰਝੂ ਪੂੰਝਣ ਲਈ ਬਣਾਈ ਗਈ ਹੈ। ਇਹ ਸੁਸਾਇਟੀ ਤਾਂ ਕਾਨੂੰਨੀ ਅਫ਼ਸਰਸ਼ਾਹੀ ਦੁਆਰਾ ਸਤਾਏ ਗਏ ਲੋਕਾਂ ਦੀ ਸਹਾਇਤਾ ਲਈ ਵਕੀਲਾਂ ਦੀ ਇਕ ਸਮਾਜ-ਸੇਵੀ ਸੰਸਥਾ ਹੈ। ਇਸੇ ਲਈ ਜਦੋਂ ਰਾਮ ਨਾਥ ਸੁਸਾਇਟੀ ਨੂੰ ਕੇਸ ਲੈਣ ਲਈ ਅਪਰੋਚ ਕਰਦਾ ਹੈ ਤਾਂ ਹਰੀਸ਼ ਰਾਇ ਜੁਆਬ ਦਿੰਦਾ ਹੈ: ''ਸਾਰੇ ਦੋਸ਼ੀ ਫੜੇ ਜਾ ਚੁੱਕੇ ਹਨ। ਸਾਰੇ ਜੇਲ੍ਹ ਵਿਚ ਹਨ। ਦੱਸੋ ਪੀੜਤਾਂ ਨਾਲ ਕੀ ਧੱਕਾ ਹੋ ਰਿਹਾ ਹੈ।'' ਇਸੇ ਤਰ੍ਹਾਂ ਜਦੋਂ ਰਾਮ ਨਾਥ ਪੰਕਜ ਹੋਰਾਂ ਨੂੰ ਮਿਲਣ ਵਾਲੀਆਂ ਸਹੂਲਤਾਂ 'ਤੇ ਇਤਰਾਜ਼ ਕਰਦਾ ਹੈ ਕਿ ''ਉਹਨਾਂ ਨੂੰ ਪੁਲਿਸ ਹਿਰਾਸਤ ਵਿਚ ਵੀ ਫਾਈਵ ਸਟਾਰ ਹੋਟਲ ਵਾਲੀਆਂ ਸਹੂਲਤਾਂ ਪ੍ਰਾਪਤ ਹਨ।'' ਤਾਂ ਹਰੀਸ਼ ਰਾਇ ਜੁਆਬ ਦਿੰਦਾ ਹੈ: ''ਪਰ ਹਨ ਤਾਂ ਉਹ ਹਿਰਾਸਤ ਵਿਚ ਹੀ। ਮੇਰੀ ਰਾਇ ਅਨੁਸਾਰ ਕਾਨੂੰਨ ਠੀਕ ਰਾਹ ਤੁਰ ਰਿਹਾ ਹੈ। ਥੋੜ੍ਹੀਆਂ ਬਹੁਤ ਊਣਤਾਈਆਂ ਹਰ ਥਾਂ ਰਹਿ ਜਾਂਦੀਆਂ ਹਨ। ਜੇਕਰ ਇਹ ਗੱਲ ਸੱਚ ਹੁੰਦੀ ਜਿਵੇਂ ਕਿ ਬਿਰਤਾਂਤਕਾਰ ਆਖਦਾ ਹੈ ਕਿ ਇਹ ਸੰਸਥਾ ਮਾਨਵ ਅਧਿਕਾਰ ਸੰਗਠਨ ਦੇ ਪ੍ਰਭਾਵ ਥੱਲੇ ਆ ਕੇ ਮੁਲਜ਼ਮਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੇ ਖਿਲਾਫ਼ ਮੁਦਈ ਧਿਰਾਂ ਦੀ ਸਹਾਇਤਾ ਲਈ ਖੜ੍ਹੀ ਕੀਤੀ ਗਈ ਹੈ, ਤਾਂ ਹਰੀਸ਼ ਰਾਇ ਰਾਮ ਨਾਥ ਨੂੰ ਇਹ ਜੁਆਬ ਨਾ ਦਿੰਦਾ।

ਇਹ ਸੁਸਾਇਟੀ ਕਾਨੂੰਨੀ ਅਫ਼ਸਰਸ਼ਾਹੀ ਦੁਆਰਾ ਸਤਾਏ ਗਏ ਲੋਕਾਂ ਨੂੰ ਕੇਵਲ ਆਪਣੀਆਂ ਸੇਵਾਵਾਂ ਹੀ ਪ੍ਰਦਾਨ ਕਰਦੀ ਹੈ। ਅਜੇਹੇ ਕਾਨੂੰਨਾਂ ਦੇ ਖ਼ਿਲਾਫ਼ ਸੰਘਰਸ਼ ਨਹੀਂ ਕਰਦੀ ਜਿਹਨਾਂ ਦੀ ਆੜ ਵਿਚ ਕਾਨੂੰਨੀ ਅਫ਼ਸਰਸ਼ਾਹੀ ਲੋਕਾਂ ਨੂੰ ਸਤਾਉਂਦੀ ਹੈ। ਇਸੇ ਲਈ ਜਦੋਂ ਰਾਮ ਨਾਥ ਹਰੀਸ਼ ਰਾਇ ਨੂੰ ਕਹਿੰਦਾ ਹੈ ਕਿ ''ਆਈ.ਜੀ.(ਕਰਾਈਮ) ਪੰਕਜ ਅਤੇ ਨੀਰਜ ਨੂੰ ਨਿਰਦੋਸ਼ ਕਰਾਰ ਦੇ ਰਿਹਾ ਹੈ। ... ਜੇਕਰ ਸੁਸਾਇਟੀ ਸਾਥ ਦੇਵੇ ਤਾਂ ਮੁਲਜ਼ਮਾਂ ਨੂੰ ਬੇਕਸੂਰ ਕਰਾਰ ਦਿੱਤੇ ਜਾਣ ਤੋਂ ਰੋਕਿਆ ਜਾ ਸਕਦਾ ਹੈ।'' ਤਾਂ ਹਰੀਸ਼ ਰਾਇ ਜੁਆਬ ਦਿੰਦਾ ਹੈ:'' ਦੱਸੋ ਆਪਾਂ ਕਿਸ ਕਾਨੂੰਨ ਤਹਿਤ ਇਹ ਕਾਰਵਾਈ ਰੋਕਾਂਗੇ? ਅਦਾਲਤ ਤਫ਼ਤੀਸ਼ ਵਿਚ ਦਖ਼ਲ ਨਹੀਂ ਦੇ ਸਕਦੀ। ਤੁਹਾਡੀ ਨਜ਼ਰ ਵਿਚ ਕੋਈ ਨੁਕਤਾ ਹੈ ਤਾਂ ਦੱਸੋ। ਤੁਸੀਂ ਵਕੀਲ ਹੋ। ਕਾਨੂੰਨ ਜਾਣਦੇ ਹੋ।''

ਇਹ ਤਾਂ ਲਾਇਨ ਅਤੇ ਰੋਟਰੀ ਕਲੱਬ ਵਰਗੀਆਂ ਸੰਸਥਾਵਾਂ ਦੀ ਮਾਇਕ ਸਹਾਇਤਾ ਨਾਲ ਚੱਲ ਰਹੀ ਵਕੀਲਾਂ ਦੀ ਇਕ ਨਿਸ਼ਕਾਮ ਸੇਵਾ ਸੁਸਾਇਟੀ ਹੈ ਜਿਸਦਾ ਕੰਮ ਕਾਨੂੰਨੀ ਅਫ਼ਸਰਸ਼ਾਹੀ ਦੇ ਭ੍ਰਿਸ਼ਟਾਚਾਰ ਤੋਂ ਸਤੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਤੱਕ ਹੀ ਸੀਮਤ ਹੈ। ਇਸ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਨ ਵਾਲੀ ਸਮਾਜਕ-ਰਾਜਨੀਤਕ ਵਿਵਸਥਾ ਦੇ ਖਿਲਾਫ਼ ਲੜਨਾ ਇਸਦੇ ਸ਼ਾਇਦ ਏਜੰਡੇ ਵਿਚ ਸ਼ਾਮਿਲ ਨਹੀਂ ਹੈ। ਸ਼ਾਇਦ ਇਸੇ ਲਈ ਹਰਵਿੰਦਰ ਭੰਡਾਲ ਦੇ ਕਹਿਣ ਅਨੁਸਾਰ ਪੂਰੇ ਨਾਵਲ ਵਿਚ ਹੀ ਨਿਰਾਸ਼ਾ ਦਾ ਆਲਮ ਛਾਇਆ ਹੋਇਆ ਹੈ। ਰੌਸ਼ਨੀ ਦੀ ਲੀਕ ਵਰਗਾ ਕਿਧਰੇ ਕੁਝ ਵੀ ਨਹੀਂ ਹੈ। ਭਵਿੱਖੀ ਵਿਕਾਸ ਦਾ ਕੋਈ ਰਸਤਾ ਦਿਖਾਈ ਨਹੀਂ ਦਿੰਦਾ। ਭੰਡਾਲ ਦੀ ਇਸ ਧਾਰਨਾ ਨੂੰ ਸਾਬਤ ਕਰਨ ਲਈ ਹੀ ਸ਼ਾਇਦ ਨਾਵਲ ਨੂੰ ਇਸ ਤਰ੍ਹਾਂ ਨਾਲ ਸੰਪੰਨ ਕੀਤਾ ਗਿਆ ਹੈ: ''ਹੌਂਸਲਾ ਰੱਖ ਧੀਏ। ਇਸ ਅਦਾਲਤ ਦਾ ਫ਼ੈਸਲਾ ਅੰਤਮ ਨਹੀਂ"। ਆਪਾਂ ਉੱਪਰ ਅਪੀਲ ਕਰਾਂਗੇ। ਨੇਹਾ ਦਾ ਮਨ ਰੱਖਣ ਲਈ ਰਾਮ ਨਾਥ ਨੇ ਇਹ ਆਖਿਆ ਜ਼ਰੂਰੀ। ਉਂਝ ਉਸ ਨੂੰ ਪਤਾ ਸੀ ਉੱਪਰ ਵੀ ਇਹੋ ਕੁਝ ਹੋਣ ਵਾਲਾ ਸੀ।''

ਇਸ ਨਾਵਲ ਦਾ ਕੋਈ ਹੀਰੋ ਨਹੀਂ ਹੈ। ਸ਼ਾਇਦ ਇਸੇ ਲਈ ਪਾਠਕ ਇਸ ਨਾਵਲ ਦੇ ਕਿਸੇ ਵੀ ਪਾਤਰ ਨਾਲ ਅਭੇਦਤਾ ਸਥਾਪਤ ਨਹੀਂ ਕਰ ਪਾਉਂਦਾ। ਇਸ ਤਰ੍ਹਾਂ ਪਾਠਕ ਕੋਲ ਇਕ ਰਾਜਨੀਤਕ ਸਪੇਸ ਬਣੀ ਰਹਿੰਦੀ ਹੈ, ਜਿਸਨੂੰ ਉਹ ਆਪਣੀ ਸਿਰਜਣਾਤਮਕ ਆਜ਼ਾਦੀ ਨਾਲ ਭਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਇਸੇ ਕੋਸ਼ਿਸ਼ ਅਧੀਨ ਉਹ ਇਸ ਨਾਵਲ ਵਿਚ ਮੌਜੂਦ ਹਰ ਚੀਜ਼, ਹਰ ਘਟਨਾ, ਹਰ ਕਿਰਦਾਰ, ਹਰ ਐਕਸ਼ਨ, ਹਰ ਸੰਸਥਾ, ਹਰ ਸੋਚ ਅਤੇ ਹਰ ਸੱਚ ਨਾਲ ਕੇਵਲ ਟਕਰਾਉਂਦਾ ਹੀ ਨਹੀਂ, ਸਗੋਂ ਇਸ ਅਨਿਸ਼ਚਿਤਤਾ ਭਰਪੂਰ ਜੰਗਲ ਵਿਚੋਂ ਆਪਣਾ ਰਸਤਾ ਵੀ ਤਲਾਸ਼ਦਾ ਹੈ ਜੋ ਉਸਨੂੰ ਇਸ ਨਿਰਾਸ਼ਾਵਾਦੀ ਆਲਮ 'ਅੱਗੇ ਵੀ ਇਹੋ ਕੁੱਝ ਹੋਣ ਵਾਲਾ ਸੀ' ਵਿਚੋਂ ਬਾਹਰ ਕੱਢ ਸਕੇ।

# ਬਹੁਵਾਦੀ ਜਮਹੂਰੀਅਤ ਦੀ ਕ੍ਰਾਂਤੀਕਾਰੀ ਲਹਿਰ

ਡਾ. ਗੁਰਪਾਲ ਸਿੰਘ ਸੰਧੂ ਲਿਖਦੇ ਹਨ: " ਜਿੱਥੇ ਮਹਾਂਭਾਰਤ ਕੌਰਵਾਂ ਦੀ ਕਪਟ ਦੀ ਹਾਰ ਦੀ ਕਥਾ ਨੂੰ ਪੇਸ਼ ਕਰਦੀ ਹੈ, ਉਥੇ ਨਾਵਲ ਕੌਰਵ ਸਭਾ ਉਹਨਾਂ ਦੀ ਜਿੱਤ ਦੀ ਵਿਸ਼ੇਸ਼ਤਾ ਨੂੰ ਪੇਸ਼ ਕਰਦਾ ਹੈ।" ਪਰ ਜਿੱਤ ਤਾਂ ਕਿਸੇ ਦੀ ਵੀ ਨਹੀਂ ਹੁੰਦੀ। ਮੋਹਣ ਪਰਿਵਾਰ ਜਿਸਦਾ ਕਰੋੜਾਂ ਰੁਪਿਆ ਕੇਸ ਉੱਪਰ ਖ਼ਰਚ ਹੋ ਜਾਂਦਾ ਹੈ, ਕਾਰੋਬਾਰ ਤਬਾਹ ਹੋ ਜਾਂਦਾ ਹੈ ਅਤੇ ਹਵਾਲਾਤ ਵਿਚ ਨਰਕ ਭੋਗਦੇ ਹਨ, ਜੇਕਰ ਇਸ ਅੰਤਾਂ ਦੀ ਖੱਜਲ ਖੁਆਰੀ ਮਗ਼ਰੋਂ ਬਰੀ ਵੀ ਹੋ ਜਾਂਦੇ ਹਨ, ਤਾਂ ਇਸ ਨੂੰ ਉਹਨਾਂ ਦੀ ਜਿੱਤ ਨਹੀਂ ਆਖਿਆ ਜਾ ਸਕਦਾ। ਸ਼ਾਇਦ ਇਸੇ ਲਈ ਵੇਦ ਦੇ ਦੋਸਤ ਆਖਦੇ ਹਨ: "ਪੰਕਜ ਹੋਰਾਂ ਤੋਂ ਬਹੁਤਾ ਡਰਨ ਦੀ ਜਰੂਰਤ ਨਹੀਂ। ਉਹ ਪੇਸ਼ਾਵਰ ਮੁਜਰਿਮ ਨਹੀਂ ਸਨ। ਪਹਿਲਾਂ ਹੀ ਉਹਨਾਂ ਦੀ ਘੀਸੀ ਹੋ ਚੁੱਕੀ ਸੀ। ਮਸਾਂ ਉਹ ਬਾਹਰ ਆਏ ਸਨ। ਦੁਬਾਰਾ ਪੰਗਾ ਲੈਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣਗੇ। ਉਹਨਾਂ ਦੇ ਰਿਸ਼ਤੇਦਾਰ ਅਮੀਰ ਜ਼ਰੂਰ ਸਨ। ਪਰ ਉਹ ਉਹਨਾਂ ਨੂੰ ਦੁਬਾਰਾ ਇਹੋ ਜਿਹੇ ਸੰਗੀਨ ਜੁਰਮ ਵਿਚ ਫਸਣ ਦੀ ਸਲਾਹ ਨਹੀਂ ਦੇਣਗੇ।"

ਜੇਕਰ ਰਾਮ ਨਾਥ ਦੀ ਇਹ ਗੱਲ ਮੰਨ ਲਈਏ ਕਿ ਹਵਾਲਾਤ ਅਤੇ ਜੇਲ ਵਿਚ ਸਖ਼ਤੀਆਂ ਬਿਨਾ ਮਤਲਬ ਨਹੀਂ ਹੁੰਦੀਆਂ। ਇਹਨਾਂ ਪਿੱਛੇ ਸਿਧਾਂਤ ਕੰਮ ਕਰਦਾ ਹੈ। ਇਹ ਮੌਜੂਦਾ ਦੋਸ਼ੀ ਨੂੰ ਸਬਕ ਸਿਖਾਉਣ ਅਤੇ ਹੋਰਾਂ ਨੂੰ ਡਰਾਉਣ ਲਈ ਹੁੰਦੀਆਂ ਹਨ, ਤਾਂ ਕਹਿਣਾ ਪਵੇਗਾ ਕਿ ਪੰਕਜ ਹੋਰੀਂ ਸਬਕ ਸਿਖ ਚੁੱਕੇ ਹਨ। ਕੇਵਲ ਵੇਦ ਪਰਿਵਾਰ ਹੀ ਨਹੀਂ, ਪੰਕਜ ਹੋਰੀਂ ਵੀ ਵਿਕਟਮ ਹਨ। ਉਹ ਸਟੇਟ ਮਸ਼ੀਨਰੀ ਦੇ ਵਿਕਟਮ ਹਨ। ਸਟੇਟ ਮਸ਼ੀਨਰੀ ਅਗਾਂਹ ਬਿਊਰੋ ਕਰੰਸੀ ਦੀ ਅਤੇ ਬਿਓਰੋਕਰੇਸੀ ਭ੍ਰਿਸ਼ਟਾਚਾਰ ਦੀ। ਭ੍ਰਿਸ਼ਟਾਚਾਰ ਹਉਮੈ, ਲਾਲਸਾ, ਖਪਤਕਾਰੀ ਆਦਿ ਦਾ। ਤੇ ਇਹ ਸਭ ਵਿਅਕਤੀਵਾਦ ਦੇ ਸ਼ਿਕਾਰ ਹਨ।

ਸਭ ਦੀ ਹਾਰ ਹੋਈ ਹੈ। ਵੇਦ ਪਰਿਵਾਰ ਦੀ, ਮੋਹਨ ਪਰਿਵਾਰ ਦੀ, ਇਨਸਾਫ ਦੀ, ਸਿਸ਼ਟਤਾ ਦੀ, ਕੁਸ਼ਲਤਾ ਦੀ, ਭਾਈਚਾਰਕ ਕਦਰਾਂ ਕੀਮਤਾਂ ਦੀ, ਸਮਾਜਿਕ ਰਿਸ਼ਤਿਆਂ ਦੀ, ਮਾਨਵ ਅਧਿਕਾਰਾਂ ਦੀ, ਵਿਕਾਸ ਦੀ, ਸਟੇਟ ਅਪਰੇਟਿਸ ਦੀ, ਜਮਹੂਰਿਅਤ ਦੀ, ਏਕਤਾ ਦੀ, ਸਾਂਝੀਵਾਲਤਾ ਦੀ, ਬਾਰਬਰੀ ਦੀ। ਕੇਵਲ ਇਨਸਾਫ ਦੀ ਦਰੋਪਦੀ ਹੀ ਨਹੀਂ, ਸਭ ਦਰੋਪਦੀਆਂ ਨੰਗੀਆਂ ਹੋਈਆਂ ਹਨ। ਇਹ ਹੈ ਸਥਿਤੀ ਦੀ ਅਸਲ ਵਿਡੰਬਣਾਂ।

ਡਾ. ਬਲਦੇਵ ਸਿੰਘ ਧਾਲੀਵਾਲ ਇਸ ਨਾਵਲ ਵਿਚ 'ਫਾਰਸ ਬਣ ਚੁੱਕੀ ਇਸ ਪਰਣਾਲੀ ਦੇ ਦੁਖਾਂਤਕ ਬੋਧ ਅਤੇ ਉਸ ਵਿਵੱਸਥਾ ਤੋਂ ਵਿਸ਼ਵਾਸ ਗਵਾ ਚੁੱਕੇ ਪੀੜਤ ਵਿਅਕਤੀਆਂ ਦੇ ਖ਼ਲਾਅ ਵਿਚ ਲਟਕੇ ਹੋਣ ਦੀ ਤ੍ਰਾਸਦਿਕ ਚੇਤਨਾ ਨੂੰ ਵਿਡੰਬਣਾਂ ਦੇ ਰੂਪ ਵਿਚ ਪਛਾਣਦੇ ਹਨ। ਦਸਤਾਵੇਜ਼ੀ ਪ੍ਰਮਾਣਿਕਤਾ ਅਤੇ ਵਿਅੰਗ ਦੇ ਵਿਡੰਬਣਾਂ ਦੇ ਰੁਪਾਂਤਰਣ ਦੇ ਰੂਪ ਵਿਚ। ਪਰ ਡਾ. ਕੇਸਰ ਸਿੰਘ ਕੇਸਰ ਇਸ ਨੂੰ ਦਵੰਦ ਯੁੱਧ ਦੇ ਰੂਪ ਵਿਚ ਦੇਖਦੇ ਹਨ : "ਕੌਰਵ ਸਭਾ ਦੀ ਵਿਧੀ ਦਵੰਦ ਦੀ ਵਿਧੀ ਹੈ। ਇਸ ਦਾ ਵਿਸ਼ਾ ਵਸਤੂ ਦਵੰਦ ਯੁੱਧ ਹੈ, ਇਸ ਲਈ ਵਿਧੀ ਵਾਰ ਦੇ ਬਿਰਤਾਂਤ ਨਾਲ ਮਿਲਦੀ ਜੁਲਦੀ ਹੈ। ਪੰਜਾਬੀ ਦੇ ਬਹੁਤੇ ਨਾਵਲ ਕਿੱਸਾ ਬਿਰਤਾਂਤ ਦੀ ਵਿਧੀ ਅਨੁਸਾਰ ਰਚੇ ਗਏ ਹਨ। ਪਰ ਮੀਤ ਦਾ ਇਹ ਨਾਵਲ ਵਾਰ ਦੀ ਵਿਧੀ ਦਾ ਨਾਵਲ ਹੈ।" ਜੇਕਰ ਵਾਰ ਦੀ ਵਿਧੀ ਨਹੀਂ ਤਾਂ ਜੰਗ ਨਾਮੇ ਦੀ ਵਿਧੀ ਇਸ ਨਾਵਲ ਵਿੱਚੋਂ ਅਵੱਸ਼ ਹੀ ਪਹਿਚਾਣੀ ਜਾ ਸਕਦੀ ਹੈ।

ਸ਼ਾਹ ਮੁਹੰਮਦ ਦੇ ਜੰਗ ਨਾਮੇ ਦਾ ਨਾਇਕ ਮਹਾਰਾਜਾ ਰਣਜੀਤ ਸਿੰਘ ਇਸਦੇ ਬਿਰਤਾਂਤ ਜਿਵੇਂ ਗ਼ੈਰ ਹਾਜ਼ਰ ਰਹਿੰਦਾ ਹੈ। ਸਿੰਘਾਂ ਅਤੇ ਫਿਰੰਗੀਆਂ ਦਾ ਸਾਰਾ ਦਵੰਦ-ਯੁੱਧ ਉਸ ਨਾਇਕ ਦੀ ਗੈਰ ਹਾਜ਼ਰੀ ਕਾਰਣ ਪੈਦਾ ਹੋਈ ਸਥਿਤੀ ਦਾ ਬਿਆਨ ਕਰਨ ਉੱਪਰ ਲੱਗਾ ਰਹਿੰਦਾ ਹੈ। ਬਿਲਕੁਲ ਇਸੇ ਤਰ੍ਹਾਂ ਕੌਰਵ ਸਭਾ ਦਾ ਬਿਰਤਾਂਤ ਵੀ ਨਾਇਕ ਦੀ ਗੈਰ ਹਾਜ਼ਰੀ ਵਿਚ ਪੰਜਾਬ ਦੀ ਵਿਡੰਬਣਾ ਨੂੰ ਬਿਆਨਦਾ ਹੈ।

ਜੇਕਰ ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਦੇ ਅਤੇ ਸ਼ਾਹ ਮੁਹੰਮਦ ਦੇ ਜੰਗ ਨਾਮੇ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੇ ਦਵੰਦ ਯੁੱਧ ਰਾਹੀਂ ਪੰਜਾਬ ਦੀ ਤ੍ਰਾਸਦਿਕ ਚੇਤਨਾ ਪੇਸ਼ ਕੀਤੀ ਗਈ ਹੈ, ਤਾਂ ਕੌਰਵ ਸਭਾ ਵਿਚ ਪੰਜਾਬ ਦੀ ਅਜੇਹੀ ਤ੍ਰਾਸਦਿਕ ਸਥਿਤੀ ਨੂੰ ਬਿਆਨ ਕਰਨ ਲਈ ਨਾਇਕ ਦੀ ਗੈਰ ਹਾਜ਼ਰੀ ਰਾਹੀਂ ਮੋਹਨ ਪਰਿਵਾਰ ਅਤੇ ਵੇਦ ਪਰਿਵਾਰ ਦੇ ਦਵੰਦ ਯੁੱਧ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਕਰਕੇ ਜਿਵੇਂ ਕਿ ਡਾ. ਸਤਿੰਦਰ ਸਿੰਘ ਨੂਰ ਕਹਿੰਦੇ ਹਨ ਕਿ ਨਾਵਲਕਾਰ ਇਸ ਸਮਾਜਕ ਤ੍ਰਾਸਦੀ ਦੇ ਅਵਚੇਤਨ ਨੂੰ ਕੇਵਲ ਮਹਾਂਭਾਰਤ ਤੱਕ ਲਿਜਾਣ ਦਾ ਹੀ ਕੰਮ ਨਹੀਂ ਕਰਦਾ, ਸਗੋਂ ਸਾਡੇ ਅਵਚੇਤਨ ਵਿਚ ਪਏ ਇਸ ਵਿਗਾੜ ਨੂੰ ਪਹਿਚਾਨਣ ਦਾ ਯਤਨ ਵੀ ਕਰਦਾ ਹੈ: "ਇਉਂ ਨਾਵਲਕਾਰ ਇਸ ਸਮਾਜਕ ਤ੍ਰਾਸਦੀ ਦੇ ਅਵਚੇਤਨ ਨੂੰ ਮਹਾਂਭਾਰਤ ਤੱਕ ਲੈ ਜਾਂਦਾ ਹੈ। ਵਿਗਾੜ ਅਤੇ ਭ੍ਰਿਸ਼ਟਾਚਾਰ ਉਸੇ ਮਿੱਥ ਤੱਕ ਪਿਆ ਹੈ ਜਿਸ ਨੇ ਸਾਡੇ ਅਵਚੇਤਨ ਨੂੰ ਬਣਾਇਆ ਹੈ।"

ਡਾ. ਗੁਰਪਾਲ ਸਿੰਘ ਸੰਧੂ ਇਸ ਨੂੰ ਮਾਲਕ, ਮਲਕੀਅਤ ਅਤੇ ਹਿਰਸਾਂ ਨਾਲ ਲਬਰੇਜ਼ ਮਾਨਵੀ ਸਥਿਤੀ' ਦੇ ਰੂਪ ਵਿਚ ਪਹਿਚਾਣਦੇ ਹਨ। ਇਸੇ ਲਈ ਉਹ ਲਿਖਦੇ ਹਨ: "ਇਹ ਨਾਵਲ ਮਹਾਂਭਾਰਤ ਦੀ ਕਥਾ ਨੂੰ ਆਧਾਰ ਨਹੀਂ ਬਣਾਉਂਦਾ, ਸਗੋਂ (ਮਾਲਕ, ਮਲਕੀਅਤ ਅਤੇ ਹਿਰਸਾਂ ਨਾਲ ਭਰਪੂਰ ਉਸ ਮਾਨਵੀ ਸਥਿਤੀ ਨੂੰ ਆਧਾਰ ਬਣਾਉਂਦਾ ਹੈ, ਜਿਸ ਨੂੰ ਕਿਸੇ ਜ਼ਮਾਨੇ ਵਿਚ ਮਹਾਂਭਾਰਤ ਵਰਗਾ ਮਹਾਂਕਾਵਿ ਲਿਖਣ ਲਈ ਰਿਸ਼ੀ ਵਿਆਸ ਨੇ ਬਣਾਇਆ ਸੀ।" ਡਾ. ਟੀ.ਆਰ.ਵਿਨੋਦ ਇਸ ਨੂੰ ਨਿੱਜੀ ਸੰਪਤੀ ਦੀ ਉਤਪਤੀ ਦੇ ਰੂਪ ਵਿਚ ਦੇਖਦੇ ਹਨ: "ਇੱਕੋ ਕੁੱਲ ਦੇ ਦੋ

ਪਰਿਵਾਰਾਂ ਦੀ ਸੰਤਾਨ ਵਿਚ ਛਿੜਿਆ ਇਹ ਮਹਾਂਯੁੱਧ, ਸੰਪੰਨ ਅਤੇ ਵਿਪੰਨ ਵਰਗਾਂ ਵਿਚਲੇ ਅੰਤਰ ਵਰਗੀ ਸੰਘਰਸ਼ ਦਾ ਪ੍ਰਤੀਕ ਨਹੀਂ, ਸਗੋਂ ਨਿੱਜੀ ਸੰਪਤੀ ਦੀ ਸੰਸਥਾ ਦੀ ਉਤਪਤੀ ਉਪਰੰਤ ਸੰਪਤੀ ਦੀ ਪਰਿਵਾਰਕ ਵੰਡ ਲਈ ਛਿੜਿਆ ਯੁੱਧ ਹੈ।” ਜਦੋਂ ਆਪਾਂ ਆਖਿਆ ਸੀ ਕਿ ਵੇਦ ਪਰਿਵਾਰ ਪੰਕਜ ਹੋਰਾਂ ਦਾ ਸ਼ਿਕਾਰ ਹੈ, ਪੰਕਜ ਹੋਰੀ. ਸਟੇਟ ਮਸ਼ੀਨਰੀ ਦੇ, ਸਟੇਟ ਮਸ਼ੀਨਰੀ ਬਿਊਰੋਕਰੇਸੀ ਦੀ, ਬਿਊਰੋਕਰੇਸੀ ਭ੍ਰਿਸ਼ਟਾਚਾਰ ਦੀ, ਭ੍ਰਿਸ਼ਟਾਚਾਰ ਲਾਲਸਾ ਦਾ ਅਤੇ ਲਾਲਸਾ ਵਿਅਕਤੀਵਾਦ ਦੀ, ਤਾ ਆਪਾਂ ਇਸਨੂੰ ਵਿਅਕਤੀਵਾਦ ਦੇ ਰੂਪ ਵਿਚ ਪਹਿਚਾਣ ਰਹੇ ਸੀ। ਦਰਅਸਲ ਨਿੱਜੀ ਸੰਪਤੀ ਬਨਾਉਣ ਲਈ ਲਾਲਸਾ ਪੈਦਾ ਕਰਨ ਵਾਲੀ ਭਾਵਨਾ ਹੀ ਵਿਅਕਤੀਵਾਦ ਜਾਂ ਨਿੱਜਵਾਦ ਹੈ। ਸੋ ਇਹ ਵਿਅਕਤੀਵਾਦ ਹੀ ਹੈ ਜੋ ਮਹਾਂਭਾਰਤ ਵਿਚ ਕੌਰਵਾਂ ਅਤੇ ਪਾਂਡਵਾਂ ਦੇ, ਸ਼ਾਹ ਮੁਹੰਮਦ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੇ, ਅਤੇ ਕੌਰਵ ਸਭਾ ਵਿਚ ਮੋਹਨ ਪਰਿਵਾਰ ਅਤੇ ਵੇਦ ਪਰਿਵਾਰ ਦੇ ਦਵੰਦ ਯੁੱਧ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

ਦਿਲਚਸਪ ਗੱਲ ਤਾਂ ਇਹ ਹੈ ਕਿ ਇਹ ਵਿਅਕਤੀਵਾਦ ਜਾਂ ਨਿੱਜਵਾਦ ਕੇਵਲ ਨਿੱਜੀ ਸੰਪਤੀ ਬਨਾਉਣ ਦੀ ਲਾਲਸਾ ਜਾਂ ਨਿੱਜੀ ਵਿਕਾਸ ਨਾਲ ਹੀ ਨਹੀਂ ਜੁੜਿਆ ਹੋਇਆ, ਨਿੱਜੀ ਆਜ਼ਾਦੀ ਨਾਲ ਵੀ ਜੁੜਿਆ ਹੋਇਆ ਹੈ। ਇਹ ਨਿੱਜੀ ਆਜ਼ਾਦੀ ਅਤੇ ਬਹੁਵਾਦ, ਇਸ ਤਰ੍ਹਾਂ ਇੱਕ ਦੂਜੇ ਦੇ ਅਨਿਖੜਵੇਂ ਅੰਗ ਬਣ ਕੇ ਉਦਾਰਵਾਦੀ ਭਾਵਨਾ ਪੈਦਾ ਕਰਦੇ ਹਨ। ਮਾਨਵ ਵਿਕਾਸ ਦੀ ਇਕ ਮਹੱਤਵਪੂਰਨ ਅਧਾਰਸ਼ਿਲਾ ਦੇ ਰੂਪ ਵਿਚ। ਅੱਜ ਅਸੀਂ ਇਸੇ ਉਦਾਰਵਾਦੀ ਭਾਵਨਾ ਨੂੰ ਆਰਥਕ ਉਦਾਰੀਕਰਨ ਦੇ ਪ੍ਰਾਈਵੇਟ ਖੇਤਰ ਨਾਲ ਜੋੜ ਕੇ ਵੇਖਦੇ ਹਾਂ। ਇਸ ਤਰ੍ਹਾਂ ਅਜੋਕੇ ਵਿਸ਼ਵੀਕਰਣ ਪਿੱਛੇ ਵੀ ਇਹੋ ਉਦਾਰਵਾਦੀ ਭਾਵਨਾ ਕੰਮ ਕਰਦੀ ਨਜ਼ਰ ਆ ਰਹੀ ਹੈ।

ਇਹ ਨਾਵਲ ਇਕ ਅਜੇਹੇ ਉਦਾਰ ਜਮਹੂਰੀ ਰਾਜ ਦੀ ਕਥਾ ਪੇਸ਼ ਕਰਦਾ ਹੈ, ਜਿਸਦਾ ਸਾਰਾ ਬਿਰਤਾਂਤ ਇਸਦੇ ਜਮਹੂਰੀ ਪੱਖ ਦੀ ਗੈਰਹਾਜ਼ਰੀ ਰਾਹੀਂ ਉਸਾਰਿਆ ਗਿਆ ਹੈ। ਜੇਕਰ ਗੈਰਹਾਜ਼ਰ ਕਹਿਣਾ ਠੀਕ ਨਹੀਂ, ਕਿਉਂਕਿ ਇਸ ਨਾਵਲ ਵਿਚ ਮੁੱਖ ਮੰਤਰੀ, ਐਮ.ਐਲ.ਏ. ਵਿਰੋਧੀ ਧਿਰ ਆਦਿ ਦੀਆਂ ਜਮਹੂਰੀ ਸੰਸਥਾਵਾਂ ਵੀ ਪੇਸ਼ ਹੁੰਦੀਆਂ ਹਨ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਨਾਵਲ ਵਿਚ ਪੇਸ਼ ਰਾਜਸੀ ਸਮਾਜ ਦਾ ਕਿਸੇ ਹੱਦ ਤੱਕ ਜਮਹੂਰੀਕਰਣ ਤਾਂ ਹੋਇਆ ਹੈ, ਪਰ ਉਸ ਥੋੜ੍ਹੀ ਜਿੰਨ੍ਹੀ ਜਮਹੂਰੀਅਤ ਦਾ ਵੀ ਉਦਾਰੀਕਰਣ ਹੋ ਗਿਆ ਹੈ। ਭਾਵ ਕਿ ਇਸ ਨਾਵਲ ਵਿਚ ਪੇਸ਼ ਹੋਣ ਵਾਲੀ ਜਮਹੂਰੀਅਤ ਨੇਤਾਵਾਂ ਦੇ ਨਿੱਜੀ ਕੰਪੀਟੀਸ਼ਨ ਤੋਂ ਵੱਧ ਹੋਰ ਕੁੱਝ ਵੀ ਨਹੀਂ ਰਹਿ ਗਈ। ਜਨਤਾ ਦੀਆਂ ਵੋਟਾਂ ਲਈ ਕੰਪੀਟੀਸ਼ਨ ਤੱਕ ਸੀਮਤ ਹੋ ਕੇ ਰਹਿ ਗਈ ਹੈ।

ਉਦਾਰ ਜਮਹੂਰੀਅਤ ਦੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਉਦਾਰ ਜਮਹੂਰੀਅਤ ਦੇ ਉਦਾਰਵਾਦੀ ਅਤੇ ਜਮਹੂਰੀ ਪੱਖਾਂ ਵਿਚਕਾਰ ਹਮੇਸ਼ਾ ਹੀ ਇਕ ਜ਼ਬਰਦਸਤ ਟਕਰਾਅ ਰਿਹਾ ਹੈ। ਇਹ ਟਕਰਾਅ ਉਦਾਰਵਾਦ ਦੀ ਬਹੁਤਵਾਦੀ, ਨਿੱਜਵਾਦੀ ਅਤੇ ਸੁਤੰਤਰ ਭਾਵਨਾ ਉੱਪਰ ਟਿਕੀ ਸੋਚ ਅਤੇ ਜਮਹੂਰੀਅਤ ਦੇ ਏਕਤਾ, ਭਾਈਚਾਰੇ ਅਤੇ ਬਰਾਬਰੀ ਵਰਗੇ ਸਿਧਾਂਤਾਂ ਵਿਚਕਾਰ ਹੈ। ਜਦੋਂ ਕਿ ਉਦਾਰਵਾਦ ਵੱਖੋ ਵੱਖਰੀਆਂ ਧਿਰਾਂ ਜਾਂ ਵਿਅਕਤੀਆਂ ਦੀ ਸਮਾਨੰਤਰ ਸੋਚ ਨੂੰ ਉਤਸਾਹਿਤ ਕਰਦਾ ਹੈ, ਉਥੇ ਦੂਸਰੇ ਪਾਸੇ ਜਮਹੂਰੀ ਸਮਾਜ ਆਪਣੀ ਸਮਾਜਕ ਅਤੇ ਰਾਜਨੀਤਕ ਏਕਤਾ ਉੱਪਰ ਟਿਕਿਆ ਹੁੰਦਾ ਹੈ। ਜਮਹੂਰੀ ਸਮਾਜ ਦੀ ਇਹ ਸਮਾਜਕ-ਰਾਜਨੀਤਕ ਏਕਤਾ ਜੋ ਸਮਾਜਕ ਭਲਾਈ ਦੀ ਇਕ ਸਾਂਝੀ ਧਾਰਨਾ ਉੱਪਰ ਟਿਕੀ ਹੁੰਦੀ ਹੈ, ਉਸ ਸਮਾਜ ਅੰਦਰ ਮੌਜੂਦ ਸਮਾਜਕ ਭਲਾਈ ਦੀਆਂ ਵਿਭਿੰਨ ਧਾਰਨਾਵਾਂ ਦੀ ਸਮਾਨੰਤਰਤਾ ਨੂੰ ਸੱਟ ਮਾਰਦੀ ਹੈ ਕਿਉਂਕਿ ਸਮਾਜਕ ਭਲਾਈ ਦੀ ਕਿਸੇ ਇੱਕ ਧਾਰਨਾ ਉੱਪਰ ਸਹਿਮਤੀ, ਦੂਸਰੀਆਂ ਧਾਰਨਾਵਾਂ ਦੀ ਵਰਜਨਾ (ਐਕਸਕਲੂਯਨ) ਉੱਪਰ ਟਿਕੀ ਹੁੰਦੀ ਹੈ।

ਦੂਸਰਾ ਵਿਰੋਧ ਹੈ, ਉਦਾਰਵਾਦ ਦੇ ਵਿਅਕਤੀਵਾਦ ਅਤੇ ਜਮਹੂਰੀਅਤ ਦੀ ਭਾਈਚਾਰਕਤਾ ਵਿਚਕਾਰ। ‘ਅਸੀ’ ਦੀ ਧਾਰਨਾ ‘ਉਹਨਾਂ’ ਦੀ ਵਰਜਨਾ (ਐਕਸਕਲੂਯਨ) ਉੱਪਰ ਟਿਕੀ ਹੁੰਦੀ ਹੈ, ਇਸ ਲਈ ਕੋਈ ਵੀ ਭਾਈਚਾਰਾ ਸਰਵ ਸੰਮਿਲਤ ਅਤੇ ਇਕ ਸਾਰ ਨਹੀਂ ਹੋ ਸਕਦਾ। ਉਦਾਰਵਾਦੀ ਸੋਚ ਜਿਸ ਮੁਤਾਬਕ ਵਿਅਕਤੀ ਸਮਾਜਕ ਕਾਰਜ ਦਾ ਆਰੰਭ ਵੀ ਹੁੰਦਾ ਹੈ ਅਤੇ ਲਕਸ਼ ਵੀ, ਭਲਾ ਜਮਹੂਰੀਅਤ ਦੀ ਭਾਈਚਾਰਕਤਾ ਨਾਲ ਕਿਵੇਂ ਮੇਲ ਖਾ ਸਕਦਾ ਹੈ। ਇਸ ਤਰ੍ਹਾਂ ਵਿਅਕਤੀਗਤ ਆਜ਼ਾਦੀ ਦਾ ਉਦਾਰਵਾਦੀ ਸਿਧਾਂਤ ਜਮਹੂਰੀਅਤ ਦੇ ਬਰਾਬਰੀ ਦੇ ਸਿਧਾਂਤ ਨਾਲ ਵੀ ਮੇਲ ਨਹੀਂ ਖਾ ਸਕਦਾ ਜਦੋਂ ‘ਜੋ ਚਾਹੋ ਕਰੋ’ ਦੀ ਆਜ਼ਾਦੀ ਕੇਵਲ ਸਾਡੇ ਕੋਲ ਹੀ ਨਹੀਂ, ਦੂਸਰਿਆਂ ਕੋਲ ਵੀ ਹੋਵੇਗੀ। ਫੇਰ ਇਸ ਘੜਮੱਸ ਨੂੰ ਬਰਾਬਰੀ ਉੱਪਰ ਅਧਾਰਿਤ ਭਾਈਚਾਰਕ ਏਕਤਾ ਵਿਚ ਕਿਵੇਂ ਬੰਨ੍ਹਿਆ ਜਾ ਸਕਦਾ ਹੈ। ਨਾਲੇ ਫੇਰ ਵਿਅਕਤੀ ਦੀ ਹੋਂਦ ਉਸਦੇ ਕਾਰਜਾਂ ਅਤੇ ਵਿਚਾਰਾਂ ਤੱਕ ਹੀ ਸੀਮਤ ਨਹੀਂ ਹੁੰਦੀ। ਇਸ ਵਿਚ ਉਸਦੀ ਸਾਰੀ ਮਲਕੀਅਤ ਭਾਵ ਸਰੀਰ, ਸਮਰੱਥਾ, ਨਿੱਜੀ ਜਾਇਦਾਦ, ਅੱਗੇ ਵਧਣ ਦੀ ਚਾਹਤ, ਵਧੇਰੇ ਮਾਲ ਇਕੱਠਾ ਕਰਨ ਦੀ ਲਾਲਸਾ ਆਦਿ ਕਿੰਨਾ ਕੁਝ ਹੀ ਸ਼ਾਮਲ ਹੁੰਦਾ ਹੈ। ਇਸੇ ਲਈ ਵਿਅਕਤੀ ਦੀ ਅਜ਼ਾਦੀ ਉਸਦੀ ਸਾਰੀ ਮਲਕੀਅਤ ਦੇ ਸਰਕਾਰੀ ਅਦਾਰਿਆਂ ਅਤੇ ਅਹੁਦੇਦਾਰਾਂ ਦੀ ਦਖ਼ਲਅੰਦਾਜ਼ੀ ਤੋਂ ਮੁਕਤੀ ਨਾਲ ਹੀ ਸੰਭਵ ਹੋ ਸਕਦੀ ਹੈ। ਇਹ ਮਾਲਕੀ ਦੀ ਆਜ਼ਾਦੀ, ਸਰਕਾਰੀ ਦਖ਼ਲ ਦੀ ਗੈਰਹਾਜ਼ਰੀ ਵਿਚ, ਆਪਣੇ ਨੰਗੇ ਸੁਆਰਥ ਰਾਹੀਂ ਜਿਸ ਲੁੱਟ ਖਸੁੱਟ ਨੂੰ ਜਨਮ ਦੇਵੇਗੀ, ਉਸਦਾ ਜਮਹੂਰੀਅਤ ਦੇ ਸਮਾਜਕ ਬਰਾਬਰੀ ਦੇ ਸਿਧਾਂਤ ਨਾਲ ਕਿਵੇਂ ਮੇਲ ਹੋਵੇਗਾ। ਸੋ ਵਿਅਕਤੀਗਤ ਵੱਖਰੇਵਿਆਂ ਅਤੇ ਅੰਤਰਾਂ ਉੱਪਰ ਅਧਾਰਿਤ ਉਦਾਰਵਾਦੀ ਤਰਕ ਅਤੇ ਭਾਈਚਾਰਕ ਬਰਾਬਰੀ ਉੱਪਰ ਅਧਾਰਿਤ ਜਮਹੂਰੀ ਤਰਕ ਵਿਚਕਾਰ ਅਨਿਸ਼ਚਤਤਾ ਦੀ ਇੱਕ ਖਿੱਚੋਤਾਣ ਬਣੀ ਰਹਿੰਦੀ ਹੈ। ਇਹ ਖਿੱਚੋਤਾਣ ਜਿਸ ਸਿਆਸੀ ਸਰਗਰਮੀ ਨੂੰ ਜਨਮ ਦਿੰਦੀ ਹੈ, ਉਹ ਸਿਆਸੀ ਸਰਗਰਮੀ ਹੀ ਉਦਾਰ ਜਮਹੂਰੀਅਤ ਨੂੰ ਜੀਵੰਤ ਅਤੇ ਪੁਖਤਾ ਬਣਾਈ ਰੱਖਦੀ ਹੈ।

ਇਸ ਨਾਵਲ ਦਾ ਸਾਰਾ ਬਿਰਤਾਂਤ ਇਸ ਖਿੱਚੋਤਾਣ ਉੱਪਰ ਹੀ ਟਿਕਿਆ ਹੋਇਆ ਹੈ। ਕਦੀ ਭਾਈਚਾਰਕਤਾ ਹਾਵੀ ਹੋ ਜਾਂਦੀ ਹੈ, ਕਦੀ ਵਿਅਕਤੀਵਾਦ। ਉਦਾਹਰਣ ਦੇ ਤੌਰ ਤੇ ਮੋਹਨ ਪਰਿਵਾਰ ਅਤੇ ਵੇਦ ਪਰਿਵਾਰ ਵਿਚਕਾਰ ਸਹਿਯੋਗ ਉੱਪਰ ਅਧਾਰਿਤ ਭਾਈਚਾਰੇ ਨੇ ਉਹਨਾਂ ਦੋਹਾਂ ਪਰਿਵਾਰਾਂ ਨੂੰ ਰੰਗੀ ਵਸਣ ਲਾ ਦਿੱਤਾ ਸੀ: "ਮੋਹਨ ਵੇਦ ਨੂੰ ਜੋ ਜ਼ਿੰਮੇਵਾਰੀ ਸੌਂਪਦਾ ਉਹ ਉਸ ਨੂੰ ਪੂਰੀ ਇਮਾਨਦਾਰੀ ਨਾਲ ਸਿਰੇ ਚੜ੍ਹਾਉਂਦਾ ਰਿਹਾ। ਮੋਹਨ ਜਿੱਥੇ ਆਖਦਾ ਵੇਦ ਅੱਖਾਂ ਮੀਚ ਕੇ ਦਸਤਖ਼ਤ ਕਰ ਦਿੰਦਾ। ਬਦਲੇ ਵਿਚ ਮੋਹਨ ਉਸ ਨੂੰ ਹਿੱਸੇ ਆਉਂਦਾ ਮੁਨਾਫ਼ਾ ਬਿਨਾ ਕਿਸੇ ਘਾਟ ਵਾਧ ਦੇ ਦਿੰਦਾ ਰਿਹਾ। ... ਦੋਵੇਂ ਪਰਿਵਾਰ ਰੰਗਾਂ ਵਿਚ ਵਸਦੇ ਸਨ।" ਪਰ ਜਦੋਂ ਸਾਂਝੇ ਕੰਮ ਵਿਚ ਘਾਟਾ ਪੈਂਦਾ ਹੈ ਤਾਂ ਪ੍ਰਤਿਯੋਗ ਉੱਪਰ ਅਧਾਰਿਤ ਵਿਅਕਤੀਵਾਦ ਹਾਵੀ ਹੋ ਜਾਂਦਾ ਹੈ : "ਪਰ ਨੀਲਮ ਨੂੰ, ਇੰਨਾ ਘਾਟਾ ਕਿਵੇਂ ਪਿਆ, ਇਹ ਸਮਝ ਨਹੀਂ ਸੀ ਆ ਰਹੀ। ਮੋਹਨ ਲਾਲ ਤੇ ਭਰੋਸਾ ਕੀਤਾ ਜਾ ਸਕਦਾ ਸੀ। ਪਰ ਮਾਇਆ ਨਗਰ ਦੀ ਆਬੋ ਹਵਾ ਵਿਚ ਪੱਲੇ ਭਤੀਜਿਆਂ ਉੱਪਰ ਐਨੀ ਸ਼ਰਧਾ ਨਹੀਂ ਸੀ ਰੱਖੀ ਜਾ ਸਕਦੀ।" ... ਉਹ ਸਵੇਰੇ ਸ਼ਾਮ ਵੇਦ ਨੂੰ ਤੁੰਨਣ ਲੱਗਦੀ ਕਿ ਉਹ ਭਤੀਜਿਆਂ ਤੋਂ ਹਿਸਾਬ ਤਾਂ ਲਵੇ। .. ਨੀਲਮ ਨੇ ਗੁੱਸੇ ਦਾ ਇਜ਼ਹਾਰ ਆਪਣੇ ਢੰਗਾ ਨਾਲ ਕਰਨਾ ਸ਼ੁਰੂ ਕਰ ਦਿੱਤਾ। ਨਤੀਜਿਆਂ ਦੀ ਹੇਰਾਫੇਰੀ ਦੀ ਸ਼ਿਕਾਇਤ ਪਹਿਲਾਂ ਉਸਨੇ ਦੂਰ ਦੇ ਰਿਸ਼ਤੇਦਾਰਾਂ ਕੋਲ ਕੀਤੀ। ਫੇਰ ਨੇੜੇ ਦੇ ਦੋਸਤਾਂ ਮਿੱਤਰਾਂ ਕੋਲ।.. ਪਰ ਜਦੋਂ ਇਹ ਗੱਲ ਪੰਕਜ ਦੇ ਸਹੁਰਿਆਂ ਤੱਕ ਅੱਪੜੀ ਅਤੇ ਫੇਰ ਸਹੁਰਿਆਂ ਰਾਹੀਂ ਪੰਕਜ ਕੋਲ.. ਤਾਂ ਮੁੰਡੇ ਇੱਕੋ ਜ਼ਿੱਦ ਫੜ ਕੇ ਬੈਠ ਗਏ। ਇਕੱਠ ਕਰੋ। ਹਿਸਾਬ ਕਿਤਾਬ ਮੂੰਹ ਤੇ ਮਾਰੋ। ਸਾਂਝੇ ਕਾਰੋਬਾਰ ਬੰਦ ਕਰੋ।"

ਪਰ ਵਿਅਕਤੀਵਾਦ ਅਤੇ ਭਾਈਚਾਰਕਤਾ ਨੂੰ ਮਾਇਆ ਨਗਰੀ ਅਤੇ ਅਮਾਇਆ ਨਗਰੀ ਦੀਆਂ ਵਿਰੋਧੀ ਕਦਰਾਂ ਕੀਮਤਾਂ ਦੇ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ। ਜੇਕਰ ਮਾਇਆ ਨਗਰੀ ਵਿਚ ਸਾਰੇ ਰਿਸ਼ਤੇ ਮਾਇਆ ਦੁਆਲੇ ਘੁੰਮਦੇ ਸਨ, ਤਾਂ ਰਾਮ ਨਾਥ ਦੇ ਸ਼ਹਿਰ ਵਿਚ ਵੀ ਸਥਿਤੀ ਕੋਈ ਬਹੁਤੀ ਵੱਖਰੀ ਨਹੀਂ ਸੀ। ਆਪਣੇ ਸ਼ਹਿਰ ਦੀ ਸਿਫ਼ਤ ਕਰਦਾ ਹੋਇਆ ਰਾਮ ਨਾਥ ਕਹਿੰਦਾ ਹੈ: ''ਇਹੋ ਵਾਰਦਾਤ ਜੇਕਰ ਉਸਦੇ ਸ਼ਹਿਰ ਹੋਈ ਹੁੰਦੀ, ਤਾਂ ਇੱਕ ਵਕੀਲ ਦੇ ਭਾਣਜੇ ਦੇ ਕਾਤਲਾਂ ਦਾ ਕਿਸੇ ਨੇ ਵਕੀਲ ਨਹੀਂ ਸੀ ਬਣਨਾ। ਉਲਟਾ ਸਾਰੀ ਬਾਰ ਨੇ ਰਾਮ ਨਾਥ ਦੀ ਪਿੱਠ ਤੇ ਹੋਣਾ ਸੀ। ਸਾਰੇ ਅਹਿਲਕਾਰਾਂ ਨੇ ਰਾਮ ਨਾਥ ਦੇ ਕੰਮਾਂ ਨੂੰ ਆਪਣਾ ਕੰਮ ਸਮਝਣਾ ਸੀ। ਪੈਸਾ ਧੇਲਾ ਕਿਸੇ ਨੇ ਕੀ ਲੈਣਾ ਸੀ, ਉਲਟਾ ਲੋੜੀਂਦੇ ਕਾਗਜ਼ ਉਸਦੇ ਘਰ ਪੁੱਜਦੇ ਕਰਨੇ ਸਨ।'' ਸ਼ੁਰੂ ਸ਼ੁਰੂ ਵਿਚ ਹੋਇਆ ਵੀ ਇਸੇ ਤਰ੍ਹਾਂ: ''ਸ਼ਹਿਰ ਦਾ ਹਰ ਇਕ ਵਕੀਲ ਉਸਦੇ ਦੁੱਖ ਵਿਚ ਭਾਗੀਦਾਰ ਬਣਿਆ ਸੀ। ਦੁਖੀ ਪਰਿਵਾਰ ਦੇ ਦੁੱਖ ਵਿਚ ਸਾਂਝ ਪਾਉਣ ਲਈ ਮਤਾ ਪਾਸ ਕੀਤਾ ਗਿਆ ਸੀ। .. ਬਾਰ ਦਾ ਹਰ ਮੈਂਬਰ ਮਾਇਆ ਨਗਰੀ ਜਾ ਕੇ ਮੁਕੱਦਮੇ ਦੀ ਪੈਰਵਾਈ ਕਰਨ ਲਈ ਤਿਆਰ ਸੀ।''

ਪਰ ਇਸ ਵਾਰਦਾਤ ਤੋਂ ਕੁਝ ਦਿਨ ਬਾਅਦ ਹੀ ਸਥਿਤੀ ਬਦਲ ਗਈ: ''ਲਗਦਾ ਸੀ ਕਮਲ ਦੇ ਭੋਗ ਦੇ ਨਾਲ ਹੀ ਇਹਨਾਂ ਵਾਅਦਿਆਂ ਦਾ ਭੋਗ ਪੈ ਗਿਆ ਸੀ। ... ਕਿਹਰ ਸਿੰਘ ਨੇ ਗਵਾਹ ਭਗਤਾਉਣ ਅਤੇ ਬਹਿਸ ਕਰਨ ਦੀ ਫ਼ੀਸ ਮੰਗਣੀ ਸ਼ੁਰੂ ਕਰ ਦਿੱਤੀ ਸੀ। .. ਵਿਰੋਧੀ ਧਿਰ ਦੇ ਵਕੀਲ ਬਿਨਾਂ ਭੁਗਤੇ ਆਪਣੇ ਗਵਾਹਾਂ ਦਾ ਖ਼ਰਚਾ ਮੰਗਣ ਲੱਗ ਪਏ ਸਨ। ਹੋਰ ਤਾਂ ਹੋਰ ਰਾਮ ਨਾਥ ਦਾ ਆਪਣਾ ਮੁਨਸ਼ੀ ਗੱਦਾਰੀ ਕਰਨ ਲੱਗ ਪਿਆ ਸੀ। ਉਹ ਰਾਮ ਨਾਥ ਦੇ ਨਵੇਂ ਸਾਇਲਾਂ ਨੂੰ ਸੁਰਿੰਦਰ ਮੋਹਨ ਦੇ ਫੱਟੇ ਤੇ ਲਿਜਾਣ ਲੱਗਾ ਸੀ ਕਿਉਂਕਿ ਸੁਰਿੰਦਰ ਮੋਹਨ ਫੀਸ ਵਿਚੋਂ ਤੀਜਾ ਹਿੱਸਾ ਦਿੰਦਾ ਸੀ।'' ਜੇਕਰ ਮਾਇਆ ਨਗਰੀ ਵਿਚ ਸਾਰੇ ਰਿਸ਼ਤੇ ਮਾਇਆ ਦੁਆਲੇ ਘੁੰਮਦੇ ਸਨ। ਤਾਂ ਰਾਮ ਨਾਥ ਇੱਕ ਭੋਲੀ ਭਾਲੀ ਮਜ਼ਬੂਰ ਅਤੇ ਬੇ ਸਹਾਰਾ ਲੜਦੀ ਛਿੰਦੋ ਦਾ ਬਲਾਤਕਾਰ ਕਰਨ ਵਾਲੇ ਜਿੰਮੀਦਾਰਾਂ ਦੇ ਮੁੰਡੇ ਹਰਬੰਸ ਦਾ ਕੇਸ ਵੀ ਇਸ ਮਾਇਆ ਲਈ ਹੀ ਲੜਦਾ ਹੈ।

ਮਾਇਆ ਦਾ ਅਰਥ ਹੈ ਜਾਇਦਾਦ ਜੋ ਧਨ, ਦੌਲਤ, ਜ਼ਮੀਨ ਆਦਿ ਕਿਸੇ ਵੀ ਰੂਪ ਵਿਚ ਹੋ ਸਕਦੀ ਹੈ। ਇਹ ਹੈ ਕਿਸੇ ਵਿਅਕਤੀ ਦੁਆਰਾ ਧਨ ਦੌਲਤ, ਜ਼ਮੀਨ ਆਦਿ ਇਕੱਠੀ ਕਰਨ ਦੀ ਭਾਵਨਾ। ਨਿੱਜੀ ਜਾਇਦਾਦ ਇਕੱਤਰ ਕਰਨ ਦੀ ਭਾਵਨਾ। ਮਲਕੀਅਤ ਦੀ ਲਾਲਸਾ। ਇਹ ਨਹੀਂ ਕਿ ਇਹ ਭਾਵਨਾ ਕੇਵਲ ਮਾਇਆ ਨਗਰੀ ਦੇ ਲੋਕਾਂ ਵਿਚ ਹੀ ਹੈ। ਇਹ ਭਾਵਨਾ ਹਰ ਸਮਾਜ ਦੇ ਲੋਕਾਂ ਵਿਚ ਕੰਮ ਕਰਦੀ ਹੈ। ਇਸ ਦੀ ਵਿਰੋਧੀ ਭਾਈਚਾਰਕ ਸਹਿਯੋਗ ਦੀ ਭਾਵਨਾ ਵੀ ਹਰ ਸਮਾਜ ਵਿਚ ਪਾਈ ਜਾਂਦੀ ਹੈ। ਹਰ ਸਮਾਜ ਇਹਨਾ ਵਿਰੋਧੀ ਭਾਵਨਾਵਾਂ ਦੇ ਸੰਘਰਸ਼ ਦਾ ਅਖਾੜਾ ਰਿਹਾ ਹੈ। ਇਹ ਭਾਵਨਾਵਾਂ ਤਾਂ ਦਰਅਸਲ ਮਨੁੱਖ ਦੀਆਂ ਜਮਾਂਦਰੂ ਭਾਵਨਾਵਾਂ ਹੀ ਹਨ, ਫ਼ਰਕ ਸਿਰਫ਼ ਏਨਾ ਹੀ ਹੈ ਕਿ ਵੱਖੋ ਵੱਖਰੇ ਸਮਾਜਾਂ ਵਿਚ ਇਹ ਵੱਖੋ ਵੱਖਰੀ ਤਰ੍ਹਾਂ ਜਾਂ ਵੱਖੋ ਵੱਖਰੇ ਰੂਪਾਂ ਵਿਚ ਅਭਿਵਿਅਕਤ ਹੁੰਦੀਆਂ ਹਨ। ਮਨੁੱਖ ਵਿਚ ਇਹ ਕਦੋਂ, ਕਿਥੋਂ, ਕਿਵੇਂ ਅਤੇ ਕਿਉਂ ਆਈਆਂ, ਇਹ ਜਾਨਣਾ ਦਿਲਚਸਪ ਹੋਵੇਗਾ।

ਕੁਦਰਤੀ ਮਹੌਲ ਅੰਦਰ ਜੀਵ ਜੰਤੂ ਆਪਸ ਵਿਚੀਂ ਕਿਉਂ ਲੜਦੇ ਹਨ? ਖ਼ਾਸ ਕਰਕੇ ਕਿਸੇ ਇਕ ਜਾਤੀ ਦੇ ਜੀਵ ਆਪਸ ਵਿਚੀਂ ਕਿਉਂ ਲੜਦੇ ਹਲ? ਜਦੋਂ ਵੀ ਕਿਸੇ ਇੱਕ ਜਾਤੀ ਦੇ ਜੀਵ ਆਪਸ ਵਿਚ ਲੜਦੇ ਹਨ, ਤਾਂ ਦੋ ਕਾਰਨਾਂ ਵਿਚੋਂ ਕੋਈ ਇਕ ਕਾਰਨ ਜ਼ਰੂਰ ਹੁੰਦਾ ਹੈ? ਜਾਂ ਤਾਂ ਇਹ ਆਪਣੇ ਭਾਈਚਾਰੇ ਵਿਚ ਉੱਚਾ ਰੁਤਬਾ ਹਾਸਲ ਕਰਨ ਲਈ ਲੜਦੇ ਹਨ ਭਾਵ ਕਿ ਆਪਣੀ ਭਾਈਚਾਰਕ ਦਰਜਾਬੰਦੀ ਵਿਚ ਪ੍ਰਭੁਤਾ ਹਾਸਲ ਕਰਨ ਲਈ ਤੇ ਜਾਂ ਫੇਰ ਜ਼ਮੀਨ ਦੇ ਕਿਸੇ ਟੁਕੜੇ ਉੱਪਰ ਆਪਣਾ ਅਧਿਕਾਰ ਸਥਾਪਤ ਕਰਨ ਲਈ।

ਜੀਵ ਜੰਤੂਆਂ ਦੀਆਂ ਕਈ ਜਾਤੀਆਂ ਵਿਚ ਕੋਈ ਸਮਾਜਕ ਦਰਜਾਬੰਦੀ ਨਹੀਂ ਹੁੰਦੀ। ਉਸ ਜਾਤੀ ਦੇ ਜੀਵ ਕੇਵਲ ਆਪਣੀਆਂ ਖੇਤਰੀ ਹੱਦਬੰਦੀਆਂ ਸਥਾਪਤ ਕਰਨ ਲਈ ਹੀ ਸੰਘਰਸ਼ ਕਰਦੇ ਹਨ। ਇਸ ਦੇ ਉਲਟ ਜੀਵ ਜੰਤੂਆਂ ਦੀਆਂ ਉਹ ਜਾਤੀਆਂ ਵੀ ਹਨ ਜੋ ਖੇਤਰੀ ਹੱਦਬੰਦੀਆਂ ਸਥਾਪਤ ਨਹੀਂ ਕਰਦੀਆਂ। ਇਹਨਾ ਜਾਤੀਆਂ ਦੇ ਜੀਵ ਜੇਕਰ ਲੜਦੇ ਹਨ ਤਾਂ ਕੇਵਲ ਭਾਈਚਾਰਕ ਦਰਜਾਬੰਦੀ ਵਿਚ ਆਪਣਾ ਪ੍ਰਭੁਤਾਸ਼ਾਲੀ ਰੁਤਬਾ ਹਾਸਲ ਕਰਨ ਲਈ ਹੀ ਲੜਦੇ ਹਨ। ਪਰ ਕਈ ਜਾਤੀਆਂ ਅਜੇ ਹੀਆਂ ਵੀ ਹਨ ਜਿਹਨਾਂ ਨੂੰ ਇਹ ਦੋਨੋਂ ਕਿਸਮ ਦੇ ਸੰਘਰਸ਼ ਕਰਨੇ ਪੈਂਦੇ ਹਨ। ਪਹਿਲਾਂ

ਤਾਂ ਉਸ ਜਾਤੀ ਦੇ ਜੀਵ ਆਪਸੀ ਸਹਿਯੋਗ ਰਾਹੀਂ ਗਰੁੱਪਾਂ ਵਿਚ ਖੇਤਰੀ ਹੱਦਬੰਦੀਆਂ ਸਥਾਪਤ ਕਰਨ ਲਈ ਸੰਘਰਸ਼ ਕਰਦੇ ਹਨ ਅਤੇ ਫੇਰ ਆਪਣੇ ਉਸ ਗਰੁੱਪ ਅੰਦਰ ਪ੍ਰਭੁਤਾ ਲਈ ਸੰਘਰਸ਼ ਕਰਦੇ ਹਨ।

ਮਨੁੱਖ ਜਾਤੀ ਵੀ ਇਹਨਾ ਵਿਚੋਂ ਹੀ ਹੈ ਜਿਸਨੂੰ ਇਹ ਦੋਨੋ ਕਿਸਮ ਦੇ ਸੰਘਰਸ਼ ਕਰਨੇ ਪੈਂਦੇ ਹਨ। ਜੀਵ ਜੰਤੂਆਂ ਦੀਆਂ ਉਹਨਾ ਜਾਤੀਆਂ ਦੇ ਗਰੁੱਪ, ਜਿਸ ਵਿਚ ਮਨੁੱਖ ਜਾਤੀ ਵੀ ਸ਼ਾਮਲ ਹੈ, ਨੂੰ 'ਪਰਾਈਮੇਟਸ' ਆਖਦੇ ਹਨ। ਪਰਾਈਮੇਟ ਜਾਤੀਆਂ ਦੇ ਜੀਵ ਗਰੁੱਪਾਂ ਵਿਚ ਤਾਂ ਰਹਿੰਦੇ ਹਨ। ਇਸ ਲਈ ਖੇਤਰੀ ਹੱਦਬੰਦੀਆਂ ਸਥਾਪਤ ਕਰਨ ਦੀ ਕੋਈ ਮਸੌਸਿਆ ਨਹੀਂ। ਪਰ ਗਰੁੱਪ ਵਿਚ ਭਾਈਚਾਰਕ ਦਰਜਾਬੰਦੀ ਲਈ ਸੰਘਰਸ਼ ਚਲਦਾ ਰਹਿੰਦਾ ਹੈ। ਸਭ ਤੋਂ ਸ਼ਕਤੀਸ਼ਾਲੀ ਅਤੇ ਫੁਰਤੀਲਾ ਨਰ ਉਸ ਗਰੁੱਪ ਦਾ ਆਗੂ ਹੁੰਦਾ ਹੈ। ਉਸ ਦਾ ਵਿਵਹਾਰ ਇੱਕ ਜ਼ਾਲਮ ਰਾਜੇ ਵਰਗਾ ਹੁੰਦਾ ਹੈ। ਪਰ ਗਰੁੱਪ ਦੇ ਬਾਕੀ ਸਾਰੇ ਮੈਂਬਰ ਉਸ ਆਗੂ ਦੇ ਇਕੋ ਜੇਹੇ ਗੁਲਾਮ ਨਹੀਂ ਹੁੰਦੇ। ਸ਼ਕਤੀ ਅਤੇ ਸਮਰੱਥਾ ਮੁਤਾਬਕ ਦਰਜਾਬੰਧੀ ਵਿਚ ਬੱਝੇ ਹੁੰਦੇ ਹਨ। ਜਦੋਂ ਉਹ ਆਗੂ ਬੁੱਢਾ ਜਾਂ ਕਮਜ਼ੋਰ ਹੋ ਜਾਂਦਾ ਹੈ ਅਤੇ ਗਰੁੱਪ ਉੱਪਰ ਸੰਪੂਰਨ ਨਿਯੰਤਰਣ ਕਾਇਮ ਰੱਖਣ ਦੇ ਕਾਬਲ ਨਹੀਂ ਰਹਿ ਜਾਂਦਾ ਤਾਂ ਦੂਸਰਾ ਸ਼ਕਤੀਸ਼ਾਲੀ ਮੈਂਬਰ ਉਸਦੀ ਗਦੀ ਖੋਹ ਲੈਂਦਾ ਹੈ। ਸਾਰੇ ਪਰਾਈਮੇਟ ਆਗੂ ਇਸ ਤਰ੍ਹਾਂ ਦੇ ਜ਼ਾਲਮ ਨ੍ਹੀ ਹੁੰਦੇ। ਆਪਾਂ ਪਰਾਈਮੇਟ ਗਰੁੱਪ ਦੀ 'ਏਪ ਜਾਤੀ' ਜੋ ਮਨੁੱਖ ਜਾਤੀ ਦੇ ਸਭ ਤੋਂ ਨਜ਼ਦੀਕ ਹੈ, ਦੀ ਗੱਲ ਕਰ ਰਹੇ ਸੀ।

ਪਰ ਜਦੋਂ ਖੇਤੀਬਾੜੀ ਦੀ ਆਮਦ ਨਾਲ ਮਨੁੱਖੀ ਕਬੀਲੇ ਪੱਕੇ ਟਿਕਾਣੇ ਬਣਾ ਕੇ ਰਹਿਣ ਲੱਗੇ ਤਾਂ ਉਹਨਾਂ ਨੂੰ ਖੇਤੀਬਾੜੀ, ਸ਼ਿਕਾਰ, ਅਨਾਜ ਦੀ ਸੰਭਾਲ, ਬੱਚਿਆਂ ਦੇ ਪਾਲਣ ਪੋਸ਼ਣ ਆਦਿ ਲਈ ਆਪਸੀ ਸਹਿਯੋਗ ਦੀ ਆਵੱਸ਼ਕਤਾ ਪਈ। ਮਨੁੱਖ ਟੈਰੀਟੋਰੀਅਲ ਜੀਵ ਬਣ ਗਿਆ। ਉਸ ਉੱਪਰ ਆਪਣੇ ਖਿੱਤੇ ਦੀਆਂ ਹੱਦਬੰਦੀਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਆ ਪਈ। ਪਰ ਇਹ ਜ਼ਿੰਮੇਵਾਰੀ ਕਬੀਲੇ ਦੇ ਮੈਂਬਰਾਂ ਦੀ ਕੋਈ ਵਿਅਕਤੀਗਤ ਜ਼ਿੰਮੇਵਾਰੀ ਨ੍ਹੀ ਸੀ। ਕਬੀਲੇ ਦਾ ਖੇਤਰ ਸਾਂਝਾ ਹੋਣ ਕਾਰਨ ਸਾਰਾ ਕਬੀਲਾ ਆਪਸੀ ਸਹਿਯੋਗ ਨਾਲ ਇਸ ਖਿੱਤੇ ਦੀ ਸੁਰੱਖਿਆ ਕਰਦਾ ਸੀ। ਇਹ ਕਬੀਲੇ ਦੀ ਭਾਈਚਾਰਕ ਜ਼ਿੰਮੇਵਾਰੀ ਬਣ ਗਈ। ਇਹ ਭਾਈਚਾਰਕਤਾ ਆਪਸੀ ਸਹਿਯੋਗ ਉੱਪਰ ਟਿਕੀ ਹੋਈ ਸੀ। ਇਸ ਆਪਸੀ ਸਹਿਯੋਗ ਨੇ ਕਬੀਲੇ ਦੇ ਅੰਦਰਲੀ ਜ਼ਾਲਮ ਦਰਜਾਬੰਦੀ ਨੂੰ ਵੀ ਪ੍ਰਭਾਵਿਤ ਕਰਨਾ ਸੀ। ਸੋ ਭਾਈਚਾਰੇ ਦੀ ਸੁਰੱਖਿਆ ਲਈ ਸਾਰੇ ਮੈਂਬਰਾਂ ਦਾ ਸਹਿਯੋਗ ਪ੍ਰਾਪਤ ਕਰਨ ਵਾਸਤੇ ਮਨੁੱਖੀ ਕਬੀਲਿਆਂ ਨੂੰ ਪਰਾਈਮੇਟ ਜਾਤੀ ਸਮੂੰਹ ਤੋਂ ਵਿਰਸੇ ਵਿਚ ਪ੍ਰਾਪਤ ਜ਼ਾਲਮ ਦਰਜਾਬੰਦੀ ਤਬਦੀਲ ਕਰਨੀ ਪਈ।

ਇਸ ਤਰ੍ਹਾਂ ਜ਼ਾਲਮ ਦਰਜਾਬੰਦੀ ਦੀ ਵਿਅਕਤੀਗਤ ਭਾਵਨਾ ਜੋ ਪ੍ਰਤੀਯੋਗ ਉੱਪਰ ਟਿਕੀ ਹੋਈ ਹੈ ਅਤੇ ਸਮਾਜਕ ਏਕਤਾ ਦੀ ਭਾਈਚਾਰਕ ਭਾਵਨਾ ਜੋ ਆਪਸੀ ਸਹਿਯੋਗ ਉਪਰ ਟਿਕੀ ਹੋਈ ਹੈ, ਮੁੱਢ ਕਦੀਮ ਤੋਂ ਹੀ ਮਨੁੱਖ ਦੇ ਅੰਦਰ ਮੌਜੂਦ ਹਨ, ਸਥਾਨਕ / ਇਤਿਹਾਸਕ ਪ੍ਰਸਥਿਤੀਆਂ ਮੁਤਾਬਕ ਇਕ ਦੂਸਰੇ ਉੱਪਰ ਪ੍ਰਸਪਰ ਪ੍ਰਭਾਵ ਜਾਂ ਸੰਘਰਸ਼ ਰਾਹੀਂ ਵੰਨ ਸਵੰਨੀਆਂ ਸਮਾਜ-ਆਰਥਕ-ਰਾਜਨੀਤਕ ਸੰਗਠਨਕਾਰੀਆਂ ਨੂੰ ਜਨਮ ਦਿੰਦੀਆਂ ਹਨ। ਸੋ ਮਾਨਵ ਇਤਿਹਾਸ ਪਿੱਛੇ ਕੋਈ ਤਰਕ ਨਹੀਂ। ਵਿਅਕਤੀਵਾਦ ਅਤੇ ਭਾਈਚਾਰਕਤਾ ਜਾਂ ਪ੍ਰਤਿਯੋਗ ਅਤੇ ਸਹਿਯੋਗ ਵਿਚਲੇ ਰਾਜਨੀਤਕ ਸੰਘਰਸ਼ ਦੀ ਲਗਾਤਾਰਤਾ ਹੀ ਕੰਮ ਕਰ ਰਹੀ ਹੈ। ਸਾਡੇ ਭਵਿੱਖ ਦਾ ਨਿਰਮਾਣ ਵੀ, ਇਸ ਲਈ ਸਾਡੀ ਕਿਸੇ ਤਾਰਕਿਕ ਯੋਜਨਾ ਜਾਂ ਚਾਹਤ ਭਰੇ ਸੁਪਨੇ ਵਿਚੋਂ ਨਹੀਂ, ਇਸ ਰਾਜਨੀਤਕ ਸੰਘਰਸ਼ ਰਾਹੀਂ ਹੀ ਹੋਣਾ ਹੈ। ਵਿਅਕਤੀਗਤ ਵਖਰੇਵਿਆਂ ਦੀ ਸਮਾਨੰਤਰਤਾ, ਆਜ਼ਾਦੀ ਅਤੇ ਪ੍ਰਤਿਯੋਗਤਾ ਉੱਪਰ ਅਧਾਰਿਤ ਉਦਾਰਵਾਦੀ ਭਾਵਨਾ ਅਤੇ ਭਾਈਚਾਰਕ ਏਕਤਾ ਦੀ ਬਰਾਬਰੀ ਅਤੇ ਸਹਿਯੋਗ ਉੱਪਰ ਅਧਾਰਿਤ ਜਮਹੂਰੀ ਭਾਵਨਾ ਵਿਚਕਾਰ ਇਸ ਰਾਜਨੀਤਕ ਸੰਘਰਸ਼ ਦੀ ਅਮੁੱਕ ਨਿਰੰਤਰਤਾ ਵਿਚੋਂ।

ਇਹ ਤਾਂ ਆਪਾਂ ਦੇਖ ਹੀ ਚੁੱਕੇ ਹਾਂ ਕਿ ਇਸ ਨਾਵਲ ਵਿਚ ਜੋ ਸਮਾਜਕ ਰਿਸ਼ਤਿਆਂ ਅਤੇ ਭਾਈਚਾਰਕ ਪਰੰਪਰਾਵਾਂ ਦੀ ਗਿਰਾਵਟ ਅਤੇ ਰਾਜਸੀ ਸੰਸਥਾਵਾਂ ਦੀ ਭ੍ਰਿਸ਼ਟ ਅਮਾਨਵੀ ਅਤੇ ਲੋਟੂ ਸਥਿਤੀ ਪੇਸ਼ ਕੀਤੀ ਗਈ ਹੈ, ਉਸ ਪਿੱਛੇ ਭਾਈਚਾਰਕ ਏਕਤਾ ਦੀ ਬਰਾਬਰੀ ਅਤੇ ਸਹਿਯੋਗ ਉੱਪਰ ਅਧਾਰਿਤ ਜਮਹੂਰੀ ਭਾਵਨਾ ਦੀ ਗੈਰਹਾਜ਼ਰੀ ਕੰਮ ਕਰ ਰਹੀ ਹੈ।

ਬਿਮਾਰੀ ਅਤੇ ਬਿਮਾਰੀ ਦੇ ਕਾਰਨਾ ਨੂੰ ਲੱਭ ਲੈਣਾ ਹੀ ਬਹੁਤ ਨਹੀਂ ਹੁੰਦਾ। ਬਿਮਾਰੀ ਦਾ ਇਲਾਜ ਵੀ ਕਰਨਾ ਹੁੰਦਾ ਹੈ। ਡਾ. ਟੀ.ਆਰ.ਵਿਨੋਦ ਅਨੁਸਾਰ ਨਾਵਲ ਕੌਰਵ ਸਭਾ ਵਿਚ ਦਸ਼ਾ ਦਾ ਦਰੁਸਤ ਵਰਣਨ ਤਾਂ ਕੀਤਾ ਗਿਆ ਹੈ, ਪਰ ਦਿਸ਼ਾ ਦਾ ਸਵਾਲ ਨਹੀਂ ਉਠਾਇਆ ਗਿਆ। ਪਰ ਉਹਨਾ ਦਾ ਇਹ ਵੀ ਮੱਤ ਹੈ ਕਿ ''ਜੇ ਦਸ਼ਾ ਦਾ ਦਰੁਸਤ ਵਰਣਨ ਕੀਤਾ ਹੋਵੇ ਤਾਂ ਉਸਦੇ ਸਮਾਧਾਨ ਦੀ ਵੀ ਟੋਹ ਮਿਲ ਜਾਂਦੀ ਹੈ।'' ਨਾਵਲ ਵਿਚੋਂ ਦਿਸ਼ਾ ਦੀ ਕਿਹੋ ਜੇਹੀ ਟੋਹ ਮਿਲਦੀ ਹੈ, ਹੁਣ ਆਪਾਂ ਇਹ ਦੇਖਣ ਦਾ ਯਤਨ ਕਰਾਂਗੇ।

ਪਹਿਲੀ ਗੱਲ ਤਾਂ ਇਹ ਕਿ ਇਸ ਨਾਵਲ ਵਿਚ ਦਸ਼ਾ ਦੇ ਹੱਲ ਲਈ ਕੋਈ ਪੂਰਵ-ਨਿਰਧਾਰਿਤ ਆਦਰਸ਼ ਚਿੱਤਰ ਪੇਸ਼ ਨਹੀਂ ਕੀਤਾ ਗਿਆ। ਉਦਾਹਰਣ ਦੇ ਤੌਰ ਤੇ ਇਹ ਨਹੀਂ ਆਖਿਆ ਗਿਆ ਕਿ ਕੋਈ ਸਮਾਜਵਾਦੀ ਜਾਂ ਦੂਸਰਾ ਸਰਵ ਸੰਮਿਲਤ ਇਨਕਲਾਬ ਹੀ ਇਸ ਸਾਰੇ ਵਿਗਾੜ ਦਾ ਇੱਕੋ ਇੱਕ ਹੱਲ ਹੈ। ਕਿਸੇ ਅਜੇਹੇ ਸਰਵ ਸੰਮਿਲਤ ਹੱਲ ਦੀ ਗੈਰ ਮੌਜੂਦਗੀ ਵਿਚ ਲੋਕਾਂ ਵੱਲੋਂ ਆਪਣੀ ਸਮਾਜਕ/ਆਰਥਕ/ਰਾਜਨੀਤਕ ਪਰਾਧੀਨਤਾ, ਬੇਇਨਸਾਫ਼ੀ ਜਾਂ ਸ਼ੋਸ਼ਣ ਵਿਰੁੱਧ ਜਮਹੂਰੀ ਸੰਘਰਸ਼ ਦਾ ਰਾਹ ਬੰਦ ਨਹੀਂ ਕੀਤਾ ਗਿਆ। ਉਦਾਹਰਣ ਦੇ ਤੌਰ ਤੇ ਇਸ ਨਾਵਲ ਵਿਚ ਇਸ਼ਾਰੇ ਮਾਤਰ ਪੇਸ਼ ਹੋਣ ਵਾਲੇ ਵਿਦਿਆਰਥੀ ਸੰਘਰਸ਼, ਮਾਨਵ ਅਧਿਕਾਰ ਸੰਘਰਸ਼, ਵਿਕਟਮ ਵੈਲਫ਼ੇਅਰ ਸੰਘਰਸ਼, ਪਰਵਾਸੀ ਮਜ਼ਦੂਰ ਸੰਘਰਸ਼ ਅਤੇ ਨਾਰੀ ਸੰਘਰਸ਼ ਇਸੇ ਰਾਹ ਵੱਲ ਇਸ਼ਾਰਾ ਕਰਦੇ ਹਨ। ਇਹ ਸਮਾਨੰਤਰ ਜਮਹੂਰੀ ਸੰਘਰਸ਼ ਹਨ ਜੋ ਸਮਾਜ ਨੂੰ ਅਧਿਕੇਂਦ੍ਰਿਤ ਤਾਨਾਸ਼ਾਹੀ ਜਾਂ ਫਾਸ਼ੀਵਾਦ ਤੋਂ ਦੂਰ ਰੱਖਦੇ ਹਨ।

ਏਥੇ ਦੋ ਗੱਲਾਂ ਧਿਆਨ ਦੇਣ ਯੋਗ ਹਨ। ਪਹਿਲੀ ਗੱਲ ਤਾਂ ਇਹ ਕਿ ਵਿਭਿੰਨ

ਕਿਸਮ ਦੇ ਵਿਤਕਰਿਆਂ ਨੂੰ ਕੋਈ ਸਾਂਝਾ ਪਾਰਗਾਮੀ ਆਧਾਰ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਉਦਾਹਰਣ ਦੇ ਤੌਰ ਤੇ ਮਾਇਆ ਨਗਰੀ ਵਿਚ ਪਰਵਾਸੀ ਮਜ਼ਦੂਰਾਂ ਦੇ ਸ਼ੋਸ਼ਣ ਅਤੇ ਪੰਕਜ ਹੋਰਾਂ ਦੇ ਪਰਿਵਾਰ ਵਿਚ ਮਾਇਆ ਦੇਵੀ (ਔਰਤ) ਦੀ ਪਰਾਧੀਨ ਸਥਿਤੀ ਨੂੰ ਕਿਸੇ ਸਾਂਝੇ ਆਧਾਰ ਨਾਲ ਜੋੜਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਤਰ੍ਹਾਂ ਇਹ ਨਾਵਲ 'ਕੌਰਵ ਸਭਾ' ਜਮਹੂਰੀ ਸੰਘਰਸ਼ ਨੂੰ ਸਮਾਜ ਦੇ ਵਿਭਿੰਨ ਖੇਤਰਾਂ ਵਿਚ ਆਸਾਨੀ ਨਾਲ ਫੈਲਾਅ ਦਿੰਦਾ ਹੈ। ਦੂਸਰੀ ਗੱਲ ਇਹ ਕਿ 'ਲੋਕ ਭਲਾਈ' ਦੇ ਮੁੱਦੇ ਤੇ ਲੋਕਾਂ ਦੀਆਂ ਵਿਰੋਧੀ ਸੋਚਾਂ ਨੂੰ ਸਮਾਨੰਤਰ ਰੂਪ ਵਿਚ ਪੇਸ਼ ਕਰਕੇ ਕੋਈ ਸਰਬਸੰਮਤੀ ਸਥਾਪਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸਗੋਂ ਇਹਨਾਂ ਵਿਰੋਧੀ ਸੋਚਾਂ ਦੇ ਟਕਰਾਅ ਨੂੰ ਬਹੁਵਾਦੀ ਜਮਹੂਰੀਅਤ ਦਾ ਆਧਾਰ ਬਣਾਇਆ ਗਿਆ ਹੈ। ਉਦਾਹਰਣ ਦੇ ਤੌਰ ਤੇ ਇਸ ਨਾਵਲ ਵਿਚ ਮਾਨਵ ਅਧਿਕਾਰ ਸੰਗਠਨਾਂ ਅਤੇ ਵਿਕਟਮ ਵੈਲਫੇਅਰ ਸੁਸਾਇਟੀ ਦੀਆਂ ਅਦਾਲਤੀ ਇਨਸਾਫ਼ ਬਾਰੇ ਸਮਾਨੰਤਰ ਵਿਰੋਧੀ ਧਾਰਨਾਵਾਂ ਵਿਚਕਾਰ ਜਮਹੂਰੀ ਟਕਰਾਅ/ਸੰਘਰਸ਼, ਇਸ ਨਾਵਲ ਵਿਚ ਪੇਸ਼ ਦਸ਼ਾ ਦੇ ਹੱਲ ਦੀ ਦਿਸ਼ਾ ਨੂੰ ਬਹੁਵਾਦੀ ਜਮਹੂਰੀ ਸੰਘਰਸ਼ ਦੇ ਰੂਪ ਵਿਚ ਪੇਸ਼ ਕਰਕੇ ਸਪਸ਼ਟ ਕਰ ਦਿੰਦਾ ਹੈ।

ਮਾਨਵ ਅਧਿਕਾਰ ਸੰਗਠਨਾਂ ਅਤੇ ਵਿਕਟਮ ਵੈਲ਼ਫੇਅਰ ਸੁਸਾਇਟੀ ਦੀਆਂ ਅਦਾਲਤੀ ਇਨਸਾਫ਼ ਬਾਰੇ ਇਹ ਵੱਖੋ ਵੱਖਰੀਆਂ ਵਿਰੋਧੀ ਸੋਚਾਂ ਦਰਅਸਲ ਉਦਾਰਵਾਦ ਦੀ ਦੇਣ ਹਨ। ਉਦਾਰਵਾਦ ਇਹ ਸੋਚ ਕੇ ਚੱਲਦਾ ਹੈ ਕਿ ਹਰ ਇਕ ਵਿਅਕਤੀ ਕੋਲ ਆਪਣੀ ਜ਼ਿੰਦਗੀ ਨੂੰ ਆਪਣੀ ਇੱਛਾ ਅਨੁਸਾਰ ਆਪਣੇ ਢੰਗ ਨਾਲ ਵਿਵਸਥਿਤ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਹਿਸਾਬ ਨਾਲ ਹਰ ਇਕ ਵਿਅਕਤੀ ਨੂੰ ਸਮਾਜਕ ਭਲਾਈ ਜਾਂ ਇਨਸਾਫ਼ ਵਰਗੇ ਮਸਲਿਆਂ ਉੱਪਰ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਵੀ ਹੋਣੀ ਚਾਹੀਦੀ ਹੈ। ਇਸ ਲਾਵਲ ਵਿਚ ਹਰੀਸ਼ ਰਾਏ ਨੂੰ ਗਿਲਾ ਹੈ ਕਿ ਸਾਡੀਆਂ ਅਦਾਲਤਾਂ ਮੁਲਜ਼ਮਾਂ ਨਾਲ ਰਿਆਇਤ ਕਰਕੇ ਜ਼ੁਰਮ ਨੂੰ ਉਤਸ਼ਾਹਿਤ ਕਰਦੀਆਂ ਹਨ। ਇਸ ਲਈ ਉਹ ਅਦਾਲਤਾਂ ਦੇ ਮੁਲਜ਼ਮ ਪੱਖੀ ਕਾਨੂੰਨ ਵਿਰੁੱਧ ਸੰਘਰਸ਼ ਕਰਦਾ ਹੈ। ਪਰ ਦੂਸਰੇ ਪਾਸੇ ਮਾਨਵ ਅਧਿਕਾਰ ਸੰਗਠਨ ਮੁਲਜ਼ਮਾ ਦੇ ਮਾਨਵੀ ਅਧਿਕਾਰਾਂ ਅਤੇ ਬੇਹਤਰ ਜੀਵਨ ਸਹੂਲਤਾਂ ਲਈ ਇਸ ਲਈ ਸੰਘਰਸ਼ ਕਰਦੇ ਹਨ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਸਟੇਟ ਆਪਣੇ ਕਾਨੂੰਨ ਰਾਹੀਂ ਉਹਨਾ ਨਿਰਦੋਸ਼ ਵਿਅਕਤੀਆਂ ਦੇ ਸਿਰ ਵੀ ਅਪਰਾਧ ਮੜ੍ਹ ਦਿੰਦੀ ਹੈ ਜੋ ਸਟੇਟ ਦੁਆਰਾ ਕੀਤੇ ਜਾ ਰਹੇ ਸਮਾਜਕ ਵਿਤਕਰਿਆਂ ਦਾ ਵਿਰੋਧ ਕਰਦੇ ਹਨ।

ਦੋਨਾਂ ਧਿਰਾਂ ਦੀ ਆਪੋ ਆਪਣੀ ਸਮਾਨੰਤਰ ਸੋਚ ਹੈ। ਇਹਨਾ ਵਿਚੋਂ ਕਿਸੇ ਇੱਕ ਸੋਚ ਨੂੰ ਸਹੀ ਮੰਨ ਕੇ ਦੂਸਰੀ ਨੂੰ ਰੱਦ ਕਰ ਦੇਣਾ ਸਰਾਸਰ ਗਲਤ ਹੋਵੇਗਾ। ਇਕ ਫਾਸ਼ੀ ਬਿਰਤੀ ਵਾਲੀ ਗੱਲ ਹੋਵੇਗੀ। ਸੋ ਉਦਾਰਵਾਦ ਦੀ ਇਸ ਬਹੁਵਾਦੀ ਸੋਚ ਰਾਹੀਂ ਸਾਡਾ ਨਿਰਵਿਵਾਦ ਕਿਸਮ ਦੀ ਸੰਪੂਰਨ ਸਹਿਮਤੀ ਅਤੇ ਸਾਂਝੀ ਸਮੂਹਿਕ ਇੱਛਾ ਵਰਗੇ ਖ਼ਤਰਨਾਕ ਫਾਸ਼ੀ ਸੁਪਨੇ ਤੋਂ ਖਹਿੜਾ ਛੁੱਟ ਜਾਂਦਾ ਹੈ। ਵੱਖੋ ਵੱਖਰੀਆਂ ਧਿਰਾਂ ਦੇ ਸਮਾਜਕ ਨਿਆਂ ਜਾਂ ਭਲਾਈ ਵਰਗੇ ਸਾਂਝੇ ਮਸਲੇ ਤੇ ਵੱਖੋ ਵੱਖਰੇ ਵਿਚਾਰ ਜਾਂ ਵਿਰੋਧੀ ਵਿਚਾਰ, ਨਤੀਜੇ ਵਜੋਂ ਬਹੁਵਾਦੀ ਸੰਘਰਸ਼ ਵਿਚ ਢਲ ਜਾਂਦੇ ਹਨ। ਇਸ ਲਈ ਜਮਹੂਰੀਅਤ ਦਾ ਬਹੁਵਾਦੀ ਹੋਣਾ ਜ਼ਰੂਰੀ ਹੋ ਜਾਂਦਾ ਹੈ। ਦਰਅਸਲ ਬਹੁਵਾਦ ਤੋਂ ਬਿਨਾ ਜਮਹੂਰੀਅਤ ਅਤੇ ਜਮਹੂਰੀਅਤ ਤੋਂ ਬਿਨਾ ਬਹੁਵਾਦ ਦੋਨੋ ਖ਼ਤਰਨਾਕ ਹਨ।

ਜਮਹੂਰੀਅਤ ਦੀ ਗੈਰਹਾਜ਼ਰੀ ਵਿਚ ਬਹੁਵਾਦ ਨੰਗੇ ਚਿੱਟੇ ਵਿਅਕਤੀਵਾਦ ਵਿਚ ਸੰਕੁਚਿਤ ਹੋ ਕੇ ਰਹਿ ਜਾਂਦਾ ਹੈ। ਉਦਾਰਵਾਦ ਦਾ ਵਿਅਕਤੀਵਾਦ ਤਾਂ ਦਰਅਸਲ, ਜਮਹੂਰੀਅਤ ਨਾਲ ਜੁੜ ਕੇ ਹੀ ਬਹੁਵਾਦੀ ਸੰਘਰਸ਼ ਨੂੰ ਜਨਮ ਦਿੰਦਾ ਹੈ। ਜਮਹੂਰੀ ਸੰਘਰਸ਼ ਦੀ ਗੈਰ ਹਾਜ਼ਰੀ ਵਿਚ ਉਦਾਰਵਾਦ ਮਨੁੱਖੀ ਅਧਿਕਾਰਾਂ ਤੇ ਆ ਕੇ ਰੁਕ ਜਾਂਦਾ ਹੈ। ਲੋਕਾਂ ਦੇ ਜਾਨ ਮਾਲ ਦੀ ਰੱਖਿਆ ਤੱਕ ਸੀਮਤ ਹੋ ਜਾਂਦਾ ਹੈ। ਉਦਾਰਵਾਦੀ ਸੋਚ ਅਨੁਸਾਰ ਨਾਗਰਿਕ ਮਨੁੱਖ ਦੇ ਸਰਬ ਵਿਆਪਕ ਅਧਿਕਾਰਾਂ ਦੇ ਵਾਹਕ ਦਾ ਹੀ ਦੂਸਰਾ ਨਾਮ ਹੈ। ਸੋ ਇਸ ਤਰ੍ਹਾਂ ਉਦਾਰਵਾਦੀ ਸੋਚ ਅਨੁਸਾਰ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਹੀ ਸਮਾਜ ਦੀ ਇਕੋ ਇਕ ਸਮੂਹਿਕ ਜ਼ਿੰਮੇਵਾਰੀ ਰਹਿ ਜਾਂਦੀ ਹੈ। ਚਾਹੇ ਉਹ ਕਬੀਲੇ ਦਾ ਸਰਦਾਰ ਹੋਵੇ, ਚਾਹੇ ਰਾਜਾ ਤੇ ਚਾਹੇ ਜਮਹੂਰੀ ਸਰਕਾਰ, ਉਸਦੀ ਜ਼ਿੰਮੇਵਾਰੀ ਕੇਵਲ ਆਪਣੇ ਨਾਗਰਿਕਾਂ ਦੇ ਸਰਬ ਵਿਆਪਕ ਅਧਿਕਾਰਾਂ ਦੀ ਰਾਖੀ ਕਰਨਾ ਹੀ ਹੈ। ਕੋਈ ਵੀ ਵਿਅਕਤੀ ਆਪਣੇ ਅਧਿਕਾਰਾਂ ਲਈ ਆਪਣੇ ਸਮਾਜ (ਰਾਜ) ਉੱਪਰ ਤਾਂ ਨਿਰਭਰ ਕਰਦਾ ਹੈ, ਪਰ ਸਮਾਜ (ਰਾਜ) ਇਹਨਾ ਅਧਿਕਾਰਾਂ ਦੀ ਨਿਸ਼ਾਨਦੇਹੀ ਜਾਂ ਵਿਆਖਿਆ ਲਈ ਵਿਅਕਤੀ ਉੱਪਰ ਨਿਰਭਰ ਨਹੀਂ ਕਰਦਾ।

ਸੋ ਇਸ ਲਿਬਰਲ ਸੋਚ ਅਨੁਸਾਰ ਸਮਾਜਕ ਭਾਈਚਾਰਾ ਸਮੂਹਿਕ ਤੌਰ ਤੇ ਆਪਣੇ ਮੈਂਬਰ ਵਿਅਕਤੀਆਂ ਭਾਵ ਨਾਗਰਿਕਾਂ ਦੇ ਨਿੱਜੀ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਉਹਨਾ ਦੇ ਜਾਨ ਮਾਲ ਦੀ ਰੱਖਿਆ ਕਰਦਾ ਹੈ। ਉਹਨਾ ਦੀਆਂ ਸ਼ਹਿਰੀ ਆਜ਼ਾਦੀਆਂ ਦੀ ਰੱਖਿਆ ਕਰਦਾ ਹੈ। ਪਰ ਇਹਨਾ ਅਧਿਕਾਰਾਂ ਲਈ ਉਸ ਨੂੰ ਜਿਸ ਸਟੇਟ ਉੱਪਰ ਨਿਰਭਰ ਕਰਨਾ ਪੈਂਦਾ ਹੈ, ਭਾਵ ਕਿ ਸਟੇਟ ਦੀ ਜਿਸ ਰਾਜਨੀਤੀ ਰਾਹੀਂ ਇਸ ਦੇ ਨਾਗਰਿਕਾਂ ਨੂੰ ਅਧਿਕਾਰ ਪ੍ਰਾਪਤ ਹੁੰਦੇ ਹਨ, ਉਸ ਰਾਜਨੀਤੀ ਦੀ ਸਿਰਜਣਾ ਵਿਚ ਇਹਨਾ ਨਾਗਰਿਕਾਂ ਦੀ ਕੋਈ ਸਰਗਰਮ ਭਾਗੀਦਾਰੀ ਨਹੀਂ ਹੁੰਦੀ। ਇਕ ਉਦਾਸੀਨ ਅਤੇ ਪਰਾਧੀਨ ਭਾਗੀਦਾਰੀ ਹੁੰਦੀ ਹੈ ਜਿਸ ਰਾਹੀਂ ਉਹ ਇਸ ਤੋਂ ਆਪਣੇ ਅਧਿਕਾਰ ਪ੍ਰਾਪਤ ਕਰਦੇ ਹਨ। ਅਜੇਹੇ ਅਧਿਕਾਰਾਂ ਦੀ ਚੋਣ ਅਤੇ ਸਿਰਜਣਾ ਵਿਚ ਉਹਨਾ ਦਾ ਕੋਈ ਰੋਲ ਨਹੀਂ ਹੁੰਦਾ।

ਅਜੋਕੇ ਉਦਾਰ ਜਮਹੂਰੀ ਦੌਰ ਵਿਚ ਵੀ ਅਸੀਂ ਆਪਣੇ ਸਮਾਜਕ ਭਾਈਚਾਰੇ ਦੀ ਹੋਣੀ ਨ੍ਹੀ ਘੜਦੇ, ਇਸਦੀਆਂ ਨੀਤੀਆਂ ਦੀ ਘਾੜਤ ਵਿਚ ਸਾਡੀ ਕੋਈ ਭਾਗੀਦਾਰੀ ਨਹੀਂ ਹੁੰਦੀ, ਅਸੀਂ ਤਾਂ ਅਜੇਹੀਆਂ ਨੀਤੀਆਂ ਘੜਨ ਵਾਲੇ ਪਤਵੰਤਿਆਂ ਦੀ ਚੋਣ ਵਿਚ ਇਕ ਸੀਮਤ ਜਿਹਾ ਰੋਲ ਹੀ ਅਦਾ ਕਰਦੇ ਹਾਂ। ਇਸ ਨਾਵਲ ਵਿਚ ਆਪਣਾ ਮਹੱਤਵ ਗੁਆ ਚੁੱਕੇ ਬਰਤਾਨਵੀ ਸਾਮਰਾਜ ਵੇਲੇ ਦੇ ਅਜੇਹੇ ਕਾਨੂੰਨਾਂ ਦਾ ਜ਼ਿਕਰ ਹੈ ਜਿਹਨਾਂ ਤੋਂ ਸਾਰੀ ਜਨਤਾ ਤੰਗ ਹੈ, ਪਰ ਅਜੇਹੇ ਕਾਨੂੰਨਾਂ ਨੂੰ ਬਦਲਣ ਵਿਚ ਉਹ ਪੂਰੀ ਤਰ੍ਹਾਂ ਅਸਮਰੱਥ ਹੈ। ਕਾਨੂੰਨ ਸਰਕਾਰ ਨੇ ਬਦਲਣਾ ਹੈ, ਸਰਕਾਰ ਅਫ਼ਸਰਸ਼ਾਹੀ ਉਪਰ ਨਿਰਭਰ ਕਰਦੀ ਹੈ, ਅਫ਼ਸਰਸ਼ਾਹੀ ਦੇ ਕੰਨ ਤੇ ਜੂੰ ਨਹੀਂ ਸਰਕਦੀ, ਕਿਉਂਕਿ ਅਜੇਹੇ

ਕਾਨੂੰਨਾਂ ਦੇ ਜਾਰੀ ਰਹਿਣ ਵਿਚ ਉਸ ਦੇ ਆਪਣੇ ਨਿੱਜੀ ਹਿੱਤ ਹਨ। ਇਸ ਲਈ ਹਰ ਕੋਈ ਆਪਣੇ ਆਪ ਨੂੰ ਬੇਬੱਸ ਪਾਉਂਦਾ ਹੋਇਆ, ਆਪਣੀ ਫਸੀ ਨਬੇੜਨ ਦੀ ਗੱਲ ਕਰਦਾ ਹੈ। ਇਸੇ ਲਈ ਰਾਮ ਨਾਥ ਆਖਦਾ ਹੈ : ''ਕਾਨੂੰਨ ਪਤਾ ਨਹੀਂ ਕਦੋਂ ਬਦਲੇਗਾ? ਆਪਾਂ ਆਪਣੀ ਬਣੀ ਅੱਜ ਨਿਬੇੜਨੀ ਹੈ।''

ਆਪਾਂ ਸਭ ਜਾਣਦੇ ਹਾਂ ਕਿ ਪਰਾਚੀਨ ਯੂਨਾਨ ਵਿਚ ਆਪਣੇ ਸਮਾਜਕ ਭਾਈਚਾਰੇ ਦੀ ਸਰਕਾਰ ਚਲਾਉਣ ਵਿਚ ਉਸਦੇ ਨਾਗਰਿਕਾਂ ਦੀ ਬੜੀ ਸਰਗਰਮ ਭਾਗੀਦਾਰੀ ਹੁੰਦੀ ਸੀ। ਇਹ ਸਰਗਰਮ ਭਾਗੀਦਾਰੀ ਰੋਮਨ ਸਾਮਰਾਜ ਵੇਲੇ ਸ਼ਾਇਦ ਇਸ ਲਈ ਖ਼ਤਮ ਹੋ ਗਈ ਸੀ ਕਿਉਂਕਿ ਰੋਮਨ ਸਾਮਰਾਜ ਦੁਆਰਾ ਫ਼ਤਹਿ ਕੀਤੇ ਰਾਜਾਂ ਦੇ ਲੋਕ ਜੋ ਰੋਮਨ ਸਾਮਰਾਜ ਦਾ ਹਿੱਸਾ ਬਣ ਕੇ ਰੋਮਨ ਸਾਮਰਾਜ ਦੇ ਹੀ ਨਾਗਕਿ ਬਣ ਚੁੱਕੇ ਸਨ, ਨੂੰ ਰੋਮਨ ਸਾਮਰਾਜ ਦੀਆਂ ਨੀਤੀਆਂ ਦੇ ਫ਼ੈਸਲੇ ਕਰਨ ਲਈ ਭਾਗੀਦਾਰ ਨਹੀਂ ਸੀ ਬਣਾਇਆ ਜਾ ਸਕਦਾ। ਏਨੇ ਲੋਕਾਂ ਨੂੰ ਸਰਕਾਰੀ ਕਾਰ ਵਿਹਾਰ ਵਿਚ ਸ਼ਾਮਲ ਕਰਨਾ ਵੈਸੇ ਵੀ ਸੰਭਵ ਨਹੀਂ ਸੀ।

ਇਹ ਠੀਕ ਹੈ ਕਿ ਰੋਮਨ ਸਾਮਰਾਜ ਦੇ ਏਨੇ ਲੋਕਾਂ ਨੂੰ ਖ਼ਾਸ ਕਰਕੇ ਜਿੱਤੇ ਹੋਏ ਮੁਲਕਾਂ ਦੇ ਲੋਕਾਂ ਨੂੰ ਸਾਮਰਾਜੀ ਫ਼ੈਸਲਿਆਂ ਵਿਚ ਸ਼ਾਮਲ ਨਹੀਂ ਸੀ ਕੀਤਾ ਜਾ ਸਕਦਾ, ਪਰ ਰਾਜ ਦੇ ਇਹ ਸਰਗਰਮ ਭਾਗੀਦਾਰ, ਰਾਜ ਤੋਂ ਆਪਣੇ ਅਧਿਕਾਰਾਂ ਦੀ ਭੀਖ ਪ੍ਰਾਪਤ ਕਰਨ ਵਾਲੇ ਉਦਾਸੀਨ ਨਾਗਰਿਕ ਕਿਵੇਂ ਬਣ ਗਏ? ਰਾਜ ਦੇ ਭਾਗੀਦਾਰ ਰਾਜ ਦੀ ਸ਼ਰਨ ਵਿਚ ਕਿਵੇਂ ਆਏ? ਇਸ ਸਬੰਧ ਵਿਚ ਦੋ ਪਰਿਵਰਤਨ ਦੇਖਣ ਵਾਲੇ ਹਨ। ਪਹਿਲਾ ਹੈ ਪੁਰਾਤਨ ਯੂਨਾਨ ਦਾ ਮੱਧਕਾਲੀ ਯੋਰਪ ਵਿਚ ਪਰਿਵਰਤਨ। ਅਰਸਤੂ ਦੇ ਵਿਚਾਰਾਂ ਦਾ ਸੰਤ ਅਗਸਤੀਨ ਦੇ ਵਿਚਾਰਾਂ ਵਿਚ ਰੂਪਾਂਤਰਣ। ਅਰਸਤੂ ਨੇ ਸਮਾਜਕ ਭਾਈਚਾਰੇ ਵਿਚ ਸਾਰੇ ਮਰਦਾਂ ਨੂੰ ਬਰਾਬਰ ਦੀ ਅਹਿਮੀਅਤ ਦਿੱਤੀ। ਪਰ ਇਸਦੇ ਨਾਲ ਹੀ ਉਸਨੇ ਨਿਰਭਰ ਅਤੇ ਪਰਾਧੀਨ ਲੋਕਾਂ ਨੂੰ ਅਲੱਗ ਕਰਕੇ ਇਹਨਾ ਦੀ ਨਿਚਲੇ ਦਰਜੇ ਦੀ ਇਕ ਅਲੱਗ ਸ਼੍ਰੇਣੀ ਬਣਾ ਦਿੱਤੀ। ਇਸ ਨਿਚਲੀ ਸ਼੍ਰੇਣੀ ਵਿਚ ਔਰਤਾਂ, ਬੱਚੇ, ਸਿਖਿਆਰਥੀ ਅਤੇ ਗੁਲਾਮ ਸ਼ਾਮਲ ਸਨ ਜਿਹਨਾ ਨੂੰ ਸਮਾਜਕ ਭਾਈਚਾਰੇ ਦੇ ਮਸਲਿਆਂ ਵਿਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਸੀ। ਅਜੇਹੇ ਮਸਲਿਆਂ ਉੱਪਰ ਇਹਨਾਂ ਨੂੰ ਬੋਲਣ ਦਾ ਨਹੀਂ ਕੇਵਲ ਸੁਣਨ ਦਾ ਹੀ ਅਧਿਕਾਰ ਸੀ।

ਇਸਾਈ ਮੱਤ ਨੇ ਨਿਰਪੇਖ ਸੰਪੂਰਨਤਾਵਾਦ ਰਾਹੀਂ ਨਾਗਰਿਕਤਾ ਦੀ ਇਹ ਪੁਰਾਤਨ ਧਾਰਨਾ ਹੀ ਤਬਦੀਲ ਕਰ ਦਿੱਤੀ। ਸੰਤ ਅਗਸਤੀਨ ਅਨੁਸਾਰ ਸਰਵ ਸੱਤਾਧਾਰੀ ਪ੍ਰਮਾਤਮਾ ਅੱਗੇ ਸਭ ਲੋਕ ਬਰਾਬਰ ਹਨ। ਸਭ ਲੋਕ ਉਸਦੀ ਇੱਛਾ ਦੇ ਇਕੋ ਜੇਹੇ ਗੁਲਾਮ ਹਨ। ਸਰਵਸੱਤਾ ਸੰਪੰਨ ਪਰਮਾਤਮਾ ਜਾਂ ਹੁਕਮਰਾਨ ਅੱਗੇ ਲੋਕਾਂ ਦੀ ਬਰਾਬਰ ਦੀ ਗੁਲਾਮੀ ਹੀ ਉਹਨਾਂ ਦੀ ਨਾਗਰਿਕਤਾ ਦੀ ਪਹਿਚਾਣ ਬਣ ਗਈ। ਹੁਣ ਲੋਕਾਂ ਨੇ ਇਕ ਅਜੇਹੇ ਪਾਰਗਾਮੀ ਕਾਨੂੰਨ ਦਾ ਸਾਹਮਣਾ ਕਰਨਾ ਸੀ ਜੋ ਪਹਿਲਾਂ ਦੀ ਤਰ੍ਹਾਂ ਕਿਸੇ ਬਾਹਰੀ ਵਖਰੇਵਿਆਂ (ਜਿਵੇਂ ਕਿ ਮਰਦ ਔਰਤ ਜਾਂ ਮਾਲਕ ਗੁਲਾਮ ਵਿਚਲੇ ਵਖਰੇਵਿਆਂ) ਉਪਰ ਨਹੀਂ ਸਗੋਂ ਪਰਮਾਤਮਾ ਦੀ ਇੱਛਾ, ਜੋ ਮਨੁੱਖ ਦੀ ਆਤਮਾ ਦੀ ਆਵਾਜ਼ ਦੇ ਰੂਪ ਵਿਚ ਪੇਸ਼ ਹੋਈ, ਉੱਪਰ ਅਧਾਰਿਤ ਸੀ। ਇਹ ਆਤਮਾ ਦੀ ਆਵਾਜ਼ ਹੀ ਕਾਨੂੰਨ ਸੀ ਜਿਸਦੀ ਪਾਲਣਾ ਕਰਨਾ, ਹਰ ਬੰਦੇ ਲਈ ਲਾਜ਼ਮੀ ਹੋ ਗਿਆ।

ਦੋਨਾਂ ਵਿਚ ਇਕ ਬਹੁਤ ਹੀ ਮਹੱਤਵਪੂਰਨ ਅੰਤਰ ਹੈ। ਯੂਨਾਨੀ ਮਰਦ ਨਾਗਰਿਕ ਇਕ ਆਜ਼ਾਦ ਨਾਗਰਿਕ ਸੀ ਜਿਸਦੀ ਆਜ਼ਾਦੀ ਅਤੇ ਬਰਾਬਰੀ ਦੂਸਰੇ ਲੋਕਾਂ (ਔਰਤ, ਬੱਚੇ, ਗੁਲਾਮ ਆਦਿ) ਦੀ ਪਰਾਧੀਨਤਾ ਉੱਪਰ ਟਿਕੀ ਹੋਈ ਸੀ। ਪਰ ਉਹ ਖ਼ੁਦ ਕਿਸੇ ਦਾ ਗੁਲਾਮ ਨਹੀਂ ਸੀ। ਇਸ ਦੇ ਮੁਕਾਬਲੇ ਈਸਾਈ ਮਨੁੱਖ ਦੀ ਨਾਗਰਿਕਤਾ, ਉਸ ਦੀ ਆਜ਼ਾਦੀ ਉੱਪਰ ਨਹੀਂ, ਸਗੋਂ ਉਸਦੀ ਪਰਮਾਤਮਾ ਅਤੇ ਸਰਵਸੱਤਾ ਸੰਪੰਨ ਹੁਕਮਰਾਨ ਦੀ ਗੁਲਾਮਦਾਰੀ ਉੱਪਰ ਟਿਕੀ ਹੋਈ ਸੀ। ਹੁਣ ਉਹ ਕਾਨੂੰਨ ਬਨਾਉਣ ਵਾਲਾ ਆਜ਼ਾਦ ਨਾਗਰਿਕ ਨਹੀਂ, ਪਾਰਗਾਮੀ ਕਾਨੂੰਨ ਦੀ ਪਾਲਣਾ ਕਰਨ ਵਾਲਾ ਉਦਾਸੀਨ ਗੁਲਾਮ ਸੀ। ਹੁਣ ਉਹ ਰਾਜ ਦਾ ਭਾਗੀਦਾਰ ਨਹੀਂ, ਪਰਮਾਤਮਾ ਅਤੇ ਸਰਵਸੱਤਾ ਸੰਪੰਨ ਹੁਕਮਰਾਨ ਦਾ ਦੋਹਰਾ ਗੁਲਾਮ ਸੀ। ਇਸ ਗੁਲਾਮੀ ਬਦਲੇ ਉਸਨੂੰ ਆਪਣੇ ਜਾਨ ਮਾਲ ਦੀ ਰੱਖਿਆ ਦਾ ਵਾਅਦਾ ਮਿਲਦਾ ਸੀ।

ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਰਾਹੀਂ, ਫਰਾਂਸ ਦੇ ਇਨਕਲਾਬ ਨੇ ਰਾਜ ਦੇ ਭਾਗੀਦਾਰਾਂ ਨੂੰ ਰਾਜ ਦੀ ਸ਼ਰਨ ਵਿਚ ਲਿਆਉਣ ਲਈ ਈਸਾਈ ਮੱਤ ਤੋਂ ਬਾਅਦ ਦੂਸਰੀ ਵੱਡੀ ਤਬਦੀਲੀ ਲਿਆਂਦੀ। ਮਨੁੱਖੀ ਅਧਿਕਾਰਾਂ ਦੀ ਇਸ ਘੋਸ਼ਣਾ ਨੇ ਲੋਕਾਂ ਦੀ ਇਸ ਦੋਹਰੀ ਗੁਲਾਮੀ ਨੂੰ ਖ਼ਤਮ ਕਰ ਦਿੱਤਾ। ਹੁਣ ਉਸਦੀ ਬਰਾਬਰੀ ਉੱਪਰ ਅਧਾਰਿਤ ਨਾਗਰਿਕਤਾ ਉਸਦੀ ਪਰਮਾਤਮਾ ਅਤੇ ਸਰਵਸੱਤਾ ਸੰਪੰਨ ਹੁਕਮਰਾਨ ਦੀ ਦੋਹਰੀ ਗੁਲਾਮੀ ਉੱਪਰ ਨਹੀਂ, ਉਸਦੇ ਹੱਕਾਂ ਉੱਪਰ ਟਿਕੀ ਹੋਈ ਸੀ। ਹੁਣ ਉਹ ਕਿਸੇ ਦੀ ਪਰਜਾ ਨਹੀਂ, ਸਹੀ ਅਰਥਾਂ ਵਿਚ ਨਾਗਰਿਕ ਸੀ। ਹੁਣ ਉਹ ਗੁਲਾਮ ਨਾਗਰਿਕ ਨਹੀਂ, ਆਜ਼ਾਦ ਨਾਗਰਿਕ ਸੀ। ਆਪਣੇ ਰਾਜ ਦੀ ਚੋਣ ਕਰਨ ਵਾਲਾ ਨਾਗਰਿਕ। ਲੋਕਾਂ ਦੁਆਰਾ ਸਥਾਪਤ ਰਾਜ ਉਹਨਾ ਦੇ ਜਾਨ ਮਾਲ ਅਤੇ ਸ਼ਹਿਰੀ ਹੱਕਾਂ ਦਾ ਪਹਿਰੇ ਦਾਰ ਬਣ ਗਿਆ। ਇਸ ਤਰ੍ਹਾਂ ਅਸੀਂ ਉਦਾਰ ਜਮਹੂਰੀਅਤ ਤੱਕ ਦਾ ਸਫ਼ਰ ਤਹਿ ਕੀਤਾ। ਇੱਕ ਅਜੇਹੀ ਉਦਾਰ ਜਮਹੂਰੀਅਤ ਜਿੱਥੇ ਸਾਡੀ ਗੁਲਾਮੀ ਤਾਂ ਖ਼ਤਮ ਹੋ ਜਾਂਦੀ ਹੈ, ਜਿੱਥੇ ਸਾਨੂੰ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਪ੍ਰਮਾਤਮਾ ਜਾਂ ਸਰਵਸੱਤਾ ਸੰਪੰਨ ਕਾਨੂੰਨ ਦੀ ਗੁਲਾਮੀ ਕਰਨ ਦੀ ਵੀ ਕੋਈ ਜ਼ਰੂਰਤ ਨਹੀਂ ਰਹਿੰਦੀ, ਪਰ ਅਸੀਂ ਕਾਨੂੰਨ ਬਨਾਉਣ ਵਾਲੇ ਨਾਗਰਿਕ ਨਹੀਂ, ਕਾਨੂੰਨ ਬਨਾਉਣ ਵਾਲੇ ਹਾਕਮਾਂ ਦੀ ਚੋਣ ਕਰਨ ਵਾਲੇ ਅਧੂਰੇ ਨਾਗਰਿਕ ਹੀ ਬਣ ਸਕੇ ਹਾਂ।

ਸੋ ਉਦਾਰਵਾਦ ਵਿਅਕਤੀ ਦੇ ਸਰਬਸਾਂਝੇ ਅਧਿਕਾਰਾਂ ਉੱਪਰ ਟਿਕਿਆ ਹੋਇਆ ਹੈ। ਰਾਜਸੱਤਾ ਦੁਆਰਾ ਲਾਗੂ ਕੀਤੇ ਜਾਣ ਵਾਲਾ ਕਾਨੂੰਨ ਇਹਨਾ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਵਿਅਕਤੀ ਦੇ ਇਹ ਸੰਵਿਧਾਨਕ ਅਧਿਕਾਰ ਇਸ ਤਰ੍ਹਾਂ ਸਮਾਜਕ ਭਾਈਚਾਰੇ ਦੀ ਸਮੂਹਿਕ ਜ਼ਿੰਮੇਵਾਰੀ ਬਣ ਜਾਂਦੇ ਹਨ। ਸੋ ਵਿਅਕਤੀ ਆਪਣੇ ਅਧਿਕਾਰਾਂ ਲਈ ਰਾਜ ਸੱਤਾ/ਕਾਨੂੰਨ/ਸਮਾਜਕ ਭਾਈਚਾਰੇ ਉਪਰ ਨਿਰਭਰ ਕਰਦਾ ਹੈ। ਪਰ ਇਸ ਦੇ ਉਲਟ ਰਾਜਸੱਤਾ/ਕਾਨੂੰਨ/ਸਮਾਜਕ ਭਾਈਚਾਰਾ ਵਿਅਕਤੀ ਉੱਪਰ ਨਿਰਭਰ ਨਹੀਂ ਕਰਦਾ। ਕਹਿਣ ਤੋਂ ਭਾਵ ਹੈ ਕਿ ਸਮਾਜਕ ਭਲਾਈ, ਸਮਾਜਕ ਕਦਰਾਂ ਕੀਮਤਾਂ,

ਸਮਾਜਕ ਅਨੁਸਾਸ਼ਨ, ਸਮਾਜਕ ਪ੍ਰਤੀਮਾਨਾਂ ਆਦਿ ਦੇ ਨਿਰਮਾਣ ਵਿਚ ਵਿਅਕਤੀ ਜਾਂ ਆਮ ਲੋਕਾਂ ਦੀ ਕੋਈ ਮਹੱਤਵਪੂਰਣ ਭੂਮਿਕਾ ਨਹੀਂ ਹੁੰਦੀ। ਵਿਅਕਤੀ ਆਪਸੀ ਸਹਿਯੋਗ/ਪ੍ਰਤਿਯੋਗ ਰਾਹੀਂ ਇਹਨਾਂ ਦਾ ਨਿਰਮਾਣ ਨਹੀਂ ਕਰਦੇ।

ਇਹ ਆਪਸੀ ਸਹਿਯੋਗ ਕੇਵਲ ਪੈਦਾਵਾਰੀ ਵਾਧੇ ਵਾਸਤੇ ਕਿਰਤ ਦੀ ਵੰਡ ਲਈ ਹੀ ਕੰਮ ਆਉਂਦਾ ਹੈ। ਸਮਾਜਕ ਭਲਾਈ ਦੀਆਂ ਪਾਲਸੀਆਂ, ਪ੍ਰੋਗਰਾਮ, ਪ੍ਰਤੀਮਾਨ ਆਦਿ ਸਥਾਪਤ ਕਰਨ ਲਈ ਨਹੀਂ। ਇਸ ਤਰ੍ਹਾਂ ਸਮਾਜਕ ਭਾਈਚਾਰੇ ਦਾ ਕੋਈ ਰਾਜਨੀਤਕ ਮਹੱਤਵ ਹੀ ਨਹੀਂ ਰਹਿ ਜਾਂਦਾ। ਆਪਣੇ ਮੈਂਬਰ ਵਿਅਕਤੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਿਚ ਵੀ ਅਸਮਰੱਥ ਹੋ ਜਾਂਦਾ ਹੈ। ਸਮਾਜਕ ਭਾਈਚਾਰੇ ਕੋਲ ਤਾਂ ਇਹ ਦੱਸਣ ਦਾ ਵੀ ਅਧਿਕਾਰ ਨਹੀਂ ਰਹਿ ਜਾਂਦਾ ਕਿ ਉਸ ਦੀ ਭਲਾਈ ਕਿਸ ਗੱਲ ਵਿਚ ਹੈ। ਸੋ ਇਸ ਤਰ੍ਹਾਂ ਉਦਾਰਵਾਦ ਸਮਾਜਕ ਜੀਵ ਨੂੰ ਵਿਅਕਤੀਗਤ ਜੀਵ ਬਣਾ ਦਿੰਦਾ ਹੈ। ਵਿਅਕਤੀ ਨੂੰ ਉਸਦੇ ਸਮਾਜਕ ਅਤੇ ਭਾਈਚਾਰਕ ਸੰਦਰਭ ਵਿਚੋਂ ਬਾਹਰ ਕੱਢ ਕੇ ਵਿਅਕਤੀਗਤ ਪ੍ਰਾਪਤੀਆਂ ਦੇ ਰਾਹ ਪਾ ਦਿੰਦਾ ਹੈ। ਨਾਗਰਿਕਤਾ ਵਿਅਕਤੀਵਾਦ ਦੀ ਬਲੀ ਚੜ੍ਹ ਜਾਂਦੀ ਹੈ।

ਇਸ ਦੇ ਉਲਟ ਦੂਸਰੇ ਪਾਸੇ ਬਹੁਵਾਦ ਦੀ ਗੈਰਹਾਜ਼ਰੀ ਵਿਚ ਸਮਾਜਕ ਭਲਾਈ ਦੀ ਕਿਸੇ ਸਰਬੰਗੀ ਧਾਰਨਾ ਦੇ ਆਧਾਰ ਉੱਪਰ ਉਸਰੀ ਸੁਤੰਤਰ ਭਾਈਚਾਰੇ ਦੀ ਗਣਤੰਤਰੀ ਵਿਚਾਰਧਾਰਾ ਕਈ ਤਰ੍ਹਾਂ ਦੇ ਲੋਕਾਂ ਦੀ ਵਰਜਨਾਂ ਉੱਪਰ ਟਿਕੀ ਹੁੰਦੀ ਹੈ ਜਿਵੇਂ ਕਿ ਯੂਨਾਨੀ ਗਣਤੰਤਰ ਔਰਤਾਂ ਬੱਚਿਆਂ ਅਤੇ ਗੁਲਾਮਾਂ ਦੀ ਵਰਜਨਾਂ ਉੱਪਰ ਟਿਕੇ ਹੋਏ ਸਨ। ਗਣਤੰਤਰ ਦੀ ਧਾਰਨਾ ਪੂਰਵ-ਆਧੁਨਿਕ ਤਾਂ ਹੈ ਹੀ ਜਿਸ ਕਰਕੇ ਰੱਦ ਕੀਤੀ ਜਾਣੀ ਚਾਹੀਦੀ ਹੈ, ਪਰ ਇਸ ਦੇ ਨਾਲ ਨਾਲ ਇਹ ਆਧੁਨਿਕ ਜਮਹੂਰੀਅਤ ਦੀ ਸਿਰਜਣਾ ਕਰਨ ਵਾਲੇ ਬਹੁਵਾਦ ਦੇ ਵੀ ਅਨੁਰੂਪ ਨਹੀਂ ਹੈ। ਬਹੁਵਾਦ ਦੀ ਗੈਰਹਾਜ਼ਰੀ ਵਿਚ ਸਮਾਜਕ ਭਾਈਚਾਰਕਤਾ ਉੱਪਰ ਉਸਰਿਆ ਗਣਤੰਤਰ ਫਾਸ਼ੀ ਬਿਰਤੀ ਵਾਲਾ ਹੋਵੇਗਾ। ਸੋ ਜਿਵੇਂ ਕਿ ਆਪਾਂ ਪਹਿਲਾਂ ਗੱਲ ਕਰਕੇ ਆਏ ਹਾਂ ਕਿ ਬਹੁਵਾਦੀ ਸਿਆਸਤ ਦੀ ਸ਼ਮੂਲੀਅਤ ਬਿਨਾ ਕਿਸੇ ਸਮਾਜਕ ਭਲਾਈ ਦੀ ਇਕ ਧਾਰਨਾ, ਜੋ ਬਹੁਤ ਸਾਰੇ ਲੋਕਾਂ ਦੇ ਵਿਚਾਰਾਂ ਦੀ ਵਰਜਣਾ ਉੱਪਰ ਟਿਕੀ ਹੁੰਦੀ ਹੈ, ਨੂੰ ਸਾਂਝੀ ਸਮੂਹਿਕ ਇੱਛਾ ਦੇ ਰੂਪ ਵਿਚ ਪੇਸ਼ ਕਰਨਾ ਇਕ ਫਾਸ਼ੀ ਪ੍ਰੋਗਰਾਮ ਹੈ ਜਿਸਨੂੰ ਰੱਦ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਹ ਨਾਗਰਿਕ ਦੁਆਰਾ ਵਿਅਕਤੀਗਤ ਆਜ਼ਾਦੀ ਦੀ ਬਲੀ ਲੈਣ ਬਰਾਬਰ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕਿਸੇ ਅਜੇਹੀ ਕ੍ਰਾਂਤੀਕਾਰੀ ਬਹੁਵਾਦੀ ਜਮਹੂਰੀਅਤ ਦਾ ਨਿਰਮਾਣ ਕਿੰਞ ਕਰਨਾ ਹੈ ਜਿੱਥੇ ਨਾ ਤਾਂ ਨਾਗਰਿਕਤਾ ਵਿਅਕਤੀਵਾਦ ਦੀ ਬਲੀ ਚੜ੍ਹੇ ਅਤੇ ਨਾ ਹੀ ਵਿਅਕਤੀਗਤ ਆਜ਼ਾਦੀ ਨਾਗਰਿਕਤਾ ਤੋਂ ਕੁਰਬਾਨ ਕੀਤੀ ਜਾਵੇ। ਇਹ ਸੁਤੰਤਰਤਾ ਅਤੇ ਬਰਾਬਰੀ ਉੱਪਰ ਅਧਾਰਿਕ ਜਮਹੂਰੀ ਨਾਗਰਿਕ ਦੇ ਨਿਰਮਾਣ ਦੀ ਗੱਲ ਹੈ। ਸੁਆਲ ਹੈ ਕਿ ਵਿਲੱਖਣ ਕਿਸਮ ਦੀਆਂ ਵਿਅਕਤੀਗਤ ਧਾਰਨਾਵਾਂ ਵਾਲੇ ਲੋਕਾਂ ਨੂੰ ਇੱਕ ਸਾਂਝੀ ਭਾਈਚਾਰਕਤਾ ਵਿਚ ਕਿਵੇਂ ਬੰਨਿਆ ਜਾਵੇ?

ਵੰਨ ਸਵੰਨੀ ਤਰ੍ਹਾਂ ਦੇ ਲੋਕਾਂ ਦੀਆਂ ਇਹਨਾ ਸਮਾਨੰਤਰ ਅਤੇ ਵਿਪਰੀਤ ਧਾਰਨਾਵਾਂ ਦੀ ਬਲੀ ਦਿੱਤੇ ਬਿਨਾ ਇਹਨਾ ਲੋਕਾਂ ਦੀ ਭਾਈਚਾਰਕਤਾ ਦਾ ਅਰਥ ਹੈ ਕਿ ਇਕ ਅਜੇਹੇ ਰਾਜਨੀਤਕ ਸਮਾਜ ਦੀ ਸਿਰਜਣਾ ਕਰਨਾ ਜਿਸ ਵਿਚ ਇਹ ਵੰਨ ਸਵੰਨੀਆਂ ਧਾਰਨਾਵਾਂ ਆਪਣੀ ਸਮਾਨੰਤਰ ਹੋਂਦ ਬਣਾਈ ਰੱਖਣ ਲਈ ਆਜ਼ਾਦ ਹੋਣ। ਪਰ ਸਭ ਤੋਂ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਇਹ ਆਜ਼ਾਦੀ ਪ੍ਰਾਪਤ ਕਰਨ ਵਾਲੀ ਨਹੀਂ, ਸੰਘਰਸ਼ ਰਾਹੀਂ ਆਜ਼ਾਦੀ ਦੀ ਤਾਂਘ ਨਾਲ ਜੁੜ੍ਹੇ ਰਹਿਣ ਵਾਲੀ ਗੱਲ ਹੈ।

ਸੋ ਇਸ ਸੁਆਲ ਦਾ ਜੁਆਬ ਕਿ ਬਹੁਵਾਦੀ ਜਮਹੂਰੀਅਤ ਦਾ ਨਿਰਮਾਣ ਕਿੰਞ ਕਰਨਾ ਹੈ ਦਾ ਜੁਆਬ ਹੈ ਸਮਾਜਕ ਭਲਾਈ ਦੀਆਂ ਸਮਾਨੰਤਰ ਅਤੇ ਵਿਪਰੀਤ ਕਿਸਮ ਦੀਆਂ ਧਾਰਨਾਵਾਂ ਦੇ ਆਪਸੀ ਸੰਘਰਸ਼ ਰਾਹੀਂ। ਮੌਜੂਦਾ ਸਰਵ ਸੰਮਿਲਤ ਸੋਚ ਨੂੰ ਵਿਰੋਧੀ ਸੋਚਾਂ ਦੀ ਸਮਾਨੰਤਰਤਾ ਵਿਚ ਰੂਪਾਂਤਰਿਤ ਕਰਕੇ ਇਹਨਾ ਸੋਚਾਂ ਦਾ ਟਕਰਾਅ ਪੈਦਾ ਕਰਨਾ। ਜਦੋਂ ਕਿ ਪਰੰਪਰਾਗਤ ਮਾਰਕਸਵਸਦੀ ਸੰਘਰਸ਼ ਸਮਾਜ ਦੇ ਇਕ ਸਰਬ ਸਾਂਝੇ ਆਦਰਸ਼ ਚਿੱਤਰ (ਸਮਾਜਵਾਦ) ਦੀ ਕਲਪਨਾ ਕਰਕੇ ਸਭਨਾ ਧਿਰਾਂ ਨੂੰ ਉਸਦੀ ਪ੍ਰਾਪਤੀ ਲਈ ਕਾਰਜਸ਼ੀਲ ਕਰਦਾ ਸੀ। ਓਥੇ ਇਹ ਬਹੁਵਾਦੀ ਜਮਹੂਰੀ ਸੰਘਰਸ਼ ਸਮਾਜ ਦੇ ਕਿਸੇ ਅਜੇਹੇ ਸਰਬਸਾਂਝੇ ਆਦਰਸ਼ ਚਿੱਤਰ ਦੀ ਕਲਪਨਾ ਨਹੀਂ ਕਰਦਾ, ਸਮਾਜ ਦੇ ਹਰ ਖੇਤਰ ਵਿਚ ਜਮਹੂਰੀ ਸੰਘਰਸ਼ ਦੇ ਵਿਸਤਾਰ ਰਾਹੀਂ ਹਰ ਕਿਸਮ ਦੀ ਪਰਾਧੀਨਤਾ ਵਿਰੁੱਧ ਨਿਰੰਤਰ ਕਾਰਜਸ਼ੀਲ ਰਹਿੰਦਾ ਹੈ। ਮਾਰਕਸਵਾਦੀ ਚਿੰਤਕ ਲੈਕਲਊ ਅਤੇ ਮੱਫੇ ਅਨੁਸਾਰ ਇਹ ਕ੍ਰਾਂਤੀਕਾਰੀ ਬਹੁਵਾਦੀ ਜਮਹੂਰੀ ਸੰਘਰਸ਼ ਹੀ ਹੈ ਜੋ ਖੱਬੇ ਪੱਖੀ ਸ਼ਕਤੀਆਂ ਨੂੰ ਉਹਨਾ ਦਾ ਖੁੱਸਿਆ ਹੋਇਆ ਏਜੰਡਾ ਵਾਪਿਸ ਦਵਾ ਸਕਦਾ ਹੈ। ਵੈਸੇ ਵੀ ਸਮਾਜ ਦੇ ਨਿਰਮਾਣ ਲਈ ਬਹੁਵਾਦੀ ਜਮਹੂਰੀਅਤ ਦੀ ਇਹ ਧਾਰਨਾ ਕਿ ਸਾਰੇ ਲੋਕ ਆਜ਼ਾਦ ਅਤੇ ਬਰਾਬਰ ਹਨ, ਨਾਲੋਂ ਕੋਈ ਹੋਰ ਵਧੀਆ ਧਾਰਨਾ ਲੱਭਣੀ ਮੁਸ਼ਕਲ ਵੀ ਹੈ। ਨਵ ਉਦਾਰਵਾਦ, ਰਾਜਨੀਤਕ ਉਦਾਸੀਨਤਾ, ਲਾਲ ਫੀਤਾਸ਼ਾਹੀ, ਕਮੌਡੀਫਿਕੇਸ਼ਨ, ਮੈਸੀਫਿਕੇਸ਼ਨ, ਫਾਸ਼ੀਵਾਦ ਆਦਿ ਵਿਰੁੱਧ ਸੰਘਰਸ਼ ਦੇ ਰੂਪ ਵਿਚ ਇਕ ਕ੍ਰਾਂਤੀਕਾਰੀ ਲਹਿਰ ਤਾਂ ਇਹ ਨਾਵਲ ਨਹੀਂ ਉਸਾਰਦਾ, ਪਰ ਇਸ ਲਹਿਰ ਦੇ ਜਿਵੇਂ ਕਿ ਆਪਾਂ ਉੱਪਰ ਦੇਖ ਆਏ ਹਾਂ ਸਪਸ਼ਟ ਸੰਕੇਤ ਜ਼ਰੂਰ ਦੇ ਦਿੰਦਾ ਹੈ। ਦਰਅਸਲ ਜਿਵੇਂ ਕਿ ਡਾ. ਟੀ.ਆਰ.ਵਿਨੋਦ ਲਿਖਦੇ ਹਨ, ਇਸ ਨਾਵਲ ਵਿਚੋਂ ਸਾਨੂੰ ਕ੍ਰਾਂਤੀਕਾਰੀ ਬਹੁਵਾਦੀ ਜਮਹੂਰੀ ਲਹਿਰ ਦੀ ਉਹ ਟੋਹ ਜ਼ਰੂਰ ਮਿਲਦੀ ਹੈ ਜੋ ਨਾਵਲ ਵਿਚ ਵਰਣਿਤ ਦਸ਼ਾ ਦੇ ਸਮਾਧਾਨ ਦੀ ਦਿਸ਼ਾ ਹੈ।